ੴ

ਮਾਸਿਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥


# ਸੂਰਾ

ਲੁਧਿਆਣਾ

MONTHLY **SURA** LUDHIANA

## ਖਾਲਸੇ ਦੀ ਜਨਮ - ਭੂਮੀ

ਅਪ੍ਰੈਲ ੧੯੯੫



APRIL 1995

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ

3 ਰੁਪਏ

www.AKJ.Org

ਤੱਤਕਰਾ


| | |
|---|---|
| ੧ ਮੇਰੈ ਮਨ ਸ਼ਬਦ ਲਾਗੋ ਗੁਰ ਮੀਠਾ | ੧ |
| ੨ ਅਰਥ ਵਿਆਖਿਆ | ੨ |
| ੩ ਦੁਲੇਸ਼ਵਰ ਵੀਰ ਹੀਰਾ ਹਰਿਬਚਨ | ੩ |
| ੪ ਮਾਮੂਲੀ ਜਲ ਤੇ ਨਾਮੁ ਅੰਮ੍ਰਿਤ ਜਲ | ੬ |
| ੫ ਅੰਮ੍ਰਿਤ ਦੀ ਮੰਗ (ਕਵਿਤਾ) | ੭ |
| ੬ ਰਹਿਤ ਪਿਆਰੀ ਮੋਹਿ ਕੋ | ੮ |
| ੭ ਸਾਬਤ ਸੂਰਤ ਸਿਰ ਦਸਤਾਰ (ਕਵਿਤਾ) | ੯ |
| ੮ ਗੁਰਸਿਖ-ਰਹਿਤ | ੯ |
| ੯ ਆਓ ਆਪਣੇ ਜਨਮ ਦਿਨ ਤੇ ਲੇਖਾ ਜੋਖਾ ਕਰੀਏ | ੧੦ |
| ੧੦ ਖਾਲਸੇ ਦੀ ਲੋੜ (ਕਵਿਤਾ) | ੧੧ |
| ੧੧ ਨਾਨਕ ਨਿਰਮਲ ਪੰਥ ਚਲਾਇਆ | ੧੨ |
| ੧੨ ਪੰਥ ਦੀ ਚੜ੍ਹਦੀ ਕਲਾ ਦਾ ਤੱਤ ਗੁਰਮਤਿ ਭੇਦ | ੧੪ |
| ੧੩ ਪੰਜੋ ਪੰਜ | ੧੭ |
| ੧੫ ਖਾਲਸਾ ਕਾਜ਼ੀ ਨੂਰ ਮੁਹੰਮਦ ਦੀਆਂ ਨਜ਼ਰਾਂ ਵਿਚ | ੨੦ |
| ੧੬ ਸੇਈ ਪਿਆਰੇ ਮੇਲ | ੨੧ |
| ੧੭ ਦੇਸ ਫਿਰਿਓ ਕਰਿ ਭੇਸ ਤਪੋਧਨ | ੨੩ |
| ੧੮ ਆਰਤ, ਆਰਤੀ ਤੇ ਆਰਤੀ | ੨੪ |
| ੧੯ ਆਪੇ ਗੁਰ ਚੇਲਾ | ੨੭ |
| ੨੦ ਗੁਰ ਕੇ ਲੰਗਰ ਵਿਚ ਮਾਸ | ੩੦ |
| ੨੧ ਅੰਮ੍ਰਿਤ ਦੀ ਬਰਕਤ | ੩੦ |
| ੨੨ ਬਖਸ਼ਿਸ਼ | ੩੧ |
| ੨੩ ਸਦਾ ਸਿਮਰਨ (ਕਵਿਤਾ) | ੩੩ |
| ੨੪ ਬੱਚਿਆਂ ਲਈ ਸਵਾਲਾਂ ਦੇ ਜਵਾਬ | ੩੩ |
| ੨੫ ਬ੍ਰਾਹਮਣਵਾਦੀ ਸਿੱਖਾਂ ਦੀ ਦੇਣ | ੩੪ |
| ੨੬ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਤੇ ਇੱਕ ਨਜ਼ਰ | ੩੬ |
| ੨੭ ਬਾਪੂ ਜੀ ਤੇ ਬੱਚੇ | ੩੭ |


## ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ 300 ਰੁ: ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ 50/, 100 150/, ਇਤਿਆਦੀ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ 'ਸੂਰਾ' ਦਫਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

ਸੰਪਾਦਕ

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

1. ਲੁਧਿਆਣਾ- 1. ਮੁੱਖ ਦਫਤਰ "ਸੂਰਾ"-ਕੋਠੀ ਨੰਬਰ ੧੨. ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
   2. ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਉਨ ਲੁਧਿਆਣਾ।
2. ਜਲੰਧਰ- ਭਾਈ ਤ੍ਰਿਲੋਕ ਸਿੰਘ ਜੀ, ਮੈਂ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
3. ਹੁਸ਼ਿਆਰਪੁਰ- ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
4. ਪਟਿਆਲਾ- ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ।
5. ਚੰਡੀਗੜ੍ਹ ਤੇ ਮੋਹਾਲੀ-ਭਾਈ ਫੌਜਿੰਦਰ ਸਿੰਘ ਜੀ, ੫੩੩/੩- ਏ ਫੇਜ਼, ਐਸ. ਏ. ਐਸ. ਨਗਰ ਮੋਹਾਲੀ।
6. ਦਿੱਲੀ- ਭਾਈ ਹਰਦਿਤ ਸਿੰਘ ਜੀ, ਏ, ੩੫, ਫਤਿਹ ਨਗਰ।
7. ਸਾਰੇ ਸਮਾਗਮਾਂ ਸਮੇਂ- ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰ, ਫਿਰੋਜਪੁਰ ਸ਼ਹਿਰ।
8. ਬਠਿੰਡਾ- ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰਬਰ ੭੮੧੯. ਨੇੜੇ ਡੰਗਰਾਂ ਦਾ ਹਸਪਤਾਲ।
9. ਮੋਗਾ- ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ.ਰੋਡ, ਫੋਨ: ੨੪੩੪੮, ੨੧੬੮੧।
10. ਅੰਮ੍ਰਿਤਸਰ- ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ: ੪੫੭੮੭ ਘਰ: ੨੩੧੫੨੦।
11. ਯਮੁਨਾਨਗਰ- ਸ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ, ਪਿੰਨ ਕੋਡ-੧੩੫੦੦੧, ਫੋਨ:੨੩੨੧੭।
12. ਸੰਗਰੂਰ- 1. ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ ਡਾਕਖਾਨਾ ਮਲੇਰਕੋਟਲਾ।
    2. ਸ਼ਨਦੀਪ ਸਿੰਘ ਪਿੰਡ ਰੋਹੀੜਾ ਘੱਲੂਘਾਰਾ-੧੪੮੦੨੧।
13. ਫਗਵਾੜਾ- ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੌਬਿਆਂ, ਚੌੜਾ ਖੂਹ ਨੇੜੇ ਗੁ: ਪਾ: ੬।

ਸੂਚਨਾ- ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

### ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮਾਂ ਕਰਾਉਣ ਲਈ ਸੰਪਰਕ ਕਰੋ

1. ਇੰਗਲੈਂਡ- ਭਾਈ ਗੁਰਨਾਮ ਸਿੰਘ ਜੀ 10-Lambourne Gardens, Early Reading, Berks U.K. Tel. 0734-616902
2. ਅਮਰੀਕਾ- ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ: ੧੮੦੦੭੨੨੬੨੧੨।
3. ਕਨੇਡਾ- ਭਾਈ ਰਿਪੁਦਮਨ ਸਿੰਘ ਜੀ ਮਲਿਕ ਫੋਨ: ੧੭੦੦੬੬੩੦੩੩੪।
4. ਆਸਟ੍ਰੇਲਿਆ- ਭਾਈ ਪਰਸ਼ੋਤਮ ਸਿੰਘ ਜੀ ਫੋਨ: ੦੬੧੮੬੩੪੮੪੧।
5. ਨੀਉਜ਼ੀਲੈਂਡ- ਭਾਈ ਪਿਆਰਾਂ ਸਿੰਘ ਜੀ ਫੋਨ: ੦੬੯੨੭੬੪੩੨੨

## ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ


ਡਿਜ਼ਾਈਨ ਕਰਾਫਟ ਗਿਲ ਰੋਡ ਲੁਧਿਆਣਾ-ਫੋਨ: 533098 ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋਂ 12- ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ

ਮਾਸਿਕ **ਸੂਰਾ** ਪੱਤਰ

ਲੁਧਿਆਣਾ

| ਸਾਲਾਨਾ ਚੰਦਾ | |
|---|---|
| ਦੇਸ਼ | 30-00 |
| ਇੱਕ ਪਰਚਾ | 3-00 |
| (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
| ਸਮੁੰਦਰੀ ਡਾਕ | 100-00 |
| ਹਵਾਈ ਡਾਕ | 300-00 |
| Foreign Subscription | |
| Sea Mail | 100-00 |
| Air Mail | 300-00 |
| ਅਮਾਨਤੀ ਲਾਈਫ ਮੈਂਬਰ | |
| ਦੇਸ਼ | 300-00 |
| ਪਰਦੇਸ | |
| ਸਮੁੰਦਰੀ ਡਾਕ | 1,000-00 |
| ਹਵਾਈ ਡਾਕ | 3,000-00 |

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੨੯ ਅਪ੍ਰੈਲ ੧੯੯੫ ਅੰਕ ੪

## ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

| | | | |
|---|---|---|---|
| ਗੁਰਿਆਈ ਗੁਰੂ ਅਮਰਦਾਸ ਜੀ | 1 ਅਪ੍ਰੈਲ | ਜੋਤੀ ਜੋਤ ਗੁਰੂ ਹਰਿਕ੍ਰਿਸ਼ਨ ਸਾਹਿਬ | 13 ਅਪ੍ਰੈਲ |
| ਜੋਤੀ ਜੋਤ ਗੁਰੂ ਅੰਗਦ ਦੇਵ ਜੀ | 4 ਅਪ੍ਰੈਲ | ਖਾਲਸੇ ਦਾ ਸਾਜਨਾ ਦਿਵਸ ਵੈਸਾਖੀ | 14 ਅਪ੍ਰੈਲ |
| ਜੋਤੀ ਜੋਤ ਗੁਰੂ ਹਰਿਗੋਬਿੰਦ ਸਾਹਿਬ | 5 ਅਪ੍ਰੈਲ | ਪ੍ਰਕਾਸ਼ ਦਿਵਸ ਗੁਰੂ ਤੇਗ ਬਹਾਦਰ ਜੀ | 19 ਅਪ੍ਰੈਲ |
| ਗੁਰਿਆਈ ਗੁਰੂ ਹਰਿਰਾਏ ਸਾਹਿਬ | 8 ਅਪ੍ਰੈਲ | ਪ੍ਰਕਾਸ਼ ਦਿਵਸ ਗੁਰੂ ਅਰਜਨ ਦੇਵ ਜੀ | 21 ਅਪ੍ਰੈਲ |
| ਗੁਰਿਆਈ ਗੁਰੂ ਤੇਗ ਬਹਾਦਰ ਜੀ | 13 ਅਪ੍ਰੈਲ | ਪ੍ਰਕਾਸ਼ ਦਿਵਸ ਗੁਰੂ ਅੰਗਦ ਦੇਵ ਜੀ | 30 ਅਪ੍ਰੈਲ |

## ਮੇਰੈ ਮਨਿ ਸਬਦੁ ਲਗੋ ਗੁਰ ਮੀਠਾ

ਮੇਰੈ ਮਨਿ ਸਬਦੁ ਲਗੋ ਗੁਰ ਮੀਠਾ॥
ਖੁਲਿਓ ਕਰਮੁ ਭਇਓ ਪਰਗਾਸਾ, ਘਟਿ ਘਟਿ ਹਰਿ ਹਰਿ ਡੀਠਾ॥੧॥ਰਹਾਉ॥
ਪਾਰਬ੍ਰਹਮ ਅਜੋਨੀ ਸੰਭਉ, ਸਰਬ ਥਾਨ ਘਟ ਬੀਠਾ॥
ਭਇਓ ਪਰਾਪਤਿ ਅੰਮ੍ਰਿਤ ਨਾਮਾ, ਬਲਿ ਬਲਿ ਪ੍ਰਭ ਚਰਣੀਠਾ॥੧॥
ਸਤ ਸੰਗਤਿ ਕੀ ਰੇਣੁ ਮੁਖਿ ਲਾਗੀ, ਕੀਏ ਸਗਲ ਤੀਰਥ ਮਜਨੀਠਾ॥
ਕਹੁ ਨਾਨਕ ਰੰਗਿ ਚਲੂਲ ਭਏ ਹੈ, ਹਰਿ ਰੰਗ ਨ ਲਹੈ ਮਜੀਠਾ॥੨॥੧੯॥ ੪੨॥

( ਸਾਰੰਗ ਮ:੫, ਪੰਨਾ ੧੨੧੨)

ਪਦ ਅਰਥ:- ਮੇਰੈ ਮਨਿ - ਮੇਰੇ ਮਨਿ ਵਿੱਚ। ਕਰਮੁ - ਬਖਸ਼ਸ਼ ਦਾ ਬੂਹਾ (ਦਰਵਾਜ਼ਾ)। ਪਰਗਾਸਾ - ਪ੍ਰਕਾਸ਼ (ਚਾਨਣ)। ਘਟ ਘਟ - ਹਰੇਕ ਸਰੀਰ ਵਿੱਚ। ਡੀਠਾ - ਦੇਖ ਲਿਆ। ਅਜੋਨੀ - ਜੂਨ-ਰਹਿਤ, ਜਿਹੜਾ ਜੂਨਾਂ ਵਿੱਚ ਨਹੀਂ ਆਉਂਦਾ। ਸੰਭਉ - ਸੁਤੇ ਸ੍ਵੈਪ੍ਰਕਾਸ਼, ਆਪਣੇ ਆਪ ਤੋਂ ਪ੍ਰਗਟ ਹੋਣ ਵਾਲਾ। ਘਟ - ਸਰੀਰ। ਬੀਠਾ - ਬੈਠਾ ਹੋਇਆ। ਬਲਿ ਬਲਿ - ਸਦਕੇ, ਬਲਿਹਾਰ। ਚਰਣੀਠਾ - ਚਰਨ। ਰੇਣੁ - ਚਰਨ ਧੂੜ। ਮੁਖਿ - ਮੂੰਹ ਉੱਤੇ। ਸਗਲ - ਸਾਰੇ। ਮਜਨੀਠਾ - ਇਸ਼ਨਾਨ। ਚਲੂਲ - ਗੂੜ੍ਹਾ ਲਾਲ। ਨ ਲਹੈ - ਨਹੀਂ ਉਤਰਦਾ। ਮਜੀਠਾ - ਮਜੀਠ ਦੇ ਰੰਗ ਵਾਂਗ।


www.AKJ.Org

## ਅਰਥ ਵਿਆਖਿਆ

ਅਰਥ:- ਹੇ ਭਾਈ! ਮੇਰੇ ਮਨਿ ਵਿੱਚ ਗੁਰੂ ਦਾ ਸ਼ਬਦ ਮਿੱਠਾ ਲੱਗ ਰਿਹਾ ਹੈ ਜਿਸ ਸਦਕਾ ਪ੍ਰਭੂ ਦੀ ਬਖਸ਼ਸ਼ ਦਾ ਬੂਹਾ ਖੁੱਲ੍ਹ ਗਿਆ ਹੈ। ਮੇਰੇ ਅੰਦਰ ਪ੍ਰਕਾਸ਼ (ਚਾਨਣ) ਹੋ ਗਿਆ ਹੈ ਅਤੇ ਮੈਂ ਹਰੇਕ ਸਰੀਰ ਵਿੱਚ ਪਰਮਾਤਮਾ ਨੂੰ ਵੱਸਦਾ ਦੇਖ ਲਿਆ ਹੈ।1। ਰਹਾਉ। ਹੇ ਭਾਈ! ਗੁਰੂ ਦੇ ਸ਼ਬਦ ਦੀ ਬਰਕਤ ਨਾਲ ਮੈਨੂੰ ਇਉਂ ਦਿਸਪਿਆ ਹੈ ਕਿ ਅਜੂਨੀ, ਸੁਤੇ - ਪ੍ਰਕਾਸ਼ ਪਾਰਬ੍ਰਹਮ (ਪਰਮਾਤਮਾ) ਹਰ ਥਾਂ, ਹਰ ਸਰੀਰ ਵਿੱਚ ਬੈਠਾ ਹੋਇਆ ਹੈ। ਮੈਨੂੰ ਗੁਰੂ ਦੇ ਸ਼ਬਦ ਰਾਹੀਂ ਅੰਮ੍ਰਿਤ (ਆਤਮਕ ਜੀਵਨ ਦੇਣ ਵਾਲਾ) ਨਾਮ ਮਿਲ ਗਿਆ ਹੈ, ਮੈਂ ਪ੍ਰਭੂ ਦੇ ਚਰਨਾਂ ਤੋਂ ਬਲਿਹਾਰ ਜਾ ਰਿਹਾ ਹਾਂ। ਹੇ ਭਾਈ ਗੁਰੂ ਦੀ ਕਿਰਪਾ ਸਦਕਾ ਸਾਧ ਸੰਗਤਿ ਦੇ ਚਰਨਾਂ ਦੀ ਧੂੜ ਮੇਰੇ ਮੱਥੇ ਉੱਤੇ ਲੱਗੀ ਹੈ ਅਤੇ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਮੈਂ ਸਾਰੇ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ। ਪੰਚਮ ਪਾਤਸ਼ਾਹ ਨਾਨਕ ਮੋਹਰ ਛਾਪ ਹੇਠ ਇਉਂ ਕਹਿੰਦੇ ਹਨ ਕਿ ਮੈਂ ਹਰੀ (ਪ੍ਰਭੂ) ਦੇ ਪ੍ਰੇਮ ਰੰਗ ਨਾਲ ਗੂੜ੍ਹਾ ਰੰਗਿਆ ਗਿਆ ਹਾਂ, ਮਜੀਠ ਦੇ ਪੱਕੇ ਰੰਗ ਵਾਂਗ ਇਹ ਹਰੀ ਦੇ ਪ੍ਰੇਮ ਦਾ ਰੰਗ ਮੇਰੇ ਮਨ ਤੋਂ ਉਤਰਦਾ ਨਹੀਂ ਹੈ।2।19।42।

ਵਿਆਖਿਆ:- ਜਦੋਂ ਬੰਦੇ ਦੇ ਭਾਗ ਜਾਗਦੇ ਹਨ ਤਾਂ ਉਹ ਬੰਦਗੀ ਦੇ ਰਾਹ ਵਲ ਮੁੱਖ ਮੋੜਦਾ ਹੈ, ਗੁਰੂ ਦੁਆਰ ਸਤਿ-ਸੰਗਤਿ ਵਿੱਚ ਜਾ ਕੇ ਗੁਰੂ ਦੀ ਬਾਣੀ ਤੇ ਇਸ ਦਾ ਕੀਰਤਨ ਸੁਣਦਾ ਹੈ। ਜਿਉਂ-ਜਿਉਂ ਉਹ ਆਪਣੀ ਸੁਰਤਿ ਗੁਰੂ ਦੇ ਸ਼ਬਦ ਨਾਲ ਜੋੜਦਾ ਹੈ ਉਸ ਨੂੰ ਬਾਣੀ ਦਾ ਰਸ ਆਉਣ ਲੱਗ ਪੈਂਦਾ ਹੈ। ਜਿਸ ਸੁੱਖ (ਅਨੰਦ) ਵਾਸਤੇ ਮਨੁੱਖ ਧਨ ਦੌਲਤ, ਮਹਿਲ ਮਾੜੀਆਂ, ਕਾਰਾਂ ਕੋਠੀਆਂ, ਵਧੀਆਂ ਪੁਸ਼ਾਕਾਂ, ਗਰੀ ਛੁਹਾਰੇ, ਮੇਵੇ ਖਾਧ ਖੁਰਾਕਾਂ ਆਦਿ ਮਗਰ ਸਾਰੀ ਉਮਰ ਭੌਂਜਿਆ ਫਿਰਦਾ ਹੈ, ਅਨਿਕ ਪ੍ਰਕਾਰ ਦੀਆਂ ਕਠਿਨਾਈਆਂ ਝੱਲਦਾ ਹੈ ਪਰ ਸਦੀਵੀ ਅਨੰਦ ਫੇਰ ਵੀ ਨਹੀਂ ਮਿਲਦਾ, ਉਹ ਅਨੰਦ ਉਸ ਨੂੰ ਸਾਧ ਸੰਗਤਿ ਵਿੱਚ ਹਰਿ ਸੁਣਨ ਨਾਲ ਸਹਿਲੇ ਹੀ ਪ੍ਰਾਪਤ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ -

ਸੁਖੁ ਨਾਹੀ ਬਹੁਤੈ ਧਨਿ ਖਾਟੇ।।
ਸੁਖੁ ਨਾਹੀ ਪੇਖੇ ਨਿਰਤਿ ਨਾਟੇ।।
ਸੁਖੁ ਨਾਹੀ ਬਹੁ ਦੇਸ ਕਮਾਏ।।
ਸਰਬ ਸੁਖਾ ਹਰਿ ਹਰਿ ਗੁਣ ਗਾਏ।।1। (ਭੈਰਉ ਮ:੫, ਪੰਨਾ ੧੧੪੭)

ਹਾਂ ਜੀ! "ਸਰਬ ਸੁਖਾ ਹਰਿ ਹਰਿ ਗੁਣ ਗਾਏ।"

ਜਦੋਂ ਬੰਦੇ ਨੂੰ "ਗੁਰੂ ਦਾ ਸ਼ਬਦ" ਮਿੱਠਾ ਲੱਗਣ ਲੱਗ ਪੈਂਦਾ ਹੈ ਤਾਂ ਸਮਝੋ ਰੱਬੀ ਬਖਸ਼ਸ਼ ਦਾ ਦਰ ਖੁੱਲ੍ਹਾ ਕਿ ਖੁੱਲ੍ਹਾ। ਗੁਰੂ -ਦੁਆਰ ਤੋਂ ਜਦੋਂ ਮੇਹਰ ਦਾ ਝਰਨਾ ਫੁੱਟਦਾ ਹੈ ਤਾਂ ਮਨੁੱਖ ਨੂੰ "ਅੰਮ੍ਰਿਤ" ਦੀ ਦਾਤ ਮਿਲਦੀ ਹੈ ਜਿਸ ਸਦਕਾ ਉਹ ਨਿਗੁਰੇ ਤੋਂ ਗੁਰੂ ਵਾਲਾ ਬਣ ਜਾਂਦਾ ਹੈ, ਜੀਵ-ਇਸਤਰੀ ਸੁਹਾਗਣ ਬਣ ਜਾਂਦੀ ਹੈ। "ਨਾਮ ਅੰਮ੍ਰਿਤ" ਦੇ ਮਿਲਣ ਸਦਕਾ ਮਨੁੱਖ ਸੱਚੀ ਕਾਰੇ ਲੱਗ ਜਾਂਦਾ ਹੈ, ਉਸ ਦੇ ਜੀਵਨ ਦੀ ਗੱਡੀ ਸਿੱਧੇ ਰਾਹ ਤੇ ਪੈ ਜਾਂਦੀ ਹੈ ਜਿਹੜੀ ਸਹਿਜੇ ਸਹਿਜੇ ਚਲਦੀ ਹੋਈ "ਸੋ ਦਰੁ" ਪਹੁੰਚ ਜਾਂਦੀ ਹੈ।

ਅੰਮ੍ਰਿਤ ਛਕ ਕੇ, ਗੁਰੂ ਵਾਲਾ ਬਣ ਕੇ ਮਨੁੱਖ, ਗੁਰੂ ਦੁਆਰ ਸਾਧ ਸੰਗਤਿ ਮਾਨ-ਸਰੋਵਰ ਵਿੱਚ ਚੁੱਭੀਆਂ ਲਾਉਂਦਾ ਹੈ, ਅੰਮ੍ਰਿਤ-ਸਰ ਦੇ ਇਸ਼ਨਾਨ ਕਰਦਾ ਹੈ, ਸ਼ਬਦ ਰੂਪੀ ਹੀਰੇ ਮੋਤੀ ਚੁਣ ਚੁਣ ਖਾਂਦਾ ਹੈ ਅਤੇ ਤ੍ਰਿਪਤ ਹੁੰਦਾ ਹੈ। ਜਦੋਂ ਉਹ ਗੁਰੂ ਦੁਆਰ ਮੱਥਾ ਟੇਕਦਾ ਹੈ ਤਾਂ ਸਾਧ-ਸੰਗਤਿ ਦੇ ਚਰਨਾਂ ਦੀ ਧੂੜ ਉਸ ਦੇ ਮਸਤਕ ਨੂੰ ਲੱਗਦੀ ਹੈ ਜਿਸ ਸਦਕਾ ਉਸ ਦੇ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ। ਸਾਧ ਸੰਗਤਿ ਦੀਆਂ ਦਰੀਆਂ ਝਾੜਨ ਨਾਲ ਉਸ ਦੇ ਸਰੀਰ ਤੇ ਉਡ ਕੇ ਪਈ ਧੂੜ ਪਤਿਤ ਨੂੰ ਪਵਿੱਤਰ ਕਰਨ ਵਿੱਚ ਸਹਾਈ ਹੁੰਦੀ ਹੈ, ਲੰਗਰ ਦੇ ਜੂਠੇ ਭਾਂਡੇ ਮਾਂਜਣ, ਝਾੜੂ ਦੇਣ, ਲੰਗਰ ਸਜਾਉਣ ਤੇ ਵਰਤਾਉਣ, ਜੋੜੇ ਝਾੜਨ ਆਦਿ ਦੀ ਸੇਵਾ ਨਾਲ ਉਸ ਦਾ ਤਨ ਪਵਿੱਤਰ ਹੋ ਜਾਂਦਾ ਹੈ ਅਤੇ ਨਾਮ ਬਾਣੀ ਸਦਕਾ ਉਸ ਦੇ ਮਨ ਦੀ ਜਨਮਾਂ ਜਨਮਾਤਰਾਂ ਦੀ ਮੈਲ ਦੂਰ ਹੋ ਜਾਂਦੀ ਹੈ। ਮੈਲ ਦੂਰ ਹੋ ਜਾਣ ਨਾਲ ਟੰਕਾ ਲੱਗ ਜਾਂਦਾ ਹੈ, ਕੁਨੈਕਸ਼ਨ ਜੁੜ ਜਾਂਦਾ ਹੈ, ਤਾਰ ਵਿੱਚ ਕਰੰਟ ਆਉਣ ਲੱਗ ਪੈਂਦਾ ਹੈ, ਬੁਝੇ ਹੋਏ ਲੈਂਪ ਜਗਮਗਾ ਉਠਦੇ ਹਨ, ਨੂਰੋ ਨੂਰ ਹੋ ਜਾਂਦਾ ਹੈ, ਹਿਰਦੇ ਦਾ ਕੰਵਲ ਖਿਲ ਜਾਂਦਾ ਹੈ, ਅਨੰਦੋ ਅਨੰਦ ਹੋ ਜਾਂਦਾ ਹੈ।

ਹਾਂ ਜੀ! ਜਦੋਂ "ਜੋਤਿ" ਪ੍ਰਗਟ ਹੁੰਦੀ ਹੈ ਤਾਂ ਪ੍ਰਕਾਸ਼ ਹੋ ਜਾਂਦਾ ਹੈ, ਅਨਹਤ ਵਾਜੇ ਵੱਜਣ ਲੱਗ ਪੈਂਦੇ ਹਨ, ਅਨੰਦ ਖੇੜਾ ਬਣ ਜਾਂਦਾ ਹੈ, ਸਾਧ ਸੰਗਤਿ ਦੀ ਚਰਨ ਧੂੜ ਮਸਤਕ ਲੱਗਣ, ਸੇਵਾ ਸਿਮਰਨ ਵਾਲੇ ਰਾਹ ਚੱਲਣ ਅਤੇ ਹਰਿ ਜਸ ਕਰਨ ਤੇ ਸੁਣਨ ਸਦਕਾ। ਗੁਰੂ ਅਰਜਨ ਦੇਵ ਜੀ "ਪ੍ਰਭੂ ਮਿਲਣੀ" ਨੂੰ ਇਉਂ ਬਿਆਨ ਕਰਦੇ ਹਨ-

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ।।
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ।।
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ।।
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ।।
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ।।
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ।।1।।

(ਆਸਾ ਮ:੫, ਪੰਨਾ ੪੫੨)

ਹਾਂ ਜੀ! "ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ।" "ਖੁਲਿਓ ਕਰਮੁ ਭਇਓ ਪਰਗਾਸਾ, ਘਟਿ ਘਟਿ ਹਰਿ ਹਰਿ ਡੀਠਾ।" ਪ੍ਰਕਾਸ਼ ਹੋਣ ਨਾਲ ਸਾਰੇ ਪਾਸੇ ਰਮਿਆ ਹੋਇਆ ਰਾਮ (ਪ੍ਰਾਰਬ੍ਰਹਮ, ਅਜੋਨੀ, ਸੰਭਉ) ਨਜ਼ਰੀ ਆਉਣ ਲੱਗ ਪਿਆ, ਦਸਮ-ਦੁਆਰ ਅੰਮ੍ਰਿਤ-ਕੁੰਡ ਵਿੱਚੋਂ ਅੰਮ੍ਰਿਤ ਦੇ ਝਰਨੇ ਵਹਿ ਤੁਰੇ-

ਸਭੁ ਤਨੁ ਮਨੁ ਹਰਿਆ ਹੋਇਆ,
ਮਨੁ ਖਿੜਿਆ ਹਰਿਆ ਬਾਗੁ।। (ਪੰਨਾ ੮੪੮)

ਅਤੇ-

ਜਲੇ ਹਰੀ।। ਥਲੇ ਹਰੀ।। ਉਰੇ ਹਰੀ।। ਬਨੇ ਹਰੀ।।1।।
ਗਿਰੇ ਹਰੀ।। ਗੁਫੇ ਹਰੀ।। ਛਿਤੇ ਹਰੀ।। ਨਭੇ ਹਰੀ।।2।।
ਈਹਾਂ ਹਰੀ।। ਊਹਾਂ ਹਰੀ।। ਜਿਮੀ ਹਰੀ।। ਜਮਾਂ ਹਰੀ।।3।।

(ਅਕਾਲ ਉਸਤਤਿ)

ਹਰ ਪਾਸੇ "ਓਹੀ ਓਹੀ" ਨਜ਼ਰ ਆਉਣ ਲੱਗ ਪਿਆ,

(ਬਾਕੀ ਪੰਨਾ ੭ ਤੇ)

# ਸ੍ਰੀ ਦੂਲੇਸ਼ਰ ਵੀਰ ਹੀਰਾ ਹਰਿਬਚਨ ਸਿੰਘ

(ਸੱਚ ਖੰਡ ਵਾਸੀ ਭਾਈ ਰਣਧੀਰ ਸਿੰਘ ਜੀ)

੩੯ ਨੰਬਰ ਰੇਸਾਲੇ ਦੇ ਗੁਰਮੁਖ ਸੱਜਣ ਸ: ਮਾਨ ਸਿੰਘ ਜੀ ਹੈੱਡ ਕਲਰਕ ਅੰਬਾਲਾ ਛਾਉਣੀ ਵਿਖੇ ਆਪਣੀ ਕੋਠੀ ਵਿੱਚ ਬਿਰਾਜਦੇ ਹੋਏ ਸਣੇ ਪਰਿਵਾਰ ਅਨੇਕਾਂ ਵਾਰ ਸਜਲ ਨੇਤ੍ਰ ਹੋਏ ਗੁਰੂ ਅਕਾਲ ਪੁਰਖ ਅੱਗੇ ਜੋਦੜੀਆਂ ਕਰਨ ਜੁੜ ਜਾਂਦੇ ਸਨ, "ਹੇ ਗੁਰੂ ਕਰਤਾਰੰ ! ਤੈਂ ਸਾਨੂੰ ਹਰ ਪ੍ਰਕਾਰ ਦਾ ਸੁਖ ਦਾ ਸਮਾਨ ਅਤੇ ਐਸ਼ਵਰਜ ਬਖਸ਼ਿਆ ਹੈ, ਸਰਦਾਰੀਆਂ ਦਿਤੀਆਂ, ਅਮੀਰੀਆਂ ਦਿਤੀਆਂ, ਧਨ ਧਾਮ, ਘਰ ਘਾਮ ਵਿਖੇ ਹਰ ਪ੍ਰਕਾਰ ਤੈਂ ਸਾਨੂੰ ਸੁਖੀ ਸੁਹੇਲੇ ਅਨੰਦ ਮਗਨੇਲੇ ਕੀਤਾ। ਛੇਕੜ ਕਿਸੇ ਗੱਲ ਦੀ ਕਮੀ ਨਹੀਂ ਰਹੀਂ, ਕਿਸੇ ਗੱਲ ਦਾ ਘਾਟਾ ਨਹੀਂ ਰਿਹਾ। ਘਾਟਾ ਹੈ ਤਾਂ ਇਕ ਗੱਲ ਦਾ ਹੈ, ਉਹ ਸਾਨੂੰ ਦਿਨੇ ਰਾਤ ਵਿਸੂਰ ਵਿਸੂਰ ਖਪਾਏ ਰਿਹਾ ਹੈ। ਉਹ ਇਹ ਕਿ ਅਸਾਡਾ ਸਭ ਤੋਂ ਛੋਟਾ ਲੜਕਾ ਹਰਿਬਚਨ ਸਿੰਘ ਪ੍ਰਮਾਰਥ ਦੇ ਪਾਸਿਓ ਉੱਕਾ ਹੀ ਮੁਨਕਰ ਹੈ। ਅਸੀਂ ਇਸ ਦੇ ਨਾਲ ਸਾਰੇ ਪੁੱਤਰਾਂ ਤੋਂ ਵਧ ਕੇ ਲਾਡ ਕੀਤੇ, ਪਿਆਰ ਕੀਤੇ, ਅਰ ਜਿਉਂ ਜਿਉਂ ਪਿਆਰ ਲਾਡ ਇਸ ਨਾਲ ਕੀਤੇ, ਤਿਉਂ ਤਿਉਂ ਇਹ ਪ੍ਰਮਾਰਥ ਵਲੋਂ ਨਿਘਰਦੀ ਕਲਾ ਵੱਲ ਗਿਆ। ਸਾਡਾ ਪਰਿਵਾਰ ਇਕੱਤਰ ਹੋ ਕੇ ਦੋਨੋਂ ਵੇਲੇ ਗੁਰਬਾਣੀ ਦਾ ਨਿਤਨੇਮ ਕਰਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਬਿਨਾਂ ਕੋਈ ਅੰਨ ਜਲ ਨਹੀਂ ਕਰਦਾ। ਪਰ ਹਰਿਬਚਨ ਸਿੰਘ ਹੈ ਕਿ ਪ੍ਰਮਾਰਥ ਨੂੰ ਉਲਟੀਆਂ ਟਿਚਕਰਾਂ ਕਰਦਾ ਹੈ, ਗੁਰਮੰਤ੍ਰ ਗੁਰਸਿੱਖੀ ਨੂੰ ਮਖੌਲ ਕਰਦਾ ਰਹਿੰਦਾ ਹੈ। ਇਸ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪੜ੍ਹਨੇ ਪਾਇਆ, ਇਸ ਧਾਰਮਿਕ ਆਸ਼ਾ ਨੂੰ ਜਾਣ ਕੇ ਕਿ ਉਥੇ ਨਿਰਾ ਗੁਰਸਿੱਖੀ ਦਾ ਵਾਯੂ-ਮੰਡਲ ਹੋਵੇਗਾ, ਇਸ ਦਾ ਜੀਵਨ ਅਵੱਸ਼ ਹੀ ਪਲਟਾ ਖਾ ਕੇ ਗੁਰੂ ਘਰ ਵੱਲ ਆਵੇਗਾ। ਪਰ ਉੱਥੇ ਤਾਲੀਮ ਪਾ ਕੇ ਵੀ ਇਹ ਗੁਰਮਤਿ ਪ੍ਰਮਾਰਥ ਵਲੋਂ ਨਿਰਾ ਕੋਰੇ ਦਾ ਕੋਰਾ ਹੀ ਰਿਹਾ। ਇਸ ਤੇ ਕੋਈ ਪਾਹ ਨਹੀਂ ਚੜ੍ਹਿਆ, ਸਗੋਂ ਨਿਰਾ ਨਾਸਤਕ ਹੋ ਕੇ ਉੱਥੋਂ ਨਿਕਲਿਆ ਹੈ। ਹੁਣ ਏਸ ਵਲੋਂ ਅਸੀਂ ਉੱਕੇ ਹੀ ਨਿਰਾਸ਼ ਹੋ ਚੁੱਕੇ ਹਾਂ। ਹੇ ਗੁਰੂ ਕਰਤਾਰ ! ਤੂੰ ਹੀ ਕੋਈ ਐਸਾ ਫੋਹ ਪਾ ਐਸਾ ਭਾਣਾ ਵਰਤਾਅ ਕਿ ਇਹ ਸਾਡਾ ਸਭ ਤੋਂ ਅਜ਼ੀਜ਼ ਬੱਚਾ ਗੁਰੂ-ਮਾਰਗ ਉੱਤੇ ਗੁਰਮਤਿ ਪਾਂਧੀ ਬਣੇ।"

ਇਸ ਪ੍ਰਕਾਰ ਦੀਆਂ ਨਿਤਾਪ੍ਰਤਿ ਦੀਆਂ ਬੇਨਤੀਆਂ ਇਹ ਰੋ ਰੋ ਕਰਿਆ ਕਰਦੇ ਸਨ। ਓੜਕ ਇਨਾਂ ਦੀ ਭੀ ਸੁਣੀ ਗਈ। ਇੱਕ ਦਿਨ ਐਸੀ ਹੋਇ ਪਈ ਕਿ ਅਚਾਨਕ ਅਖੰਡਪਾਠੀਆਂ ਦਾ ਇਹ ਨਿਰਬਾਣ ਕੀਰਤਨੀ ਜਥਾ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਤੇ ਪਿਆਰਨੇ-ਪਿਆਰ ਸਰਦਾਰ ਪਿਆਰਾ ਸਿੰਘ ਜੀ ਦੀ ਖਿੱਚ ਪਾ ਕੇ ਅੰਬਾਲਾ ਛਾਉਣੀ ਵਿੱਚ ਆ ਵਿਚਰਿਆ। ਆਪਣਿਆਂ ਰੰਗਾਂ ਵਿੱਚ ਇਹ ਜਥਾ ਕੀਰਤਨ-ਧੁਨੀਆਂ ਰੰਗਾਂ ਵਿੱਚ ਆ ਕੇ ਮਗਨ ਹੋ ਕੇ ਧੁਨਾਏ ਰਿਹਾ ਸੀ, ਕਿ ਰਾਹ ਜਾਂਦੇ ਉਸ ਕੀਰਤਨ-ਮੰਡਲ ਦੇ ਪਾਸ ਦੀ ਗੁਜ਼ਰਦੇ ਹੋਏ ਅਨਭੋਲ ਅਤੇ ਅਚਾਨਕ ਹੀ ਇਸ ਨਵਜੋਬਨੇ ਪੰਖਣੂ ਦੀ ਸਰੋਤ ਵਿੱਚ ਸ਼ਬਦ-ਬਾਣ ਦੀ ਅਣਿਆਲੀ ਚੋਟ ਵਜੀ, ਸੁਣਨ ਸਾਰ ਉਹ ਉਥੇ ਚੌਰਸਤੇ ਵਿੱਚ ਹੀ ਧਰਨਾ ਮਾਰ ਕੇ ਬੈਠ ਗਏ। ਜਿਉਂ ਜਿਉਂ ਬਾਣੀ ਦੇ ਕੀਰਤਨ-ਸਰੋਤੀ-ਬਾਣ ਇਨ੍ਹਾਂ ਦੇ ਹਿਰਦੇ ਵਿੱਚ ਵੱਜਣ, ਤਿਉਂ ਤਿਉਂ ਇਹ ਨਵ ਫਾਬੜੇ ਪੰਖੇਰੂ ਬਿਹਬਲ ਅਤੇ ਵਿਆਕੁਲ ਹੁੰਦੇ ਜਾਣ। ਧਰਤੀ ਉੱਤੇ ਭੁੰਜੇ ਹੀ ਪਥੱਲਾ ਮਾਰ ਕੇ ਬੈਠ ਗਏ। ਬਸ, ਫਿਰ ਉਠਣ ਦੀ ਸੋਝੀ ਨਹੀਂ ਰਹੀਂ। ਨਿਰੰਕਾਰੀ ਮੀਰ ਸ਼ਿਕਾਰੀ, ਉਪਕਾਰੀ ਵੀਰ (ਬਾਬੂ ਮੱਲ ਸਿੰਘ) ਨੇ ਮੌਕਾ ਤਾੜ ਕੇ ਇਸ ਨੈਣ-ਮਗਨੀਲੇ ਅਤੇ ਹੋਸ਼-ਮਸਤੀਲੇ ਆਹੂ ਨੂੰ ਉਸੇ ਤਰ੍ਹਾਂ ਚੁੱਕ ਉਠਾ ਕੇ, ਬੈਠੇ ਬਿਠਾਏ ਨੂੰ ਅੰਦਰਵਾਰ ਕੀਰਤਨ-ਮੰਡਲ ਦੇ ਸਨਮੁਖ ਲਿਆ ਇਸਥਿਤ ਕੀਤਾ। ਨੀਰੋ ਨੀਰ ਹੋਏ ਇਸ ਨਵਲ-ਵੈਰਾਗੀ ਵੀਰ ਨੂੰ ਕੀਰਤਨ-ਪ੍ਰੇਮੀ-ਜਨਾਂ ਨੇ ਪ੍ਰੇਮ ਚਾਬਕ ਹੋਰ ਵੀ ਕਸ ਕਸ ਲਾਏ। ਬਸ, ਸਾਰੇ ਕੀਰਤਨ ਵਿੱਚ ਉਠਣੇ ਨਹੀਂ ਪਾਏ। ਉਠੇ ਨਹੀਂ, ਹਿੱਲੇ ਨਹੀਂ, ਜਮਕੇ ਨਹੀਂ। ਪ੍ਰਮਾਰਥ ਸੰਬੰਧੀ ਸੌ ਸੌ ਹੁਜਤਾਂ ਕਰਨ ਵਾਲਾ ਵੀਰ ਹਰਿਬਚਨ ਸਿੰਘ ਜੀ ਅੱਜ ਕਿਸ ਅਨੂਠੜੀ ਬੰਧਨਾਂ ਵਿੱਚ ਬੰਧੀਜੇ ਹੋਏ ਲੱਟੂ ਹੋ ਬੈਠੇ ਹਨ।

ਅਖੰਡ ਕੀਰਤਨ ਦਾ ਭੋਗ ਪੈ ਗਿਆ, ਨਾਲ ਲਗਦੇ ਹੀ ਅਖੰਡ ਪਾਠ ਅਰੰਭ ਹੋ ਗਿਆ। ਸਾਰੇ ਅਖੰਡ ਪਾਠ ਦੀ ਅੰਮ੍ਰਿਤ ਵਰਖਾ ਦਿਨ ਰਾਤ ਹੁੰਦੀ ਰਹੀ ਅਤੇ ਉਸ ਨਵਲ-ਜੋਬਨੀ ਇਕੋ ਇਕ ਅੰਮਿਤ ਅਭਿਲਾਖੀ ਜਨ ਦੇ ਮੁੱਖ ਮਨਸਾਵੀ-ਹਿਰਦੇ ਰੂਪੀ ਛੇਤਰ ਤੇ ਵਰ੍ਹੀ, ਜਿਵੇਂ ਕਿਸੇ ਗੁਲਜ਼ਰੀ ਉਤੇ ਚਾਂਦਮਾਰੀ ਹੁੰਦੀ ਹੈ। ਕੀਰਤਨ ਰੂਪੀ ਬਾਣ ਵਾਹੁਣ ਵਾਲੇ ਚੋਜੀ ਜਨਾਂ ਨੇ ਖੂਬ ਪ੍ਰੇਮ ਭਜਨ ਗੁਲਜ਼ਰੀਏ ਬਾਣ ਵਾਹੇ ਅਤੇ ਵਾਹ ਵਾਹ ਕੇ ਇਕੋ ਨਿਸ਼ਾਨੇ ਉਪਰ ਮਾਰੇ। ਇਕ ਵੀ ਬਾਣ ਖਾਲੀ ਨਹੀਂ ਗਿਆ, ਸਭ ਠਿਕਾਣੇ ਤੇ ਪੈਂਦੇ ਰਹੇ। ਪਹਿਲਾ ਦਿਨ ਗੁਜ਼ਰ ਗਿਆ, ਸਾਰੀ ਰੈਣ ਗੁਜ਼ਰ ਗਈ, ਦੂਜਾ ਦਿਨ ਵੀ ਗੁਜ਼ਰ ਗਿਆ। ਦੂਜੀ ਰੈਣ ਵੀ ਗੁਜ਼ਰ ਚੱਲੀ। ਦੂਜੀ ਰੈਣ ਦੇ ਅੰਮ੍ਰਿਤ ਵੇਲੇ ਸਾਢੇ ਚਾਰ ਵਜੇ ਦੇ ਕਰੀਬ ਅਖੰਡ ਪਾਠ ਦਾ ਭੋਗ ਪਿਆ। ਨਾਲ ਲਗਦੇ ਹੀ ਫਿਰ ਅਖੰਡ ਕੀਰਤਨ ਅਰੰਭ ਹੋ ਗਿਆ। ਬਸ ਚਲੋ ਸੋ ਚਲੋ, ਨਾ ਕੀਰਤਨ ਥੰਮਣ ਵਿਚ ਆਵੇ ਨਾ ਉਸ ਬਾਣਾਂ-ਬੇਧੁ ਆਹੂ ਦੀਆਂ ਅੱਖੀਆਂ ਖੁੱਲਣ। ਉਤਮ ਜਗਿਆਸੂ ਜਾਣ ਕੇ ਅਤੇ ਪੰਜ ਪਿਆਰਿਆਂ ਵਲੋਂ ਅਰਸ਼ੀ ਇਸ਼ਾਰਾ ਆਇਆ ਸਮਝ ਕੇ, ਅਰਸ਼ੀ ਰਮਜ਼ਾਂ ਦੇ ਬੁਝਾਰਤੀਆਂ ਨੇ ਹੋਸ਼-ਮਸਤੀਣੇ ਨਵ-ਯੋਗ ਲਾਲ ਨੂੰ ਸਾਵਧਾਨ ਕਰਕੇ ਸੁਕੇਸ਼ੀ ਇਸ਼ਨਾਨ ਕਰਵਾਇਆ, ਨਵੀਨ ਬਸਤਰ ਪੁਸ਼ਾਕਾ ਸਜਾਇਆ, ਜਿਵੇਂ ਜੋਤਿ ਜਗਦੀਸ਼ਰੀ ਬਹੂ ਵਿਆਹੁਣ ਲਈ ਲਾੜਾ ਬਨਾਉਣ ਦੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਇਕੋ ਇਕ ਪ੍ਰਮਾਰਥੀ ਲਿੱਲ ਦਾ ਅਨਮੁੱਲਾ ਮੁਥਾਜੀ ਬਣ ਕੇ ਦੋਇ ਕਰ ਜੋੜ ਪੰਜਾਂ ਪਿਆਰਿਆਂ ਦੇ ਅਗੋਚਰ ਅੰਮ੍ਰਿਤ ਛਕਣ ਲਈ ਤਿਆਰ ਹੋ ਖਲੋਤਾ। ਅਮੋਘ ਦਰਸ਼ਨੀ ਦ੍ਰਿਸ਼ ਦੇਖ ਕੇ ਹੀ ਨਿਹਾਲੋ ਨਿਹਾਲ ਤੇ ਹਾਲੋਂ ਬੇਹਾਲ ਹੋ ਗਿਆ। ਅੰਮ੍ਰਿਤ ਬੂੰਦਾਂ ਦੇ ਦਿੱਬ ਸੰਚਾਰੀ ਛਟੇ ਜਦੋਂ ਨੈਣਾਂ ਤੇ ਪਏ, ਬਸ, ਅੰਮ੍ਰਿਤ ਛਕਣਸਾਰ ਹੀ ਦਿੱਬ ਜੋਤੀਸ਼ ਨਿਰੰਕਾਰ ਵਾਹਿਗੁਰੂ ਦੇ ਦਿੱਬ ਦਿਦਾਰੇ ਹੋ ਗਏ। ਬਸ ਫੇਰ ਕੀ ਸੀ, ਫੇਰ ਤਾਂ ਇਹ ਵਰਤਾਰਾ ਵਰਤ ਗਿਆ, ਜੈਸੀ ਕਿ ਇਸ ਮਹਾਂਵਾਕ ਅਨੁਸਾਰ-



www.AKJ.Org

ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ॥
ਸੁਰਤਿ ਮੈ ਨ ਸੁਰਤਿ ਅਉ ਧਯਾਨ ਮੈਂ ਨ ਧਯਾਨ ਰਹਯੋ
ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ॥
ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ
ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ॥
ਅਦਭੁਤ ਪਰਮਦਭੁਤ ਬਿਸਮੈ ਬਿਸਮ
ਅਸਚਰਜੈ ਅਸਚਰਜ ਅਤਿ ਅਤਿ ਹੈ॥੧॥੬॥

(ਕਬਿਤ ਭਾਈ ਗੁਰਦਾਸ ਜੀ)

ਪੂਰੇ ਤਿੰਨ ਦਿਨ ਤਿੰਨ ਰਾਤਾਂ ਹੋ ਗਈਆਂ ਕਿ ਦੂਲੇ ਵੀਰ ਹਰਿਬਚਨ ਸਿੰਘ ਜੀ ਦੀ ਇੱਕ ਟੱਕ ਸਹਿਜ ਸਮਾਧੀ ਲਗੀ ਰਹੀ, ਉਨ੍ਹਾਂ ਦਾ ਸਹਿਜ-ਸਮਾਧਤ-ਚੌਂਕੜਾ ਜੰਮਿਆ ਰਿਹਾ। ਇਧਰੋਂ ਕੀਰਤਨ ਨਾ ਥੰਮੇ, ਉਧਰੋਂ ਪ੍ਰੇਮ -ਕਸਾਈਆਂ ਅਖੜੀਆਂ ਨਾ ਖੁਲ੍ਹਣ, ਨ ਝਮਕਣ। ਸੰਗਤ ਢਕੋ ਢਕੀ ਜੁੜੀ ਹੋਈ। ਸਾਰੀ ਸੰਗਤ ਦੇ ਪਿਛਵਾੜੇ ਬੈਠਾ ਦੂਲਾ ਵੀਰ ਹਰਿਬਚਨ ਸਿੰਘ ਸਹਿਜ-ਰੰਗਾਂ ਵਿਚ ਰੰਗੀਜਿਆ ਹੋਇਆ ਬੈਠ ਰਿਹਾ ਸੀ। ਜਿਥੇ ਅੱਗੇ ਉਨ੍ਹਾਂ ਦੇ ਪਰਿਵਾਰ ਨੂੰ ਇਹ ਸਿੱਕ ਲੱਗੀ ਹੋਈ ਸੀ ਕਿ ਕਿਵੇਂ ਤੋ ਕਦੋਂ ਪਿਆਰਾ ਦੂਲਾ ਹਰਿਬਚਨ ਸਿੰਘ ਗੁਰਮੁਖ ਸਿੱਖਾਂ ਦੀ ਸ਼ਰੇਣੀ ਵਿਚ ਆਵੇ, ਓਥੇ ਹੁਣ ਇਹ ਫਿਕਰ ਵਿਆਪ ਰਿਹਾ ਹੈ ਕਿ ਮੁੜ ਸਾਵਧਾਨ ਹੋ ਕੇ ਆਮ ਸੰਸਾਰੀਆਂ ਵਾਂਗੂ ਪਰਵਾਰ ਵਿਚ ਵਿਚਰੇ। ਕੇਵਲ ਉਨ੍ਹਾਂ ਦੇ ਗੁਰਮੁਖ ਪਿਤਾ ਸ੍ਰ: ਮਾਨ ਸਿੰਘ ਜੀ ਇਸ ਸੰਸੇ ਤੋਂ ਰਹਿਤ ਰਹੇ ਤੇ ਮੂਲੋਂ ਨਹੀਂ ਡੋਲੇ। ਅੱਜ ਉਹ ਆਪਣੇ ਧੰਨ ਭਾਗ ਸਮਝਦੇ ਸਨ ਕਿ ਸਾਡਾ ਬੱਚੜਾ ਵੀ ਹੰਸਾਂ ਦੀ ਡਾਰ ਵਿਚ ਇਕ ਉਡਾਰੂ ਹੰਸੜਾ ਬਣ ਗਿਆ ਹੈ। ਕੀਰਤਨ ਕਰਨਹਾਰੇ ਗੁਰਮੁਖ ਜਨ ਆਪਣੇ ਆਤਮ ਰੰਗਾਂ ਵਿਚ ਕੀਰਤਨ ਦੀ ਵਰਖਾ ਕਰੀ ਜਾ ਰਹੇ ਸਨ ਕਿ ਯਕ-ਯਕ ਉਹ ਉਡਾਰੂ ਹੰਸੜਾ ਬੜਾ ਪਿਆਰਾ ਵੀਰ ਦੂਲੇਸ਼ਰ ਪਿਛਲਵਾੜੇ ਬੈਠਾ ਬੈਠਾ ਉਡ ਕੇ ਡੰਡਉਤ ਪਰਨੇ ਹੋ ਕੇ, ਵਿਚਕਾਰ ਬੈਠੀ ਸਾਰੀ ਸੰਗਤ ਦੇ ਸੀਸਾਂ ਉਪਰ ਦੀ ਤਰਦਾ ਹੋਇਆ ਇਕੋ ਸੇਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਕਟ ਹਜ਼ੂਰੀ ਵਿਚ, ਸਨਮੁੱਖ ਹੋ ਕੇ ਮਸਤਕ ਪਰਨੇ ਆਇ ਉਮਡ ਆਇਆ। ਮੱਥਾ ਇਉਂ ਆਇ ਟਿਕਿਆ ਜਿਵੇਂ ਕੰਵਲ ਫੁੱਲ ਜਲ ਵਿਚ ਲਹਿਰਾਉਂਦਾ ਹੁੰਦਾ ਹੈ। ਮਸਤਕ ਸਰਣ ਹਜ਼ੂਰੀ ਦੀ ਧੂੜੀ ਵਿਚ ਸਥਿਤ ਹੋਇਆ ਹੋਇਆ ਤੇ ਹੋਰ ਸਾਰਾ ਸਰੀਰ ਡੰਡਵਤੀ ਲੰਬਾਣ ਵਿਚ ਧਰਤੀਓਂ ਉਪਰ ਹੀ ਉਪਰ ਅਜਬ ਉਡਾਣ ਵਿਚ ਲਹਿਰੇ ਲਵੇ, ਜਿਵੇਂ ਫੰਗਾਂ ਵਾਲੀ ਮਛਲੀ ਅਨਲ ਵਾਉ ਵਿਚ ਤਾਰੀਆਂ ਲਾ ਰਹੀ ਹੁੰਦੀ ਹੈ। ਇਹ ਇਕ ਬੜਾ ਅਨੂਠਾ ਤੇ ਅਜਬ ਅਜਾਬਾ ਦ੍ਰਿਸ਼ ਸੀ, ਜਿਸ ਨੂੰ ਦੇਖਣਹਾਰੇ ਚਕ੍ਰਿਤ ਹੋ ਰਹੇ ਸਨ। ਏਧਰ ਕੀਰਤਨ ਨ ਠੱਲ੍ਹੇ, ਉਧਰ ਇਹ ਦ੍ਰਿਸ਼ ਨ ਹਿੱਲੇ। ਰੱਬੀ ਰਮਜ਼ਾਂ ਦੇ ਪੰਧਾਣੂ ਕੀਰਤਨੀ ਜਨਾਂ ਨੇ ਅਮਰੀ ਰਮਜ਼ ਪਾਇ ਕੇ ਲਾਵਾਂ ਦਾ ਕੀਰਤਨ ਕਰਨਾ ਆਰੰਭ ਦਿੱਤਾ, ਮਾਨੋ ਇਕ ਅਮਰ ਜਗਿਆਸਣੂ ਸੁਹਾਗਣੀ ਦਾ ਅਕਾਲ ਪੁਰਖ ਨਾਲ ਅਨੰਦ ਵਿਵਾਹ ਹੋ ਰਿਹਾ ਹੈ। ਲਾਵਾਂ ਦਾ ਕੀਰਤਨ ਅਦਿਭੁਤ ਮਗਨਤਾ ਵਿਚ ਹੋਇਆ, ਜੋ ਅੱਜ ਤਾਈਂ ਕਦੇ ਨਹੀਂ ਹੋਇਆ ਸੀ। ਆਤਮ-ਅਭਿਆਸੀਆਂ ਨੂੰ ਬੜੇ ਹੀ ਆਨੰਦ ਕੌਤਕੀ ਹੁਲਾਰੇ ਆਏ। ਜਿਉਂ ਜਿਉਂ ਦੁਲਹਨੀ ਦੂਲ੍ਹਾ ਪ੍ਰੇਮ ਪੰਘੂੜੇ ਵਿਚ ਝੂਟੇ ਹੂਟੇ ਲਵੇ, ਤਿਉਂ ਤਿਉਂ ਦੇਖਣਹਾਰੇ ਅਤੇ ਅਮਰ ਅਕਾਲੀ ਆਨੰਦ ਕਰਾਉਣਹਾਰੇ ਕੀਰਤਨੀ ਜਨ ਆਪਣੇ ਲੋਰ ਖ਼ੁਮਾਰਾਂ ਵਿਚ ਝੂਲਣ। ਸਮੁੱਚੀਆ ਲਾਵਾਂ ਦੇ ਕੀਰਤਨ ਦੀ ਅਉਧੀ ਅੰਦਰ ਦੁਵੱਲਾ ਇਹ ਦ੍ਰਿਸ਼ ਬਣਿਆ ਰਿਹਾ। ਲਾਵਾਂ ਮੁੱਕੀਆਂ ਤੇ ਆਰਤੀ ਉਤਾਰਨ ਦੀਆਂ ਕੀਰਤਨ-ਧੁਨੀਆਂ ਉਠੀਆਂ। ਜਿਉਂ ਜਿਉਂ ਆਰਤੀ ਉਤਰੇ, ਤਿਉਂ ਤਿਉਂ ਸ਼ਾਂਤ ਮਗਨਤਾ ਵਾਪਰਦੀ ਜਾਵੇ। "ਗੋਪਾਲ ਤੇਰਾ ਆਰਤਾ" ਦੇ ਕੀਰਤਨ ਦੀ ਸਮਾਪਤੀ ਹੋਣ ਪਰ ਦੂਲੇ ਜੀ ਦਾ ਸੀਸ ਪਰਨੇ ਉਪਰ ਨੂੰ ਉਭਰਿਆ ਹੋਇਆ, ਧੜ ਮੁੜ ਧਰਤੀ ਨਾਲ ਆ ਲੱਗਿਆ ਤੇ ਉਹ ਮਰਜੀਵੜਾ ਛਪਾਲ ਤੇ ਨਿਸਲ ਹੋ ਕੇ ਡੰਡਾਉਤ ਪਰਨੇ ਪਿਆ ਪਿਆ ਹੀ ਸੁੰਨ ਸਮਾਧੀ ਵਿਚ ਲੀਨ ਹੋ ਗਿਆ।

ਸਾਰੀ ਸੰਗਤ ਵਿਚ ਸੱਨਾਟਾ ਛਾ ਗਿਆ। ਸਭ ਦੀ ਹੈਰਾਨਗੀ ਦੂਰ ਕਰਨ ਲਈ ਗੁਰਮੁਖ ਪੰਚ ਜਨਾਂ ਨੇ ਚੁੱਕ ਕੇ ਦੂਲੜੇ ਵੀਰ ਨੂੰ ਫਿਰ ਸਾਵਧਾਨ ਕੀਤਾ ਅਤੇ ਪ੍ਰੇਮ-ਆਤਮੀ ਠੰਡੋਲੜੇ ਡੋਲੜੇ ਵਿਚ ਪਾਇ ਕੇ, ਉਸ ਮੰਡਲ ਵਿਚੋਂ ਲਿਜਾ ਕੇ ਵਖਰੇ ਕਮਰੇ ਵਿਚ ਇਕਾਂਤ- ਸਿੰਘਾਸਨ ਤੇ ਜਾਇ ਬਿਰਾਜਮਾਨ ਕੀਤਾ। ਸਭ ਦੀ ਆਵਾਜਾਈ ਬੰਦ ਕਰ ਦਿਤੀ, ਨਿਜ ਪਰਵਾਰੀਆਂ ਦੇ ਫ਼ਿਕਰ-ਅੰਦੇਸ਼ੇ, ਦੂਰ ਕਰਨ ਹਾਰਿਆਂ ਨੇ ਦੂਰ ਕਰ ਦਿਤੇ। ਸਾਰੀ ਰਾਤ ਸਹਿਜ- ਸਿੰਘਾਸਨ ਤੇ ਪਏ ਦੂਲੜੇ ਜਨ ਦੇ ਮੁਖ ਮਸਤਕ ਤੇ ਰੰਗ ਚਲੂਲੇ ਖਿੜੇ ਰਹੇ। ਰੋਮ ਰੋਮ ਅੰਦਰ ਆਤਮ-ਵਿਗਾਸ ਵਾਲਾ ਅਭਿਆਸ-ਖੰਡਾ ਸਹਿਜ ਪ੍ਰੇਮ ਵੇਗ ਅੰਦਰ ਖੜਕਦਾ ਰਿਹਾ। ਅੰਮ੍ਰਿਤ ਵੇਲੇ ਉਠ ਕੇ ਸਾਵਧਾਨਤਾ ਸਾਹਿਤ ਸਾਰੇ ਗੁਰਮੁਖ ਵੀਰਾਂ ਨਾਲ ਰਲ ਕੇ ਇਸ਼ਨਾਨ ਹੋਏ, ਧਿਆਨ ਹੋਏ, ਨਿਤਨੇਮ ਦੇ ਪ੍ਰੇਮ-ਪਾਠ ਹੋਏ। ਫੇਰ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਅਰੰਭ ਹੋਈ। ਵੀਰ ਹਰਿਬਚਨ ਸਿੰਘ ਜੀ ਭੀ ਆ ਹਾਜ਼ਰ ਹੋਏ, ਜੋੜੀ ਦੀ ਧੁਨਕਾਰ, ਕੀਰਤਨ-ਗੁੰਜਾਰ ਸਾਹਿਤ ਉਠਣ ਦੀ ਦੇਰ ਹੈ ਕਿ ਹੋਸ਼ ਮਸਤ ਮਰਜੀਵੜਾ ਮਸਤ ਹੋ ਕੇ ਧੜੰਮ ਕਰਦਾ ਆਤਮ ਦੀ ਸੁਧੀ ਵਿਚ ਡੰਡੌਤ ਪਰਨੇ ਡਿਗ ਪਿਆ ਰੋਜ਼ ਰੋਜ਼ ਅਭਿਆਸ ਵਿਚ ਮਸਤ-ਉਲ-ਮਸਤ ਹੋ ਗਿਆ। ਜਿਉਂ ਜਿਉਂ ਜ਼ੋਰੋ ਜ਼ੋਰ ਕੀਰਤਨ ਹੋਵੇ, ਤਿਉਂ ਤਿਉਂ ਮਸਤੁਲ-ਮਸਤੀਆਂ ਦੀ ਮਸਤੀ ਹੋਰ ਜ਼ੋਰ ਫੜਦੀ ਜਾਵੇ। ਲਗਾਤਾਰ ਜੋ ਆਤਮ-ਅਹਿਲਾਦੀਆਂ ਦੀ ਅਖੰਡ ਧੁਨੀ ਜੁੜੀ ਰਹੀ, ਪਤਾ ਨਹੀਂ ਰਿਹਾ ਕਿ ਕਿਤਨੇ ਸਮੇਂ ਤਕ ਜੁੜੀ ਰਹੀ। ਭੋਗ ਪੈਣ ਪਰ ਮਹਾਂ ਪ੍ਰਸਾਦ (ਕੜਾਹ ਪ੍ਰਸ਼ਾਦ) ਦੇ ਛਾਂਦੇ ਵਰਤੇ ਅਤੇ ਅੰਮ੍ਰਿਤ ਛਾਂਦਿਆਂ ਦੇ ਭੁਖੇੜੇ ਵੀਰ ਹਰਿਬਚਨ ਸਿੰਘ ਜੀ ਨੂੰ ਖੂਬ ਰਜ ਰਜ ਛਾਂਦੇ ਛਕਾਏ। 'ਘਰ ਮਾਹੀਂ ਆਇ ਵੁਠੇ ਸਜਣਾ' ਨੇ ਉਥੋ ਵਿਦਾ ਹੋ ਕੇ ਚੁਪ-ਚੁਪਾਤੇ ਹੀ ਹੋਰਥ ਜਾਇ ਉਡਾਰੀਆਂ ਮਾਰੀਆਂ। ਸੰਗਤ ਵਿਛੜ ਗਈ, ਸਾਰਾ ਸਮਾਗਮ ਵਿਛੜ ਗਿਆ। ਉਕਤ ਪ੍ਰੇਮ-ਬਿਧੀਏ ਦੂਲੇ ਨੂੰ ਆਪਣੇ ਹਾਲਾਂ ਵਿਚ ਛੱਡ ਕੇ ਥਾਉਂ ਥਾਈਂ ਸਾਰੇ ਚਲੇ ਆਏ। ਤਦ ਪਸ਼ਚਾਤ ਜਦੋਂ ਵੀ ਪ੍ਰੇਮੀ ਜਨਾਂ ਦਾ ਜੁੜਨਾ ਹੋਇਆ ਤਦੋਂ ਹੀ ਅਗੰਮ ਤੋਂ ਹਰਿ-ਨਾਮੇ ਕੇ ਜੋੜੀ ਵੀ ਆਇ ਜੁੜਦੇ ਰਹੇ, ਬਸ ਉਹੀ ਹਾਲ ਉਹੋ ਢਾਲ। ਅਜਰ ਅਵਸਥਾ ਨੂੰ ਹੋਰ ਜਰਿਆ, ਜਰ ਜਰ ਕੇ ਸਾਰੀ


www.AKJ.Org

ਉਮਰ-ਅਵਸਥਾ ਹੀ ਗ੍ਰਿਹਸਤ ਮਾਰਗ ਵਿਚ ਗੁਜਾਰੀ, ਸਦ ਜਾਗਦੇ ਗੁਰਮੁਖ ਜੋਗਿਆ, ਗ੍ਰਿਹਸਤ ਉਦਾਸ ਸਚੜੇ ਜੋਗੀਆਂ ਵਾਂਗ ਗੁਜਾਰੀ।ਸਿਰੀ ਵੀਰ ਗੁਰਮੁਖ ਪਿਆਰੇ ਭਾਈ ਹਰਿਬਚਨ ਸਿੰਘ ਜੀ ਦਾ ਹਿਰਦਾ ਬੜਾ ਹੀ ਵਿਸ਼ਾਲ ਸੀ, ਪੁਜ ਕੇ ਉਦਾਰ ਸੀ। ਗੁਪਤ ਦਾਨੀ ਉਨ੍ਹਾਂ ਵਰਗਾ ਕੋਈ ਵਿਰਲਾ ਸਿਖ ਹੀ ਹੋਇਆ ਹੋਵੇਗਾ। ਤਨ ਮਨ ਧਨ ਉਨ੍ਹਾਂ ਲਈ ਇਕ ਸਹਿਜ ਸੁਹੇਲੀ ਖੇਡ ਸੀ। ਅੰਮ੍ਰਿਤ ਸੰਚਾਰ ਦੇ ਸਮਾਗਮਾਂ ਵਿਚ ਅੰਮ੍ਰਿਤ ਸੰਚਾਰ ਦੇ ਸਮਾਗਮਾਂ ਵਿਚ ਵੀਰ ਹਰਿਬਚਨ ਸਿੰਘ ਜੀ ਨੂੰ ਪੰਜਾਂ ਪਿਆਰਿਆ ਵਿਚ ਲਏ ਜਾਣ ਦੇ ਜਦੋਂ ਵੀ ਫੁਰਨੇ ਅਤੇ ਚੋਣ ਵਿਚ ਉਕਤ ਵੀਰ ਦੇ ਲਏ ਜਾਣ ਦੀਆਂ ਦਲੀਲਾਂ ਬੱਝੀਆਂ, ਤਦੋਂ ਹੀ ਉਹ ਨਿਮਰੀਭੂਤ ਹੋ ਕੇ ਨਿਰੀ ਨਿਰਮਾਣਤਾ ਵਿਚ ਲੀਨ ਹੋ ਜਾਂਦੇ ਸਨ, ਪਰ ਹੱਠੀਆਂ ਵਾਲਾ ਹੱਠ ਕਦੇ ਨਹੀਂ ਕਰਦੇ ਸਨ, ਸੰਗਤਾਂ ਦਾ ਹੁਕਮ ਸਿਰ ਮੱਥੇ ਤੇ ਮੰਨ ਕੇ ਸਦਾ ਸਤਿਗੁਰੂ ਦੀ ਰਜਾਇ ਵਿਚ ਰਹਿੰਦੇ ਸਨ। ਕਦੇ ਵੀ ਉਨ੍ਹਾਂ ਨੂੰ ਕੁਝ ਬਣ ਬੈਠਣ ਦਾ ਅਹਿਸਾਸ ਮਹਿਸੂਸ ਨਹੀਂ ਹੋਇਆ, ਗੁਰੂ ਦੀ ਅਪਾਰ ਕਿਰਪਾ ਦੇ ਸ਼ੁਭ ਲੱਛਣ ਉਨ੍ਹਾਂ ਦੀ ਆਤਮ-ਦਸ਼ਾ ਤੇ ਹਮੇਸ਼ਾ ਵਰਤਦੇ ਰਹਿੰਦੇ ਸਨ। ਢੇਰ ਚਿਰ ਬਰਸਾਂ ਵਧੀ ਅਜਿਹੀ ਹੀ ਇਕ-ਰਸ ਅਵਸਥਾ ਉਨ੍ਹਾਂ ਦੀ ਬੱਝੀ ਰਹੀ।

ਫਿਰ ਭਾਣੇ ਦਾ ਗੇੜ ਐਸਾ ਹੋਇਆ ਕਿ ਉਨ੍ਹਾਂ ਦੀ ਫੌਜ ਬਦੇਸ਼ਾਂ ਵਿਚ ਹੋ ਰਹੀ ਲੜਾਈ ਵਿਚ ਫਰਾਂਸ ਆਦਿਕ ਦੇਸ਼ਾਂ ਵਿਚ ਪਧਾਰ ਗਈ ਅਤੇ ਅਸਾਡੇ 1915 ਦੇ ਸਾਕਿਆਂ ਦੇ ਵਰਤਣ ਤੋਂ ਪਹਿਲਾਂ ਹੀ ਪਧਾਰ ਗਈ। ਵਿਚੇ ਹੀ ਪਿਆਰੇ ਦੂਲੇਸ਼ਰ ਹਰਿਬਚਨ ਸਿੰਘ ਜੀ ਜੈਸੇ ਵੀਰ ਵੀ ਜੰਗ ਨੂੰ ਜਾਣ ਕਰਕੇ ਵਿਛੜ ਗਏ, ਸਰਕਾਰੀ ਹੁਕਮ ਦੇ ਬੱਧੇ ਹੋਏ। ਸ਼ੁਕਰ, ਸਦ ਸ਼ੁਕਰ, ਕਿ ਉਹਨਾਂ ਦੇ ਅਤਿ ਪਿਆਰੇ ਲਾਲ ਅਮੋਲੇ ਅਮੁਲ ਗੁਣੀ ਵੀਰ ਬਾਬੂ ਮੱਲ ਸਿੰਘ ਜੀ ਵੀ ਬਦੇਸ਼ੀ ਜੰਗਾਂ ਜੁਧਾਂ ਵਿਚ ਉਨ੍ਹਾਂ ਦੇ ਨਾਲ ਹੀ ਰਹੇ। ਅਸੀਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਭਜਨ-ਅਨੰਦੀ ਉਮਰ ਕੈਦਾਂ ਕੱਟੀਆਂ, ਉਨ੍ਹਾਂ ਦੀ ਵਿਡਾਣੀ ਚਾਕਰੀ ਕੈਦ ਵਿਚ ਦੇਸੋਂ ਬਦੇਸ਼ ਹੋ ਕੇ ਜੁੱਧਾਂ ਜੰਗਾਂ ਦੀਆਂ ਘਾਲਾਂ ਘਾਲੀਆਂ। ਭਾਣੇ ਅੰਦਰ ਸਿਰੀ ਵੀਰ ਹਰਿਬਚਨ ਸਿੰਘ ਜੀ ਜੈਸੇ ਦੂਲੇ ਜਨ ਅਤੇ ਇਸ ਜਥੇ ਦੇ ਪ੍ਰੇਮ ਅਭਿਆਸੀ ਰੁਕਨ ਸਿਰੀ ਮਾਨ ਬਾਬੂ ਮੱਲ ਸਿੰਘ ਜੀ ਸਾਰਖੇ ਗੁਰਮੁਖ ਜਨ ਅਤੇ ਸਾਡੇ ਅਣਡਿਠੇ ਨਵ-ਮੁਸ਼ਕੇ ਨਵਯੁਵਕ ਸੰਤ ਮੱਘਰ ਸਿੰਘ ਜੀ ਜੈਸੀਆਂ ਰੂਹਾਂ ਜੰਗੀ ਜੋਧਿਆਂ ਦੀਆਂ ਲੜੀਆਂ ਵਿਚ ਸੁਤੇ ਹੀ ਪ੍ਰੋਤੀਆਂ ਹੋਈਆਂ ਸਨ। ਇਸ ਕਰਕੇ ਗੋਰਿਆਂ ਦੀ ਗੋਰਾਸ਼ਾਹੀ ਗੌਰਮਿੰਟ ਦਾ ਪਲੜਾ ਹਿਠਾਂਹ ਨੂੰ ਨਾ ਹੋਣਾ ਪਾਇਆ, ਨਹੀਂ ਤਾਂ ਆਤਮ-ਅਭਿਆਸੀਆਂ ਦੀਆਂ ਜੇਲ੍ਹਾਂ ਵਿਚ ਕੀਤੀਆਂ ਨਾਮ ਅਭਿਆਸ ਦੀਆਂ ਅਗਾਧ ਕਮਾਈਆ ਜ਼ਰੂਰ ਇਸ ਗੋਰਾ-ਸ਼ਾਹੀ ਗੌਰਮਿੰਟ ਨੂੰ ਉਦੋਂ ਹੀ ਗਾਰਤ ਕਰ ਦਿੰਦੀਆਂ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਵਿਡਾਣੀ ਚਾਕਰੀ ਦੀ ਯੁਧ-ਜੰਗੀ-ਜ਼ੰਜੀਰਾਂ ਵਿਚ ਜਕੜੇ ਹੋਏ ਦੂਲੇ ਵੀਰਾਂ ਨੇ ਜੋ ਬੇਹੱਦ ਮੁਸੀਬਤਾਂ ਝਾਲੀਆਂ ਤੇ ਘਾਲੀਆਂ, ਉਸ ਦੇ ਮੁਕਾਬਲੇ ਵਿਚ ਅਸਾਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਮੁਕਈਅਦ ਦੇਸ਼-ਭਗਤਾਂ ਅਤੇ ਧਰਮੱਗ ਸੱਜਣਾਂ ਨੇ ਜੋ ਕਸ਼ਟਾਵਲੀਆਂ ਸਹੀਆਂ, ਇਤਨੀਆਂ ਭਿਆਨਕ ਤੇ ਦਰਦਨਾਕ ਨਹੀਂ ਜਾਪਦੀਆਂ, ਜੈਸਾ ਕਿ ਅਸੀਂ ਦੂਲੇ ਵੀਰ ਭਾਈ ਹਰਿਬਚਨ ਸਿੰਘ ਦੀਆਂ ਕਸ਼ਟਕਮਾਈਆਂ ਦੀ ਸੋਇ ਸੁਣੀ ਹੈ। ਇਸ ਪ੍ਰਥਾਇ ਅੱਖੀਂ ਡਿੱਠਾ ਸਮਾਚਾਰ ਤਾਂ ਦੂਲੇ ਵੀਰ ਹਰਿਬਚਨ ਸਿੰਘ ਜੀ ਦੇ ਯੁਧਾਂ ਜੰਗਾਂ ਦੇ ਸਾਥੀਅੜੇ ਸਿਰੀ ਵੀਰ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਹੀ ਵਿਸਥਾਰ ਸਹਿਤ ਵਰਨਣ ਕਰ ਸਕਦੇ ਹਨ। ਪਰ ਇਤਨਾ ਦੱਸੇ ਬਗੈਰ ਅਸੀਂ ਨਹੀਂ ਰਹਿ ਸਕਦੇ ਕਿ ਯੁਧਾਂ ਜੰਗਾਂ ਤੋਂ ਵਾਪਸ ਆਉਣ ਪਰ ਅਸੀਂ ਦੂਲੇ ਵੀਰ ਹਰਿਬਚਨ ਸਿੰਘ ਜੀ ਦਾ ਦਰਸ਼ਨ ਕੀਤਾ, ਤਾਂ ਉਨ੍ਹਾਂ ਦਾ ਮਸਤਕ ਚੇਹਰਾ ਨੂਰਾਨੀ ਆਤਮ-ਰੰਗਾਂ ਨਾਲ ਅਗੇ ਨਾਲੋਂ ਵੀ ਵਧੇਰੇ ਦਗ ਦਗ ਕਰਦਾ ਸੀ, ਜੈਸੇ ਕਿ ਅਸੀਂ ਜੁੱਧ ਜੰਗ ਦੇ ਜਾਣ ਤੋਂ ਪਹਿਲਾਂ ਡਿਠਾ ਸੀ। ਚਾਹੇ ਮਿਲਟਰੀ ਡਾਕਟਰ ਅਤੇ ਸਿਵਲ ਮਹਿਕਮੇ ਦੇ ਖਾਸ ਸਿਰਕਢ ਮਸ਼ਹੂਰ ਮੈਡੀਕਲ ਆਫ਼ੀਸਰ ਇਹ ਫ਼ਤਵਾ ਲਾ ਚੁਕੇ ਸਨ ਕਿ ਇਨ੍ਹਾਂ ਉਤੇ ਇਕ ਸਰੀਰਕ ਬੀਮਾਰੀ ਐਸੀ ਪ੍ਰਬਲ ਹੋ ਕੇ ਨਾਜ਼ਲ ਹੋ ਚੁੱਕੀ ਹੈ ਕਿ ਕਿਸੇ ਵਕਤ ਵੀ ਇਨ੍ਹਾਂ ਦੇ ਸਰੀਰ ਵਿਚੋਂ ਸਵਾਸ ਇਕ-ਦਮ ਨਿਕਲ ਜਾਣਗੇ, ਪਰ ਫੇਰ ਵੀ ਇਸ ਆਤਮ-ਜਲਾਲੀ ਗੁਰਮੁਖ ਵੀਰ ਨੇ ਰੰਚਕ ਮਾਤਰ ਗੁਮੇਹ ਨਹੀਂ ਕੀਤਾ ਅਤੇ ਅਤਿਅੰਤ ਚੜ੍ਹਦੀਆਂ ਕਲਾਂ ਵਿਚ ਫਿਰਦੇ ਰਹੇ। ਅੱਜ ਤਾਈਂ ਕਦੇ ਉਹ ਘਬਰਾਏ ਹੋਏ ਨਹੀਂ ਦੇਖੇ, ਕਦੇ ਵੀ ਉਨ੍ਹਾਂ ਦੀ ਬ੍ਰਿਤੀ ਉਤੇ ਤੈਸ਼, ਕ੍ਰੋਧ ਅਤੇ ਫਿਕਰ ਤਾਰੀ ਹੀਂ ਹੋਇਆ। ਸਹਿਨ ਸ਼ੀਲਤਾ ਦੇ ਪੁਤਲੇ ਸਿਰੀ ਦੂਲੇਸ਼ਰ ਵੀਰ ਹਰ ਸਮੇਂ ਪ੍ਰਮਾਰਥੀ ਰੰਗਾਂ ਦੇ ਦੂਲੇ ਹੀ ਬਣ ਰਹੇ। ਅਗੇ ਨਾਲੋਂ ਵੀ ਵਡ ਵਡੇਰੇ ਅਤੇ ਵਧੇਰੇ ਆਤਮ-ਮੌਜਾਂ ਵਿਚ ਖੇਡਦੇ ਰਹੇ।

ਉਨ੍ਹਾਂ ਦੀਆਂ ਆਤਮ ਮੌਜੀ ਘਟਨਾਵਾਂ ਦੇ ਪਵਿਤਰ ਪਾਵਨ ਜ਼ਿਕਰ ਤਾਂ ਉਨ੍ਹਾਂ ਦੇ ਨਿਕਟ-ਵਰਤੀ ਆਤਮ-ਦਰਸੀ ਗੁਰਮੁਖ ਵੀਰ ਬਾਬੂ ਮੱਲ ਸਿੰਘ ਜੀ ਹੀ ਕਰ ਸਕਦੇ ਹਨ। ਉਨ੍ਹਾਂ ਦੇ ਗੁਰਮਤਿ ਗੁਣਾਂ ਦੇ ਵਸਫ਼ ਕੀ ਕੀ ਲਿਖੀਏ, ਲਿਖੇ ਨਹੀਂ ਜਾਂਦੇ, ਬੜੇ ਬੇਅੰਤ ਹਨ, ਗੁਰਸਿੱਖੀ ਕਮਾਉਣਹਾਰੇ ਗੁਰਸਿੱਖਾਂ ਦਾ ਉਹ ਪੂਰਾ ਨਮੂਨਾ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੱਈਆਂ ਵਿਚ ਜਦ ਅਸੀਂ ਕਰਨੀ ਕਮਾਲ ਵਾਲੇ ਗੁਰਸਿੱਖਾਂ ਦੀ ਮਹਿਮਾ-ਮਈ ਝਾਕੀ ਮਾਤਰ ਸਾਖੀ ਪੜ੍ਹਦੇ ਹਾਂ, ਤਾਂ ਸਾਡੇ ਸਨਮੁਖ ਅਸਾਡੇ ਦੂਲੇ ਵੀਰ ਭਾਈ ਹਰਿਬਚਨ ਸਿੰਘ ਜੀ ਦਾ ਜੀਵਨ ਹੂ-ਬ-ਹੂ ਆ ਖਲੋਂਦਾ ਹੈ। ਉਹ ਇਸ ਅਸਾਰ ਸੰਸਾਰ ਤੋਂ ਚਲਾਣਾ ਤਾਂ ਕਰ ਗਏ, ਪਰ ਸਾਨੂੰ ਕਦੇ ਪ੍ਰਤੀਤ ਨਹੀਂ ਹੋਇਆ, ਅਸਾਥੋਂ ਨਿਖੜ ਗਏ ਹਨ। ਜਲ ਕਮਲ ਵਤ ਗ੍ਰਿਹਸਤ ਵਿਚ ਅਲੇਪ ਰਹਿੰਦੇ ਹੋਏ ਅਤੇ ਮਾਇਆ ਕੁਟੰਬ ਵਲੋਂ ਨਿਰਮੋਹ ਹੁੰਦੇ ਹੋਏ, ਸਰੀਰਕ ਕਸ਼ਟਾਂ ਦੀ ਪਰਵਾਹ ਨ ਕਰਦੇ ਹੋਏ, ਤਨਕ ਮਾਤ੍ਰ ਦੇ ਫੇਰੇ ਵਿਚ ਹੀ ਸਰੀਰ ਨੂੰ ਤਿਆਗ ਗੁਰਪੁਰੀ ਨੂੰ ਪਧਾਰ ਗਏ। ਪਰ ਉਨ੍ਹਾਂ ਦੀ ਆਤਮਾ ਹਰ ਦਮ ਤੇ ਹਰ ਛਿਨ ਉਨ੍ਹਾਂ ਸੇਤੀ ਇਕ ਮਿਕ ਹੋਏ ਗੁਰਮੁਖ ਪਿਆਰਿਆਂ ਵਿਚ ਉਸੇ ਤਰ੍ਹਾਂ ਹਾਜ਼ਰ ਨਾਜ਼ਰ ਵਿਚਰਦੀ ਰਹਿੰਦੀ ਹੈ, ਮਾਨੋ ਉਹ ਕਦੇ ਵਿਛੜੇ ਹੀ ਨਹੀਂ।

**ਤਿਸੁ ਬਾਹੁੜ ਗਰਭਿ ਨ ਪਾਵਹੀ,**
**ਜਿਸੁ ਦੇਵਹਿ ਗੁਰਮੰਤਾ ।।** (ਪੰਨਾ ੧੦੯੫)



www.AKJ.Org

# ਮਾਮੂਲੀ ਜਲ ਤੋਂ ਨਾਮੁ ਅੰਮ੍ਰਿਤ ਜਲ ਦੀ ਸਿਰਜਨਾ

(ਭਾਈ ਹੀਰਾ ਸਿੰਘ ਜੀ)

ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ।
ਗੁਰੁ ਪਰਮੇਸੁਰੁ ਸੇਵਿਆ ਭੈ ਭੰਜਨੁ ਦੁਖ ਲਥੁ

।੩। ਸਿਰੀ ਰਾਗੁ ਮ:੫-੯੦ ਪੰਨਾ ੪੯

ਗੁਰਬਾਣੀ ਅੰਦਰ ਪਾਣੀ (ਜਲ) ਨੂੰ ਜਗਤ ਦਾ ਪਿਤਾ ਮੰਨਿਆ ਹੈ।

ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ।
ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ਪੰਨਾ ੧੨੪੦

ਸਾਰੰਗ ਕੀ ਵਾਰ

ਅਤੇ "ਮਾਇਆ ਜਲੁ ਖਾਈ ਪਾਣੀ ਘਰ ਬਾਂਧਿਆ।" (ਪੰਨਾ ੮੭) ਦੇ ਗੁਰ ਦਰਸ਼ਨ ਮੁਜਬ, ਜਲ ਪ੍ਰਿਥਵੀ ਨਾਲ ਮਿਲ ਕੇ ਮਿੱਟੀ ਵਿਚ ਰਲੇ ਹੋਏ ਛੇਆਂ ਰਸਾਂ ਨੂੰ ਸੁਰਜੀਤ ਕਰ ਦਿੰਦਾ ਹੈ ਅਤੇ ਅੱਡ ਅੱਡ ਸੁਭਾਵ ਦੇ ਦਰਖਤ ਬੂਟੇ ਬਨਾਸਪਤੀ ਆਦਿ ਆਪਣਾ ਆਪਣਾ ਲੋੜੀਂਦਾ ਰਸ ਆਪਣੀਆਂ ਜੜ੍ਹਾਂ ਦੇ ਬੁਧੀ ਨੇੜ੍ਹਾਂ ਦੁਆਰਾ ਚੂਸ ਲੈਂਦੇ ਹਨ। ਇਹ ਭਿੰਨ ਭਿੰਨ ਰਸ-ਚੂਸਨ-ਗੁਣ ਪਾਣੀ ਕਾਰਨ ਹੀ ਉਤਪੰਨ ਹੁੰਦਾ ਹੈ। ਸਤਿਗੁਰੂ ਜੀ ਨੇ ਫੁਰਮਾਇਆ ਹੈ-

ਤੋਇਅਹੁ ਅੰਨੁ ਕਮਾਦਾ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ।
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ।

ਮ੧-੨੫ ਪੰਨਾ ੧੨੯੦ ਮਲਾਰ ਕੀ ਵਾਰ

ਤੋਏ (ਪਾਣੀ) ਦੇ ਸਾਰੇ ਵਿਕਾਰਾਂ (ਗੁਣਾਂ) ਦਾ ਗੁਰਬਾਣੀ ਅੰਦਰ ਜ਼ਿਕਰ ਹੈ। ਵਿਗਿਆਨੀਆਂ ਨੇ ਪਾਣੀ ਦੇ ਜੁਜ਼ (ਗੈਸ) ਲਭੇ ਹਨ ਜਿਨ੍ਹਾਂ ਨੂੰ ਐਕਸੀਜਨ (Oxygen) ਹਵਾ ਅਤੇ ਹਾਈਡ੍ਰੋਜਨ (Hydrogen) ਅਥਵਾ $H_2O$ (ਐਚ ਟੂ ਓ) ਆਖਿਆ ਜਾਂਦਾ ਹੈ। ਹਾਈਡ੍ਰੋਜਨ ਅੰਦਰ ਵਿਗਿਆਨੀਆਂ ਨੇ ਅੰਤਾਂ ਦੀ ਸ਼ਕਤੀ ਲੱਭੀ ਹੈ। ਕਈ ਦਰਿਆਵਾਂ ਨੂੰ ਬੰਨ੍ਹ ਮਾਰ ਕੇ ਹਾਈਡ੍ਰੋਇਲੈਕਟ੍ਰਿਕ ਚੈਨਲ (Hydro Electric Channels) (ਨੀਰ ਬਿਜਲੀ) ਬਰਕਾਬੀ ਤੇ ਟਰਬਾਈਨ (Turbine, ਚਰਖਾਬ) ਲਗਾਕੇ ਬੇ-ਓੜਕ ਬਿਜਲੀ ਪੈਦਾ ਕਰ ਲਈ ਹੈ ਜਿਸ ਨਾਲ ਸ਼ਹਿਰ ਤੇ ਪਿੰਡ ਰੁਸ਼ਨਾਏ ਗਏ ਹਨ, ਟਿਊਬ-ਵੈਲ (ਨਲ-ਖੂਹ) ਤੇ ਤਰ੍ਹਾਂ ਤਰ੍ਹਾਂ ਦੇ ਕਾਰਖਾਨੇ ਚਲ ਰਹੇ ਹਨ।

ਜਿਵੇਂ ਤਬੀਬ ਤੇ ਡਾਕਟਰ ਰੰਗ ਬਰੰਗੀਆਂ ਸ਼ੀਸ਼ੀਆਂ ਵਿਚ ਜਲ ਪਾ ਕੇ, ਧੁੱਪੇ ਸੂਰਜ ਦੀ ਰੌਸ਼ਨੀ ਵਿਚ ਰੱਖਕੇ ਉਸ ਜਲ ਨਾਲ ਤਰ੍ਹਾਂ ਤਰ੍ਹਾਂ ਦੇ ਬਿਮਾਰਾਂ ਦੇ ਰੋਗਾਂ ਲਈ ਵਰਤਦੇ ਹਨ, ਤਿਵੇ ਗੁਰਬਾਣੀ ਪੜ੍ਹਦੇ ਹੋਏ ਨੇਤਰਾਂ ਦੀ ਰੌਸ਼ਨੀ ਦੀਆਂ ਕਿਰਨਾ ਅੰਮ੍ਰਿਤ ਜਲ ਪਾ ਕੇ ਕਮਜ਼ੋਰ ਤੇ ਨਿਰਬਲ ਅੰਮ੍ਰਿਤ ਅਭਿਲਾਖੀ ਦੀ ਦੁਰਬਰਲਤਾ ਦੂਰ ਕਰਨ ਦੇ ਗੁਣ ਉਤਪਤ ਕੀਤੇ ਜਾਂਦੇ ਹਨ ਜਿਸਨੂੰ ਪੀ ਕੇ ਉਹ ਸ਼ੇਰ ਮਰਦ ਬਣ ਜਾਂਦੇ ਹਨ।

ਜਿਵੇਂ ਡਾਕਟਰ ਹਕੀਮ ਛਾਤੀ ਬਖੀਆਂ ਆਦਿ ਦੇ ਦਰਦ ਲਈ ਗਰਮ ਪਾਣੀ ਦੀ ਬੋਤਲ ਰੱਖਣ ਲਈ ਕਹਿੰਦੇ ਹਨ ਜਾਂ ਇੱਟ ਰੋੜੇ ਨੂੰ ਤਪਾ ਕੇ ਪਾਣੀ ਪਾ ਕੇ ਉਸਦਾ ਭਪਾਰਾ ਦਿੰਦੇ ਹਨ ਅਤੇ ਤਾਪ ਦੀ ਤੇਜ਼ੀ ਨੂੰ ਰੋਕਣ ਲਈ ਮੱਥੇ ਉਤੇ ਠੰਡੇ ਪਾਣੀ ਦਾ ਕੱਪੜਾ ਜਾਂ ਬਰਫ਼ ਰਖਵਾਂਦੇ ਹਨ ਤਿਵੇਂ ਗੁਰਬਾਣੀ ਪੜ੍ਹਨ ਦੀ ਤਪਸ਼ ਅਤੇ ਬਾਟੇ ਵਿਚ ਖੰਡੇ ਦੀ ਰਗੜ ਨਾਲ ਉਤਪੰਨ ਹੋਈ ਗਰਮੀ ਜਲ ਵਿਚ ਪਰਵੇਸ਼ ਕਰਕੇ ਮਨ ਦੀ ਤਪਤ ਬੁਝਾਂਦੀ ਹੈ।

"ਤਪਤਿ ਬੁਝੀ ਸੀਤਲ ਆਘਾਨੇ
ਸੁਨਿ ਅਨਹਦ ਬਿਸਮ ਭਏ ਬਿਸਮਾ"

(ਪੰਨਾ ੧੨੧੮ ਸਾਰਗ ਮ੫-੯੯)

ਡਾਕਟਰ ਕਈ ਮਾਨਸਿਕ ਰੋਗੀਆਂ ਨੂੰ ਬਿਜਲੀ ਦੇ ਝਟਕਿਆਂ ਨਾਲ ਤੰਦਰੁਸਤੀ ਬਖ਼ਸ਼ਦੇ ਹਨ। ਪਾਣੀ ਵਿਚ ਖੰਡਾ ਫੇਰਨ ਸਮੇਂ ਗੁਰਬਾਣੀ ਦੀਆਂ ਲਹਰਾਂ (ਥੱਰਾਟਾਂ) ਨਾਲ ਜਗਿਆਸੂ ਦੇ ਮਨ ਦੀ ਵਿਦਯੁਤ ਇਕਸੁਰ ਹੋ ਜਾਂਦੀ ਹੈ ਅਤੇ ਅੰਮ੍ਰਿਤ ਪਿਲਾਉਣ ਵੇਲੇ ਅੰਮ੍ਰਿਤ ਵਿਚ ਪ੍ਰਵੇਸ਼ ਹੋ ਚੁੱਕੇ ਗੁਰਬਾਣੀ ਬਰਕੀ ਦੇ ਝਟਕੇ ਕਮਜ਼ੋਰ ਜਗਿਆਸੂ ਨੂੰ ਨਿਰੋਈ ਸੇਹਤ ਬਖ਼ਸ਼ਦੇ ਹਨ। "ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ।" ਪੰਨਾ ੭੦੮ ਪਉੜੀ 12 ਵਾਰ ਜੈਤਸਰੀ ਕੀ) ਗੁਰਮਤਿ ਅਨੁਸਾਰ ਨਾਦ (ਆਵਾਜ਼) ਵਿਚ ਵੱਡੀ ਸ਼ਕਤੀ ਹੈ ਕਿ ਕਈ ਪ੍ਰਚਾਰਕ ਬੱਝਵੇਂ ਸ਼ਬਦਾਂ ਦੀ ਆਵਾਜ਼ ਨਾਲ ਸ੍ਰੋਤਿਆਂ ਦੇ ਦਿਲਾਂ ਵਿਚ ਜੋਸ਼ ਭਰ ਦਿੰਦੇ ਹਨ, ਕਈ ਵਾਰ ਰੁਆ ਵੀ ਦਿੰਦੇ ਹਨ। ਅੰਮ੍ਰਿਤ ਪ੍ਰਚਾਰ ਲਈ ਪੜ੍ਹੀ ਜਾ ਰਹੀ ਗੁਰਬਾਣੀ ਦੀ ਮਧੁਰ ਧੁਨ ਅੰਮ੍ਰਿਤ ਜਲ ਵਿਚ ਪ੍ਰਵੇਸ਼ ਹੁੰਦੀ ਰਹਿੰਦੀ ਹੈ ਜਿਸ ਅੰਮ੍ਰਿਤ ਜਲ ਨੂੰ ਪੀ ਕੇ ਡਰਾਕਲ ਪੁਰਸ਼ ਸ਼ੇਰਮਰਦ ਬਣ ਜਾਂਦੇ ਹਨ।

ਸਰਬ ਲੋਹ ਦੇ ਖੰਡੇ ਦੀ ਰਗੜ ਨਾਲ ਖੰਡੇ ਤੇ ਬਾਟੇ ਦੇ ਲੋਹ ਕਣ ਜਲ ਵਿਚ ਪ੍ਰਵੇਸ਼ ਹੁੰਦੇ ਰਹਿੰਦੇ ਹਨ ਅਤੇ ਪੰਜ ਪਿਆਰਿਆਂ ਦੀ ਆਤਮਿਕ ਸ਼ਕਤੀ ਅਤੇ ਨੇਤ੍ਰ ਸ਼ਕਤੀਆਂ ਤੇ ਹੱਥਾਂ ਦੁਆਰਾ ਇਸ ਜਲ ਅੰਦਰ ਚੁੰਬਕ ਸ਼ਕਤੀ ਨੂੰ ਗੁਰਬਾਣੀ ਨਾਲ ਜਲ ਅੰਦਰ ਆਇਓਨਾਈਜ਼ (Ionise) ਕਰਦੇ ਰਹਿੰਦੇ ਹਨ। ਜੋ ਅੰਮ੍ਰਿਤ ਅਭਿਲਾਖੀ ਦੇ ਰਕਤ ਨੂੰ ਤਾਕਤ ਬਖ਼ਸ਼ਦੇ ਮਨ ਨੂੰ ਚੜ੍ਹਦੀਆਂ ਕਲ੍ਹਾਂ ਵਿਚ ਲੈ ਜਾਂਦੇ ਹਨ ਅਤੇ ਉਸਦਾ ਜਨਮ ਮਰਨ ਭੈ ਦੂਰ ਹੋ ਜਾਂਦਾ ਹੈ।

ਗੁਰਿ ਅੰਮ੍ਰਿਤ ਹਰਿ ਮੁਖਿ ਚੋਇਆ ਮੇਰੀ ਜਿੰਦੜੀਏ
ਫਿਰਿ ਮਰਦਾ ਬਹੁੜਿ ਜੀਵਾਇਆ ਰਾਮ।੩। ਬਿਹਾਗੜਾ ਮ੪ ਪੰਨਾ ੫੩੮

ਨਾਮੁ ਅੰਮ੍ਰਿਤ ਜਲ ਅੰਦਰ ਗਿਆਨਾਤਮਿਕ ਵਿਦਯੁਤ ਬਾਟੇ ਦੇ ਖੰਡੇ ਦੀ ਰਗੜ ਨਾਲ ਐਉਂ ਉਤਪੰਨ ਹੁੰਦੀ ਹੈ ਜਿਵੇਂ ਭਾਫ ਦੇ ਬਣੇ ਬਦਲਾਂ ਦੀ ਆਪਸੀ-ਰਗੜ ਨਾਲ ਅਸਮਾਨੀ ਬਿਜਲੀ। ਗੁਰਬਾਣੀ ਦੀ ਮਧੁਰ ਧੁਨੀ ਨਾਮ ਅੰਮ੍ਰਿਤ ਜਲ ਵਿਚ ਜਜ਼ਬ ਹੋ ਕੇ ਜਗਿਆਸੂ ਦੀ ਸੁਰਿਤ ਨੂੰ ਐਉਂ ਚੇਤੰਨ ਕਰਦੀ ਹੈ ਜਿਵੇਂ ਮਛੇਰੇ ਪਾਣੀ ਅੰਦਰ ਹੱਥ ਦੀਆਂ ਉਂਗਲੀਆਂ ਦੀ ਚੁਟਕੀ ਬਜਾਕੇ ਚੁੱਘ ਚੁੱਘ ਦੀ ਆਵਾਜ਼ ਪੈਦਾ ਕਰਦੇ ਮੱਛੀਆਂ ਦੀ ਸੁਰਤਿ ਖਿਚਦੇ ਹਨ ਤੇ ਉਹ ਉਸ ਚੁਟਕੀ ਬਜਾਵਨ ਦੀ ਜਗ੍ਹਾਂ ਆ ਜਮ੍ਹਾ ਹੁੰਦੀਆਂ ਹਨ। ਤਾਰਾ ਮੰਡਲ, ਗਗਨ ਮੰਡਲ, ਜਾਨਵਰਾਂ ਪਸ਼ੂਆਂ ਦੀਆਂ ਤੇ ਪ੍ਰਾਕ੍ਰਿਤੀ ਦੀਆਂ ਆਵਾਜ਼ਾਂ ਦਾ ਜਲ ਉਤੇ ਪਿਆ ਪ੍ਰਭਾਵ ਗੁਰਬਾਣੀ ਪੜ੍ਹਨ ਨਾਲ (ਗੁਰਬਾਣੀ ਦੀ ਮਧੁਰ ਧੁਨਿ ਨਾਲ) ਐਉਂ ਕਾਫੂਰ ਹੋ ਜਾਂਦਾ ਹੈ ਜਿਵੇਂ ਰੀਕਾਰਡ ਕੀਤੀ ਹੋਈ ਆਵਾਜ਼ ਦੋਬਾਰਾ ਆਵਾਜ਼ ਰੀਕਾਰਡ ਕਰਨ ਨਾਲ (ਪਹਿਲੀ ਆਵਾਜ਼) ਨਸ਼ਟ ਹੋ ਜਾਂਦੀ ਹੈ।

ਸਤਿਗੁਰੂ ਜੀ ਦੇ ਕੌਤਕਾਂ ਨੂੰ ਸਤਿਗੁਰੂ ਜੀ ਹੀ ਜਾਣਨ। ਗੁਰਬਾਣੀ ਅੰਦਰ ਜ਼ਿਕਰ ਹੈ ਕਿ----



www.AKJ.Org

ਪਉੜੀ। ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ। ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ।
ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ।
ਜਿਨਕੈ ਪੋਤੈ ਪੁੰਨੁ ਹੈ ਗੁਰਪੁਰਖੁ ਮਿਲਾਇਆ।
ਨਾਨਕ ਸਹਜੇ ਮਿਲ ਰਹੇ ਹਰਿ ਨਾਮਿ ਸਮਾਇਆ। ੨।

ਸਾਰੰਗ ਕੀ ਵਾਰ ਮ੪ ਪੰਨਾ ੧੨੩੮

ਇਸ ਨਾਮ ਅੰਮ੍ਰਿਤ ਜਲ ਨੂੰ ਸੁਰ ਨਰ ਮੁਨੀ ਮਨੀਸਰ ਖੋਜਦੇ ਖੋਜਦੇ ਮਰ ਖਪ ਗਏ ਪਰ ਸਤਿਗੁਰੂ ਜੀ ਨੇ ਅਪਾਰ ਕ੍ਰਿਪਾ ਕਰਕੇ ਗੁਰਸਿਖਾਂ ਲਈ ਪ੍ਰਕਾਸ਼ਿਆ ਅਤੇ ਪਿਲਾ ਕੇ ਅਮਰ ਖਾਲਸੇ ਬਣਾ ਦਿੱਤਾ।

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ।
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ।
ਜੀਅ ਜੰਤ ਸਭ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ!
ਲਬੁ ਲੋਭੁ ਅਹੰਕਾਰ ਚੂਕਾ ਸਤਿਗੁਰੂ ਭਲਾ ਭਾਇਆ।
ਕਹੈ ਨਾਨਕ ਜਿਸਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ।

ਪੰਨਾ ੯੧੮ ।੩। ਅਨੰਦ ਰਾਮਕਲੀ ਮ੩

ਅਤੇ:-

ਅੰਮ੍ਰਿਤੁ ਪੀਆ ਸਤਿਗੁਰਿ ਦੀਆ। ਅਵਰੁ ਨਾ ਜਾਣਾ ਦੂਆ ਤੀਆ।
ਏਕੋ ਏਕੁ ਸੋ ਅਪਰ ਪਰੰਪਰ ਪਰਖਿ ਖਜਾਨੇ ਪਾਇਦਾ।੧੨।

ਮਾਰੂ ਮ ੧। ੧੩ ਪੰਨਾ ੧੦੩੪

---

(ਪੰਨਾ ੨ ਦਾ ਬਾਕੀ)

ਪੰਚ ਚੋਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਪਿੱਛਾ ਛੱਡ ਗਏ, ਦ੍ਵੈਤ ਭਾਵਨਾ ਮਿਟ ਗਈ, ਹਰਿ-ਨਾਮ ਦਾ ਪੱਕਾ ਰੰਗ ਚੜ੍ਹ ਗਿਆ, "ਤੂਹੀ ਤੂਹੀ" ਹੋਣ ਲੱਗ ਪਈ।

"ਕਹੁ ਨਾਨਕ ਰੰਗਿ ਚਲੂਲ ਭਏ ਹੈ,
ਹਰਿ ਰੰਗੁ ਨ ਲਹੈ ਮਜੀਠਾ।"

ਜਿਸ ਨੂੰ ਇੱਕ ਵੇਰ "ਹਰਿ ਰੰਗ" ਚੜ੍ਹ ਜਾਂਦਾ ਹੈ ਉਹ ਫਿਰ ਉਤਰਦਾ ਨਹੀਂ, ਦੁਨੀਆਂ ਦੇ ਰੰਗ ਤਮਾਸ਼ੇ ਉਸ ਨੂੰ ਤੁੱਛ ਨਜ਼ਰ ਆਉਂਦੇ ਹਨ।

ਰਾਮ ਰੰਗੁ ਕਦੇ ਉਤਰਿ ਨ ਜਾਇ।।
ਗੁਰੁ ਪੂਰਾ ਜਿਸੁ ਦੇਇ ਬੁਝਾਇ।। (ਗਉੜੀ ਮ ੫, ਪੰਨਾ ੧੯੪)

### ਖਾਲਸਾ

ਖਾਲਸਾ ਸੋਇ ਜੁ ਨਿੰਦਾ ਤਯਾਗੈ।
ਖਾਲਸਾ ਸੋਇ ਲੜੇ ਹੋਇ ਆਗੈ।
ਖਾਲਸਾ ਸੋਇ ਪਰ ਦ੍ਰਿਸ਼ਟ ਤਿਆਗੈ।
ਖਾਲਸਾ ਸੋਇ ਨਾਮਰਤਿ ਲਾਗੈ।
ਖਾਲਸਾ ਸੋਇ ਗੁਰਹਿਤ ਲਾਵੈ।
ਖਾਲਸਾ ਸੋਇ ਸਾਰ ਮੁਹਿ ਖਾਵੈ।
ਖਾਲਸਾ ਸੋ ਨਿਰਧਨ ਕੋ ਪਾਲੈ।
ਖਾਲਸਾ ਸੋਇ ਦੁਸ਼ਟ ਕਉ ਗਾਲੈ।
ਖਾਲਸਾ ਸੋਇ ਜੁ ਚੜ੍ਹੈ ਤੁਰੰਗ।°
ਖਾਲਸਾ ਸੋਇ ਕਰੈ ਨਿਤ ਜੰਗ।°

°(ਪੰਜਾਂ ਵੈਰੀਆ ਨਾਲ) (ਭਾਈ ਨੰਦ ਲਾਲ ਸਿੰਘ ਜੀ)

## ਅੰਮ੍ਰਿਤ ਦੀ ਮੰਗ

(ਭਾਈ ਸੇਵਾ ਸਿੰਘ ਸਫਲ)

ਸੱਚੇ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ,
ਅੰਮ੍ਰਿਤ ਦਾਤਿਆ ਸੁਣੀ ਅਰਦਾਸ ਮੇਰੀ।
ਆਪਣੇ ਅੰਮ੍ਰਿਤ ਦੀ ਮੈਨੂੰ ਦਾਤ ਬਖਸ਼ੋ,
ਜਨਮ ਜਨਮ ਦੀ ਮਿਟੇ ਪਿਆਸ ਮੇਰੀ।
ਨਾਲੇ ਬਖਸ਼ੋ ਗੁਰਮੰਤ੍ਰ ਦਾ ਦਾਨ ਮੈਨੂੰ,
ਜਿਹਬਾ ਜਪੇ ਜਿਸ ਨੂੰ ਸੁਆਸ ਸੁਆਸ ਮੇਰੀ।
ਕਰੋ ਬੇਗੁਰੇ ਨੂੰ ਮੈਨੂੰ ਗੁਰੂ ਵਾਲਾ,
ਪੂਰੀ ਹੋਵੇ ਇਹ ਗੁਰੂ ਜੀ ਆਸ ਮੇਰੀ।
ਹਾਜ਼ਰ ਸੀਸ ਮੇਰਾ ਲਵੋ ਫੀਸ ਆਪਣੀ,
ਇਹ ਵੀ ਭੇਟਾ ਕੋਈ ਨਹੀਂ ਹੈ ਖਾਸ ਮੇਰੀ।
ਅੰਮ੍ਰਿਤ ਛਕ ਤੇਰਾ ਮੈਂ ਵੀ ਅਮਰ ਹੋਵਾਂ,
ਹੋਵੇ ਜਿਉਂਦੀ ਇਹ ਮੁਰਦਾ ਲਾਸ਼ ਮੇਰੀ।
ਦਾਖਲ ਕਰੋ ਮੈਨੂੰ ਆਪਣੇ ਪੰਥ ਅੰਦਰ,
ਤੇਰੇ ਸਿੱਖਾਂ ਵਿਚ ਲੱਗੇ ਕਲਾਸ ਮੇਰੀ।
ਚਰਨ ਧੂੜ ਹੋਵਾਂ ਤੇਰੇ ਖਾਲਸੇ ਦੀ,
ਮੇਰੇ ਵਿਚੋਂ ਹੋਵੇ ਹਉਮੈਂ ਨਾਸ ਮੇਰੀ।
ਚੰਦਨ ਬਿਰਛ ਦੇ ਵਿਚ ਪਲਟ ਜਾਵੇ,
ਕਾਇਆਂ ਇਹ ਜੋ ਵਾਂਗ ਪਲਾਸ ਮੇਰੀ।
ਤੇਰੀ ਸਿੱਖੀ ਨੂੰ ਸਮਝ ਸਮਝੌਣ ਵਾਲੀ,
ਐਸੀ ਮਤ ਹੋ ਜਾਏ ਪ੍ਰਕਾਸ਼ ਮੇਰੀ।
ਨਾਮ ਬਾਣੀ ਦਾ ਰਹਾਂ ਅਭਿਆਸ ਕਰਦਾ,
ਬਿਰਥਾ ਜਾਵੇ ਨਾ ਦਮਾਂ ਦੀ ਰਾਸ ਮੇਰੀ।
ਲਾਓ ਇਕ ਅਕਾਲ ਦੇ ਲੜ ਮੈਨੂੰ,
ਜਗ੍ਹਾ ਜਗ੍ਹਾ ਦੀ ਮਿਟੇ ਤਲਾਸ਼ ਮੇਰੀ।
ਜਨਮ ਮਰਨ ਦਾ ਮੁਕ ਕਲੇਸ਼ ਜਾਵੇ,
ਹੋਵੇ ਏਸ ਤੋਂ ਬੰਦ ਖਲਾਸ ਮੇਰੀ।
'ਸਚ ਖੰਡ' ਦੇ ਵਿਚ ਪ੍ਰਵੇਸ਼ ਕਰਕੇ,
ਕਰੋ ਆਤਮਾ ਸਦਾ ਨਿਵਾਸ ਮੇਰੀ।
ਰੱਖੋ ਸਦਾ ਹੀ ਚੜ੍ਹਦੀਆਂ ਕਲਾਂ ਅੰਦਰ,
ਬਿਰਤੀ ਹੋਵੇ ਨਾ ਕਦੇ ਉਦਾਸ ਮੇਰੀ।
ਜੀਵਨ ਯਾਤਰਾ ਦਾਸ ਦੀ 'ਸਫ਼ਲ' ਹੋਵੇ,
ਇਹ ਅਰਦਾਸ ਹੈ ਆਪਦੇ ਪਾਸ ਮੇਰੀ।

### ਰੁਬਾਈ

ਜ਼ਾਲਮ ਅੱਗੇ ਸਿੰਘ ਕਦੇ ਕੋਈ ਝੁਕਿਆ ਨਹੀਂ।
ਇਹ ਸੰਤ ਸਿਪਾਹੀ ਨਿਸ਼ਾਨੇ ਤੋਂ ਉਕਿਆ ਨਹੀਂ।
ਨਾਮ ਦੀ ਖੁਮਾਰੀ ਵਿੱਚ ਰਹਿੰਦਾ ਹੈ ਗੜੂੰਦ,
ਐਰ ਗੈਰ ਵੱਲ ਇਹਨੇ ਕਦੇ ਤੱਕਿਆ ਨਹੀਂ।



www.AKJ.Org

# ਰਹਿਤ ਪਿਆਰੀ ਮੋਹਿ ਕੋ

ਇੱਕ ਸੁਰ ਜੀਵਨ ਲਈ ਕੁਝ ਅਸੂਲ ਮਿਥਣੇ ਪੈਂਦੇ ਹਨ ਤਾਂ ਜੋ ਜੀਵਨ-ਗੱਡੀ ਬੇਰੋਕ ਆਪਣੇ ਨਿਸ਼ਾਨੇ ਵੱਲ ਵਧਦੀ ਜਾਵੇ। ਬੇਅਸੂਲਾ ਮਨੁੱਖ ਡੱਕੇ ਡੋਲੇ ਹੀ ਖਾਂਦਾ ਰਹਿੰਦਾ ਹੈ। ਉਸਦਾ "ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ" ਵਾਲਾ ਹਿਸਾਬ ਹੁੰਦਾ ਹੈ। ਅਜਿਹਾ ਮਨੁੱਖ ਘੜੀ ਵਿੱਚ ਤੋਲਾ ਘੜੀ ਵਿੱਚ ਮਾਸਾ। ਉਹ ਕਦੇ ਇੱਕ ਗੱਲ ਤੇ ਨਹੀਂ ਟਿਕਦਾ। ਉਹ ਹਮੇਸ਼ਾ ਦੁਚਿੱਤੀ ਵਿੱਚ ਹੀ ਫਸਿਆ ਰਹਿੰਦਾ ਹੈ। ਉਹ ਕਦੇ ਵੀ ਦ੍ਰਿੜ੍ਹ ਇਰਾਦੇ ਵਾਲਾ ਨਹੀਂ ਹੁੰਦਾ। ਉਹ ਹਮੇਸ਼ਾ ਭੰਬਲ-ਭੂਸਿਆਂ ਵਿੱਚ ਹੀ ਫਸਿਆ ਰਹਿੰਦਾ ਹੈ। ਉਹ ਕਦੇ ਕਿਸੇ ਪ੍ਰਭਾਵ ਨੂੰ ਕਬੂਲ ਲੈਂਦਾ ਹੈ ਕਦੇ ਕਿਸੇ ਨੂੰ। ਕਾਂਗਰਸ ਦਾ ਰਾਜ ਆਇਆ ਤਾਂ ਖੱਦਰ ਦੇ ਕੱਪੜੇ ਪਾ ਲਏ ਅਤੇ ਜੇ ਅਕਾਲੀਆਂ ਦੀ ਵਜ਼ਾਰਤ ਬਣ ਗਈ ਤਾਂ ਨੀਲੀ ਪਗੜੀ ਬੰਨ੍ਹ ਲਈ। ਜੇ ਗੁਰਦੁਆਰੇ ਚਲੇ ਗਏ ਤਾਂ ਬਗਲੇ ਭਗਤ ਬਣ ਗਏ ਜੇ ਸਿਨਮੇ ਹਾਲ ਵਿਚ ਜਾਂ ਕਲੱਬ ਵਿਚ ਜਾ ਠਹਿਰੇ ਤਾਂ ਪੱਕੇ ਇਸ਼ਕੀ ਟੱਟੂ। ਅਜੇਹਾ ਆਦਮੀ ਪੱਕਾ ਸੁਆਰਥੀ ਹੁੰਦਾ ਹੈ। ਉਹ ਆਪਣੇ ਮਨ ਮਗਰ ਭੱਜਦਾ ਹੈ। ਮਨ ਨੇ ਉਬਾਲਾ ਖਾਧਾ ਤਾਂ ਮਾਵਾ (ਅਫ਼ੀਮ) ਛਕ ਲਿਆ ਅਤੇ ਜੇ ਕਿਤੇ ਅਫ਼ੀਮ ਜਾਂ ਹੋਰ ਨਸ਼ਿਆਂ ਦੇ ਹਾਨੀਕਾਰਕ ਨਤੀਜਿਆਂ ਬਾਬਤ ਕੋਈ ਲੇਖ ਪੜ੍ਹ ਲਿਆ ਤਾਂ ਸੋਫ਼ੀ ਬਣ ਬੈਠੇ। ਅਜਿਹੇ ਬੰਦੇ ਹੀ ਦੋਗਲੇ ਅਖਵਾਉਂਦੇ ਹਨ। ਉਹ ਕਦੇ ਵੀ ਸਰਬੱਤ ਦਾ ਭਲਾ ਨਹੀਂ ਚਿਤਵ ਸਕਦੇ। ਉਨ੍ਹਾਂ ਕੋਲੋਂ ਦੂਜਿਆਂ ਦੇ ਭਲੇ ਦੀ ਆਸ ਰੱਖਣੀ ਵੱਡੀ ਭਾਰੀ ਭੁੱਲ ਹੈ।

ਅਮਨ ਅਤੇ ਅਨੰਦ ਦੀ ਜ਼ਿੰਦਗੀ ਵਾਸਤੇ ਕੁਝ ਅਸੂਲ ਲੋੜੀਂਦੇ ਹਨ ਜਿਨ੍ਹਾਂ ਨੂੰ ਮੁੱਖ ਰੱਖਕੇ ਜੀਵਨ ਸੇਧ ਨਿਰਧਾਰਤ ਕੀਤੀ ਜਾ ਸਕੇ, ਔਕੜਾਂ ਤੇ ਵਖੇਵਿਆਂ 'ਤੇ ਕਾਬੂ ਪਾਇਆ ਜਾ ਸਕੇ, ਠੀਕ ਤੇ ਗਲਤ ਦੀ ਪੂਰੀ ਪੂਰੀ ਸੋਝੀ ਹੋ ਸਕੇ, ਸੱਚ ਤੇ ਝੂਠ ਦਾ ਨਿਤਾਰਾ ਹੋ ਸਕੇ, ਇਨਸਾਫ਼ ਤੇ ਬੇਇਨਸਾਫ਼ੀ ਦਾ ਪਤਾ ਲੱਗ ਸਕੇ, ਹਨ੍ਹੇਰੇ ਅਤੇ ਚਾਨਣ ਦਾ ਗਿਆਨ ਹੋ ਸਕੇ। ਇਹ ਤਾਂ ਹੀ ਹੋ ਸਕਦਾ ਹੈ ਜੇ ਸਤਿ 'ਤੇ ਆਧਾਰਤ ਮਿਥੇ ਅਸੂਲਾਂ ਅਨੁਸਾਰ ਜੀਵਨ ਨੇਮ-ਬੱਧ ਕੀਤਾ ਜਾਵੇ। ਇਹ ਸੋਝੀ ਸਾਨੂੰ "ਧਰਮ" (Religion) ਤੋਂ ਮਿਲਦੀ ਹੈ। "ਧਰਮ" ਸੁਖੀ ਜੀਵਨ ਵਾਸਤੇ ਸਾਨੂੰ ਰਾਹ ਦਿਖਾਉਂਦਾ ਹੈ, ਸਾਨੂੰ 'ਕਰੋ ਤੇ ਨਾ-ਕਰੋ' (Do & Don't) ਦੀ ਚਿਤਾਵਨੀ ਦੇਂਦਾ ਹੈ। ਧਰਮ ਸਾਡੀ ਜੀਵਨ-ਗੱਡੀ ਵਾਸਤੇ ਲੀਹ (Track) ਪਰਦਾਨ ਕਰਦਾ ਹੈ ਜਿਸ ਤੇ ਚੱਲਿਆਂ ਸਾਡੀ ਜੀਵਨ-ਗੱਡੀ ਬੇਰੋਕ ਟੋਕ ਆਪਣੀ ਮੰਜ਼ਿਲ ਵੱਲ ਵੱਧਦੀ ਜਾਂਦੀ ਹੈ। ਜਿਵੇਂ ਲੀਹ ਤੋਂ ਉਤਰਨ ਕਾਰਨ ਰੇਲ ਗੱਡੀ ਧਰਤੀ ਵਿੱਚ ਫ਼ਸ ਜਾਂਦੀ ਹੈ ਤਿਵੇਂ ਹੀ ਧਰਮ ਨੂੰ ਤਿਆਗਿਆਂ ਮਨੁੱਖ ਦਾ ਜੀਵਨ ਭੰਬਲ-ਭੂਸਿਆਂ ਵਿੱਚ ਫ਼ਸ ਜਾਂਦਾ ਹੈ, ਉਸ ਦੀ ਜ਼ਿੰਦਗੀ ਦਾ ਬਹਾ ਰੁਕ ਜਾਂਦਾ ਹੈ, ਹਰਕਤ ਬੰਦ ਹੋ ਕੇ ਅਟਕਾ ਪੈ ਜਾਂਦਾ ਹੈ। ਜਿਵੇਂ ਮਨੁੱਖੀ ਸਰੀਰ ਅੰਦਰ ਖ਼ੂਨ ਦਾ ਦੌਰਾ ਬੰਦ ਹੋ ਜਾਣ ਕਾਰਨ ਸਰੀਰ ਠੰਢਾ ਪੈ ਜਾਂਦਾ ਹੈ ਤਿਵੇਂ ਹੀ ਮਨੁੱਖੀ ਜੀਵਨ ਅੰਦਰ ਬਹਾ ਰੁੱਕ ਜਾਣ ਕਾਰਨ ਜ਼ਿੰਦਗੀ ਮੁਰਦਾ ਹੋ ਜਾਂਦੀ ਹੈ। ਮੁਰਦਾ ਸਰੀਰ ਨੂੰ ਘਰ ਵਿੱਚ ਕੋਈ ਨਹੀਂ ਰੱਖਦਾ। ਪੁੱਤਰ ਧੀਆਂ ਵੀ ਨਫ਼ਰਤ ਕਰਨ ਲੱਗ ਪੈਂਦੇ ਹਨ। ਮੁਰਦਾ ਸਰੀਰ ਬਦਬੋ ਮਾਰਨ ਲੱਗ ਪੈਂਦਾ ਹੈ ਅਤੇ ਸਾਰੇ ਪਾਸੇ "ਕਾਢੋ ਕਾਢੋ" ਸ਼ੁਰੂ ਹੋ ਜਾਂਦੀ ਹੈ। ਇੰਨ-ਬਿੰਨ ਬੇ-ਬਹਾ ਜੀਵਨ (Undynamic Life) ਸੜ੍ਹਾਂਦ ਮਾਰਨ ਲੱਗ ਪੈਂਦਾ ਹੈ। ਉਹ ਵਲ ਵਲੇਵੇਂ ਖਾਂਦੀ ਪੈਲਾਂ ਪਾਉਂਦੀ ਨਦੀ ਦੀ ਥਾਂ ਛੱਪੜ ਬਣ ਜਾਂਦਾ ਹੈ ਜਿਹੜਾ ਬਹਾ ਵਿੱਚ ਅਟਕਾ ਕਾਰਨ ਬਦ-ਬੋ ਮਾਰਨ ਲੱਗ ਪੈਂਦਾ ਹੈ। ਖੇੜੇ-ਰਹਿਤ ਜੀਵਨ ਬੀਮਾਰੀ ਹੈ। ਬੀਮਾਰੀ ਮੌਤ ਦੀ ਸੂਚਕ ਹੈ। ਕੋਈ ਵੀ ਮਨੁੱਖ ਬੀਮਾਰ ਹੋਣਾ ਨਹੀਂ ਸੋਚਦਾ। ਹਰ ਕੋਈ ਤੰਦਰੁਸਤੀ ਚਾਹੁੰਦਾ ਹੈ। ਸਤਿ ਦੇ ਅਸੂਲਾਂ (ਧਰਮ) ਨੂੰ ਤਿਆਗ ਕੇ ਸੁਖੀ ਜੀਵਨ ਦੀ ਆਸ ਰੱਖਣੀ ਇੱਕ ਭਾਰੀ ਭੁੱਲ ਹੈ।

ਸਿੱਖ ਗੁਰੂ ਸਹਿਬਾਨ ਨੇ ਸੁਖੀ ਜੀਵਨ ਨੂੰ "ਗੁਰਮਤਿ ਗਾਡੀ-ਰਾਹ" ਦਾ ਨਾਂ ਦਿੱਤਾ ਅਤੇ ਇਸ ਸ਼ਾਹ-ਰਾਹ ਨੂੰ "ਧੁਰ ਕੀ ਬਾਣੀ" ਰਾਹੀਂ ਬਿਆਨ ਕੀਤਾ। "ਕਰੋ ਤੇ ਨਾ ਕਰੋ" ਦੇ ਆਦੇਸ਼ ਦਿੱਤੇ। ਜਿਨ੍ਹਾਂ ਨੇ ਆਪਣੇ ਮਨ ਦੀ ਮੱਤ ਤਿਆਗ ਕੇ ਗੁਰੂ ਦਾ ਪੱਲਾ ਫੜਿਆ, ਗੁਰਮਤਿ ਗ੍ਰਹਿਣ ਕੀਤੀ, ਉਨ੍ਹਾਂ ਦੇ ਮਨ ਦਾ ਹਨ੍ਹੇਰਾ ਚੁੱਕਿਆ ਗਿਆ, ਉਨ੍ਹਾਂ ਦੇ ਹਿਰਦੇ ਅੰਦਰ ਸਤਿ ਦਾ ਪ੍ਰਕਾਸ਼ ਹੋ ਗਿਆ ਅਤੇ ਉਨ੍ਹਾਂ ਦੀ ਜੀਵਨ-ਗੱਡੀ ਲੀਹ ਤੇ ਪੈ ਗਈ, ਉਨ੍ਹਾਂ ਦੇ ਜੀਵਨ ਵਿੱਚ ਮੁੜ ਬਹਾ ਆ ਗਿਆ, ਉਨ੍ਹਾਂ ਦੇ ਮੁਰਦਾ ਸਰੀਰ ਮੁੜ ਜੀਅ ਉਠੇ, ਉਨ੍ਹਾਂ ਦੇ ਚਿੜਚਿੜੇ ਮਨਾਂ ਵਿੱਚ ਖੇੜਾ ਪੈਦਾ ਹੋ ਗਿਆ, ਉਹ ਮਿੱਠ-ਬੋਲੜੇ ਬਣ ਗਏ, ਦੂਜਿਆਂ ਦੇ ਭਲੇ ਵਿੱਚ ਆਪਣਾ ਭਲਾ ਸਮਝਣ ਲਗ ਪਏ। ਸਤਿਗੁਰੂ ਨਾਨਕ ਦੇਵ ਜੀ ਨੇ "ਨਿਰਮਲ ਪੰਥ" ਦੀ ਨੀਂਹ (Foundation) ਰੱਖੀ ਜਿਸ ਦੀ ਉਸਾਰੀ ਵਿੱਚ ਬਾਕੀ ਗੁਰੂ ਸਹਿਬਾਨ ਨੇ ਆਪੋ ਆਪਣਾ ਹਿੱਸਾ ਪਾਇਆ। ਦਸਮੇਸ਼ ਪਿਤਾ ਨੇ "ਖੰਡੇ ਦੇ ਅੰਮ੍ਰਿਤ" ਦੁਆਰਾ ਇਸ ਪੰਥ ਨੂੰ ਪਾਣ ਚਾੜ੍ਹਕੇ ਸੰਪੂਰਨਤਾ ਦੀ ਦਿੱਠ ਬਖਸ਼ੀ ਅਤੇ ਨਿਰਮਲ ਪੰਥ "ਖਾਲਸਾ ਪੰਥ" ਬਣਕੇ ਉਜਾਗਰ ਹੋ ਗਿਆ।

ਖਾਲਸਾ ਪੰਥ ਸੰਤ-ਸਿਪਾਹੀਆਂ ਦੀ ਫ਼ੌਜ ਬਣ ਗਿਆ। ਦੀਨ ਦੁਨੀਆਂ ਦਾ ਸਹਾਰਾ ਹੋ ਗਿਆ ਅਤੇ ਜ਼ੁਲਮ ਦਾ ਟਾਕਰਾ ਕਰਨ ਲੱਗ ਪਿਆ। ਖਾਲਸਾ ਪੰਥ ਦੇ ਵੀਰ ਸਿਪਾਹੀ ਆਪਣੇ ਗੁਰੂ ਦੇ ਬੇ-ਖ੍ਰੀਦ ਲਾਲੇ ਗੋਲੇ ਬਣ ਗਏ, ਆਪਣੇ ਗੁਰੂ ਦੇ ਇਸ਼ਾਰੇ ਤੇ ਆਪਣਾ ਸੀਸ ਤਲੀ ਤੇ ਧਰ ਕੇ "ਹੁਕਮੀ ਬੰਦੇ" ਬਣ ਗਏ। ਉਹ "ਹੁਕਮਿ ਰਜਾਈ" ਚਲਦੇ ਹੋਏ "ਸਚਿਆਰ-ਸਿੱਖ" ਬਣ ਗਏ। ਸਤਿਗੁਰੂ ਨਾਨਕ ਦੇਵ ਜੀ ਦਾ ਸੁਪਨਾ "ਹੁਕਮਿ ਰਜਾਈ ਚੱਲਣਾ" ਸਾਕਾਰ ਹੋ ਗਿਆ।

ਖਾਲਸਾ ਪੰਥ ਕੋਈ ਨਵੀਂ ਜਥੇਬੰਦੀ ਨਹੀਂ ਸੀ। ਇਹ ਉਹੀਓ ਨਿਰਮਲ ਪੰਥ ਸੀ ਜਿਸ ਦਾ ਨੀਂਹ ਪੱਥਰ ਰੱਖਣ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਰਦਾ ਹੋ ਚੁੱਕੇ ਮਨੁੱਖਾਂ ਨੂੰ ਵੰਗਾਰ ਪਾਈ ਸੀ:

**ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆ**
**ਇਤੁ ਮਾਰਗਿ ਪੈਰ ਧਰੀਜੈ ਸਿਰੁ ਦੀਜੈ ਕਾਣ ਨ ਕੀਜੈ।**

(ਸਲੋਕ ਵਾਰਾਂ ਤੇ ਵਧੀਕ ਮ: ੧)

ਇਸੇ ਹੀ ਵੰਗਾਰ ਨੂੰ ਕਲਗੀਧਰ ਪਿਤਾ ਨੇ ਦੁਹਰਾਇਆ, ੧੬੯੯ ਈ: ਦੀ ਵੈਸਾਖੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿੱਚ ਡਰਾਮਾਈ


www.AKJ.Org

ਰੂਪ ਵਿੱਚ ਖਾਲਸਾ ਪ੍ਰਗਟ ਕੀਤਾ। ਹੱਥ ਵਿੱਚ ਨੰਗੀ ਤਲਵਾਰ ਲੈ, ਭਰੇ ਦੀਵਾਨ ਸੰਗਤਾਂ ਨੂੰ ਲਲਕਾਰਿਆ, "ਇੱਕ ਸਿਰ ਦੀ ਲੋੜ ਹੈ। ਹੈ ਕੋਈ ਜੋ ਮੇਰੀ ਤਲਵਾਰ ਦੀ ਪਿਆਸ ਬੁਝਾਵੇ?" ਪੰਜ ਵਾਰ ਅਜਿਹੀ ਲਲਕਾਰ ਦੀ ਗੂੰਜ ਪਈ, ਵਾਰੋ ਵਾਰੀ ਇੱਕ ਇੱਕ ਕਰਕੇ ਪੰਜ ਸੂਰਮੇ ਉਠੇ ਅਤੇ ਆਪਣੇ ਸੀਸ ਆਪਣੇ ਸਤਿਗੁਰੂ ਨੂੰ ਭੇਟ ਕੀਤੇ। ਸੀਸ ਭੇਟ ਕਰਕੇ ਉਨ੍ਹਾਂ ਨੇ ਅੰਮ੍ਰਿਤ ਪ੍ਰਾਪਤ ਕੀਤਾ ਜਿਸਨੂੰ ਪਾਨ ਕਰਕੇ ਉਹ "ਸਿੰਘ" ਸਜ ਗਏ, ਸੂਰਮੇ ਬਣ ਗਏ ਅਤੇ ਇਉਂ ਨਿਰਮਲ ਪੰਥ "ਖਾਲਸਾ ਪੰਥ" ਦੇ ਨਾਂ ਨਾਲ ਉਜਾਗਰ ਹੋ ਗਿਆ।

ਮੇਰੇ ਚੋਜੀ ਪ੍ਰੀਤਮ ਨੇ ਆਪਣੀਆਂ ਲਾਡਲੀਆਂ ਫ਼ੌਜਾਂ ਲਈ "ਜ਼ਾਬਤਾ" ਤਿਆਰ ਕੀਤਾ ਜਿਸ ਨੂੰ "ਰਹਿਤ" ਦਾ ਨਾਂ ਦਿੱਤਾ ਗਿਆ। ਪੰਜ ਕਕਾਰੀ ਰਹਿਤ ਦੀ ਪਾਬੰਦੀ ਲਾਈ ਗਈ। ਪੰਜ ਬੱਜਰ ਕੁਰਹਿਤਾਂ ਦਾ ਐਲਾਨ ਕੀਤਾ ਗਿਆ। "ਕਰੋ ਅਤੇ ਨਾ ਕਰੋ" ਦੀ ਤਾਕੀਦ ਕੀਤੀ ਗਈ ਜਿਹੜੀ ਨਿਕਟਵਰਤੀ ਸਿੰਘਾਂ ਨੇ ਰਹਿਤਨਾਮਿਆਂ ਅਤੇ ਤਨਖਾਹਨਾਮਿਆਂ ਦੇ ਤੌਰ ਤੇ ਲਿਖ ਲਈ। ਸੰਗਤਾਂ ਨੂੰ ਪੂਰੇ ਜ਼ਬਤ ਵਿੱਚ ਰਹਿਣ ਲਈ ਕਰੜੇ ਉਦੇਸ਼ ਦਿੱਤੇ ਗਏ। ਰਹਿਤਵਾਨ ਸਿੰਘਾਂ ਨੂੰ "ਖਾਲਸਾ ਮੇਰੋ ਰੂਪ ਹੈ ਖਾਸ" ਕਹਿਕੇ ਨਿਵਾਜਿਆ ਅਤੇ ਐਲਾਨ ਕੀਤਾ:

ਰਹਿਣੀ ਰਹੈ ਸੋਈ ਸਿੱਖ ਮੇਰਾ। ਓਹ ਸਾਹਿਬ ਮੈਂ ਉਸਕਾ ਚੇਰਾ।

ਸਤਿਗੁਰੂ ਕਲਗੀਧਰ ਪਿਤਾ ਜਾਣਦੇ ਸਨ ਕਿ ਜਦ ਤਕ ਖਾਲਸਾ "ਰਹਿਤ" (Code of Discipline) ਵਿੱਚ ਪਰਪੱਕ ਰਹੇਗਾ ਉਦੋਂ ਤੀਕ ਆਪਣੀ ਕਰਤੱਵ ਪਾਲਣਾ ਵਿਚ ਪੂਰਾ ਉਤਰੇਗਾ। ਜਦੋਂ ਇਹ ਰਹਿਤ ਵਜੋਂ ਢਿੱਲੜ ਹੋ ਗਿਆ, ਗੁਰਮਤਿ ਨੂੰ ਤਿਆਗ ਕੇ ਮਨ-ਮਤਿ ਵਲ ਭੱਜ ਪਿਆ ਤਾਂ ਆਪਣੇ ਉਦੇਸ਼ (ਧਰਮ ਚਲਾਵਣ (Truthful living) ਵਿੱਚ ਫ਼ੇਲ੍ਹ ਹੋ ਜਾਵੇਗਾ। ਸਤਿਗੁਰ ਜੀ ਦੇ ਇਸ ਆਸ਼ੇ ਸੰਬੰਧੀ ਭਾਈ ਦੇਸਾ ਸਿੰਘ ਜੀ ਵਾਲੇ ਰਹਿਤਨਾਮੇ ਵਿੱਚੋ ਇਉਂ ਲਿਖਿਆ ਮਿਲਦਾ ਹੈ:

ਰਹਿਤ ਬਿਨਾ ਨਹਿ ਸਿੱਖ ਕਹਾਵੈ। ਰਹਿਤ ਬਿਨਾ ਦਰ ਚੋਟਾਂ ਖਾਵੈ।
ਰਹਿਤ ਬਿਨਾ ਸੁਖ ਕਬਹੂੰ ਨ ਲਹੈ। ਤਾਂਤੇ ਰਹਿਤ ਸੁ ਦ੍ਰਿੜ ਕਰ ਗਹੈ।

ਸਤਿਗੁਰੂ ਕਲਗੀਆਂ ਵਾਲੇ ਨੇ ਠੀਕ ਹੀ ਕਿਹਾ ਹੈ:--

ਰਹਿਤ ਪਿਆਰੀ ਮੋਹਿ ਕੋ, ਸਿੱਖ ਪਿਆਰਾ ਨਾਹਿ।

************************

## ਸਾਬਤ ਸੂਰਤ ਸਿਰ ਦਸਤਾਰ

ਸਾਬਤ ਸੂਰਤ ਸਿਰ ਦਸਤਾਰ, ਇਹ ਹੈ ਬਖ਼ਸ਼ੀ ਗੁਰ-ਕਰਤਾਰ।
ਸਾਬਤ ਸੂਰਤ ਰੱਬੀ ਰੂਪ, ਇਹ ਤਾਂ ਦੇਵੇ ਰੰਗ ਅਨੂਪ।
ਸਿਰ ਦਸਤਾਰ ਸੁਹਾਵੇ ਸੋਹਣੀ, ਲੱਗੇ ਸਭਨਾ ਨੂੰ ਮਨਮੋਹਣੀ।
ਸਿਰ ਦਸਤਾਰ ਸਰਦਾਰ ਸਦਾਵਣ, ਗੁਰੂ ਦੁਲਾਰੇ ਸਭਨਾ ਭਾਵਣ।
ਇਹ ਤਾਂ ਮੇਹਰ ਗੁਰੂ ਦੀ ਜਾਣੋ, ਲੱਖਾਂ ਵਿੱਚੋਂ ਜਾਏ ਪਛਾਣੋ।
ਸਾਬਤ ਸੂਰਤ ਦਰ ਪਰਵਾਨ, ਇਸ ਨੂੰ ਭੰਨੇ ਬੇਈਮਾਨ।
ਬੇਈਮਾਨਾਂ ਕੋਈ ਮੂੰਹ ਨ ਲਾਵੇ, ਧੱਕੇ ਖਾਵੇ ਕੱਦਦਾ ਹਾਵੇ।
ਸਾਬਤ ਸੂਰਤ ਸਤਿ ਦੀ ਸਾਖੀ, ਲਿਸ਼ਕਾ ਮਾਰੇ ਪੇਖੋ ਆਖੀ।

(ਮਨਜੀਤ ਕੌਰ)

## ਗੁਰਸਿਖ ਰਹਿਤ

1. ਗੁਰਸਿਖ ਰਹਿਤ ਸੁਣਹੁ ਰੇ ਮੀਤ।
ਉਠਿ ਪ੍ਰਭਾਤਿ ਕਰੋ ਹਿਤ ਚੀਤ।
ਵਾਹਿਗੁਰੂ ਗੁਰਮੰਤ੍ਰ ਸੁ ਜਾਪੁ।
ਕਰ ਇਸ਼ਨਾਨ ਪੜ੍ਹੇ ਜਪੁ ਜਾਪੁ।
ਸੰਧਯਾ ਸਮੇਂ ਸੁਣੇ ਰਹਰਾਸਿ।
ਕੀਰਤਨ ਕਥਾ ਸੁਣੇ ਹਰਿਜਾਸ।
ਇਨ ਮੇ ਨੇਮ ਸੁ ਏਕ ਕਰਾਇ।
ਸੁ ਸਿਖ ਅਮਰਪੁਰੀ ਮਹਿ ਜਾਇ।

(ਪ੍ਰਸ਼ਨ ਉਤਰ ਭਾਈ ਨੰਦ ਲਾਲ ਸਿੰਘ ਜੀ ਕਾ)

2. i) ਪ੍ਰਥਮ ਰਹਿਤ ਯਹ ਜਾਨ, ਖੰਡੇ ਕੀ ਪਾਹੁਲ ਛਕੇ।
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ।

ii) ਪਾਂਚ ਸਿੰਘ ਅੰਮ੍ਰਿਤ ਜੋ ਦੇਵੇਂ, ਤਾਂ ਕੋ ਸਿਰ ਧਰ ਛਕ ਪੁਨ ਲੇਵੇਂ।
ਪੁਨ ਮਿਲ ਪਾਂਚੋਂ ਰਹਿਤ ਜੁ ਭਾਖੈ, ਤਾਂ ਕੋ ਮਨ ਮੇਂ ਦ੍ਰਿੜ੍ਹ ਕਰ ਰਾਖੈਂ।

iii) ਵਾਹਿਗੁਰੂ ਨਿੱਤ ਬਚਨ ਉਚਾਰੇ, ਵਾਹਿਗੁਰੂ ਕੋ ਹਿਰਦੇ ਧਾਰ।
ਆਗੇ ਆਵਤ ਸਿੰਘ ਜੋ ਪਾਵੈ, ਵਾਹਿਗੁਰੂ ਕੀ ਫ਼ਤਹ ਬੁਲਾਵੈ।

iv) ਦਸਨਖ ਕਰ ਜੋ ਕਾਰ ਕਮਾਵੈ, ਤਾਂ ਕਰ ਜੋ ਧਨ ਘਰ ਮੇ ਲਿਆਵੈ।
ਤੇ ਗੁਰ-ਦਸੌਂਧ ਜੋ ਦੇਈ, ਸਿੰਘ ਸੁਜਸ ਬਹੁ ਜਗ ਮਹਿ ਲੇਈ।

v) ਪਰ ਬੇਟੀ ਕੋ ਬੇਟੀ ਜਾਨੈ, ਪਰ-ਇਸਤਰੀ ਕੋ ਮਾਤ ਬਖਾਨੈ।
ਅਪਨੀ ਇਸਤ੍ਰੀ ਸੋ ਰਤ ਹੋਈ, ਰਹਿਤਵਾਨ ਗੁਰ ਕਾ ਸਿੰਘ ਸੋਈ।

vi) ਕੁੱਠਾ, ਹੁੱਕਾ, ਚਰਸ, ਤਮਾਕੂ, ਗਾਂਜਾ, ਟੋਪੀ, ਤਾੜੀ, ਖਾਕੂ।
ਇਨ ਕੀ ਓਰ ਨ ਕਬਹੂੰ ਦੇਖੈ, ਰਹਿਤਵਾਨ ਸੋ ਸਿੰਘ ਵਿਸੇਖੈ।

vii) ਪਰ-ਨਾਰੀ, ਜੂਆ, ਅਸਤ, ਚੋਰੀ ਮਦਿਰਾ ਜਾਨ।
ਪਾਂਚ ਐਬ ਯੇ ਜਗਤ ਮੇ, ਤਜੇ ਸੁ ਸਿੰਘ ਸੁਜਾਨ।
ਸ਼ਾਸ਼ਤ੍ਰ-ਹੀਨ ਇਹ ਕਬਹੂੰ ਨ ਹੋਈ।
ਰਹਿਤਵੰਤ ਖਾਲਿਸ ਹੈ ਸੋਈ। (ਰਹਿਤਨਾਮਾ ਭਾਈ ਦੇਸਾ ਸਿੰਘ ਜੀ)

3. i) ਕੰਘਾ ਦੋਨੋਂ ਵਕਤ ਕਰ, ਪਾਗ ਚੁਨੇ ਕਰ ਬਾਂਧਈ।
ਦਾਤਨ ਨੀਤ ਕਰੇਇ, ਨਾ ਦੁੱਖ ਪਾਵੈ ਲਾਲ ਜੀ।

ii) ਦਸਵੰਧ ਗੁਰੂ ਨਹਿ ਦੇਵਈ, ਝੂਠ ਬੋਲ ਜੋ ਖਾਇ।
ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੁ ਨ ਬਿਸਾਹ।

iii) ਕਰੈ ਬਚਨ ਜੋ ਪਾਲੇ ਨਾਹੀਂ,
ਗੋਬਿੰਦ ਸਿੰਘ ਤਿਸ ਠੌਰ ਨ ਆਹੀ।

iv) ਗੋਲਕ ਰਾਖੇ ਨਾਹਿ ਜੋ, ਛਲ ਕਾ ਕਰੈ ਵਪਾਰ।
ਕਹੇ ਗੋਬਿੰਦ ਸਿੰਘ ਲਾਲ ਜੀ, ਭੋਗੈ ਨਰਕ ਹਜ਼ਾਰ।

v) ਵਾਹਿਗੁਰੂ ਬਿਨ ਕਹੇ ਸੋ ਪਾਵੈ, ਵੇਸ਼ਵਾ ਦੁਆਰੇ ਸਿੱਖ ਜੁ ਜਾਵੈ।
ਪਰ-ਇਸਤ੍ਰੀ ਸਿਉ ਨੇਹ ਲਗਾਵੈ, ਗੋਬਿੰਦ ਸਿੰਘ ਵਹ ਸਿੱਖ ਨ ਭਾਵੈ।

(ਤਨਖਾਹਨਾਮਾ ਭਾਈ ਨੰਦ ਲਾਲ ਸਿੰਘ ਜੀ ਕਾ)

ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ,
ਜਨ ਨਾਨਕ ਸੰਕਟ ਜੋਨਿ ਨ ਪਾਇ।। (ਪੰਨਾ ੧੦੦੨)


www.AKJ.Org

# ਆਓ ਆਪਣੇ ਜਨਮ ਦਿਨ ਤੇ ਲੇਖਾ-ਜੋਖਾ ਕਰੀਏ

(ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ)

ਵਿਸਾਖੀ ਖਾਲਸੇ ਦਾ ਜਨਮ-ਦਿਵਸ ਹੈ। ਇਸ ਦਿਨ ੧੬੯੯ ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ। ਸਿੱਖ ਇਤਿਹਾਸ ਵਿੱਚ ਖਾਲਸੇ ਦੀ ਸਾਜਨਾ ਬੜੀ ਮਹੱਤਵਪੂਰਨ ਘਟਨਾ ਹੈ। ਜਿੱਥੇ ਸਿੱਖ-ਜਥੇਬੰਦੀ ਦਾ ਆਰੰਭ ਇਸ ਦਿਨ ਹੋਇਆ ਉਥੇ ਨਾਲ ਹੀ ਪੰਜ ਰਹਿਤਵਾਨ ਸਿੱਖਾਂ ਨੂੰ ਅੰਮ੍ਰਿਤ ਦੇ ਚਾਹਵਾਨਾਂ ਨੂੰ ਅੰਮ੍ਰਿਤ ਛਕਾਉਣ ਦਾ ਹੱਕ ਵੀ ਪ੍ਰਾਪਤ ਹੋ ਗਿਆ। ਇਸ ਮਹੱਤਵਪੂਰਨ ਘਟਨਾ ਦਾ ਨਤੀਜਾ ਇਹ ਹੋਇਆ ਕਿ ਗੁਰਦੁਆਰਿਆਂ ਵਿੱਚ, ਸੜਕਾਂ ਦੇ ਕੰਢਿਆਂ ਤੇ, ਰਕੜਾਂ ਦੇ ਬੇਲਿਆਂ ਵਿਚ, ਘਰਾਂ ਤੇ ਘਰਾਂ ਤੋਂ ਬਾਹਰ ਜੰਗਲਾਂ ਵਿਚ ਵੀ ਅੰਮ੍ਰਿਤ ਛਕਾਇਆ ਜਾਣ ਲੱਗਾ। ਇਸ ਲਹਿਰ ਨੇ ਅਸਚਰਜ ਉਨਤੀ ਕੀਤੀ ਤੇ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ। ਇਤਿਹਾਸਕਾਰ 'ਪੇਨਾ' ਲਿਖਦਾ ਹੈ:-

"One of the most important result of Guru Gobind Singh's action was the large increase in the number of his followers."

ਅਰਥਾਤ -"ਗੁਰੂ ਗੋਬਿੰਦ ਸਿੰਘ ਜੀ ਦੇ ਇਸ ਮਹਾਨ ਕਾਰਜ ਦੇ ਮਹਾਨ ਸਿੱਟਿਆਂ ਵਿੱਚ ਇਕ ਇਹ ਹੋਇਆ ਕਿ ਉਨ੍ਹਾਂ ਦੇ ਪੈਰੋਕਾਰਾਂ ਦੀ ਸੰਖਿਆ ਵਿੱਚ ਬਹੁਤ ਵਾਧਾ ਹੋ ਗਿਆ।"

ਖਾਲਸੇ ਦੀ ਸਥਾਪਨਾ ਦਾ ਸਿੱਖਾਂ ਦੀਆਂ ਭਾਵਨਾਵਾਂ ਤੇ ਵਿਚਾਰਾਂ ਉਤੇ ਡੂੰਘਾ ਪ੍ਰਭਾਵ ਪਿਆ। ਗੁਰੂ ਸਾਹਿਬ ਨੇ ਆਦੇਸ਼ ਦਿੱਤਾ ਕਿ ਅੰਮ੍ਰਿਤਧਾਰੀ ਸਿੱਖ ਇਕ ਅਕਾਲ ਪੁਰਖ ਤੋਂ ਸਿਵਾ ਕਿਸੇ ਹੋਰ ਵਿਚ ਵਿਸਵਾਸ਼ ਨਾ ਰੱਖੇ ਤੇ ਨਾ ਹੀ ਊਚ-ਨੀਚ ਤੇ ਜਾਤ ਪਾਤ ਨੂੰ ਮੰਨੇ।ਪਰ ਆਪਣੇ ਜਨਮ ਦਿਵਸ ਤੇ ਆਪਣੇ ਅੰਦਰ ਜੇ ਝਾਤੀ ਮਾਰ ਕੇ ਵੇਖੀਏ ਤਾਂ ਪਤਾ ਲੱਗੇਗਾ ਕੇ ਅਸੀਂ ਅਕਾਲ ਪੁਰਖ ਨੂੰ ਵਿਸਾਰ ਕੇ ਮਨੁੱਖਾਂ ਉਤੇ ਤੱਕਵਾ ਰੱਖਣਾ ਸ਼ੁਰੂ ਕਰ ਦਿੱਤਾ ਹੈ।'ਸ਼ਬਦ ਗੁਰੂ' ਨੂੰ ਭੁੱਲ ਕੇ "ਦੇਹਧਾਰੀ ਗੁਰੂਆਂ" ਦੇ ਮਗਰ ਲਗੇ ਹੋਏ ਹਾਂ।ਊਚ ਨੀਚ ਦੇ ਮਾਮਲੇ ਵਿਚ ਗਲ ਗਲ ਖੁਭੇ ਹੋਏ ਹਾਂ।ਹੋਰ ਤੇ ਹੋਰ ਗੁਰਦੁਆਰਿਆਂ ਅੰਦਰ, ਸਾਧ ਸੰਗਤ ਵਿਚ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਉੱਚੇ ਨੀਂਵੇਂ ਦਾ ਵਿਤਕਰਾ ਰੱਖਿਆ ਜਾਂਦਾ ਹੈ।ਆਪਣੇ ਆਪਣੇ ਨਾਵਾਂ ਨਾਲ ਜਾਤਾਂ-ਗੋਤਾਂ ਦਾ ਪ੍ਰਯੋਗ ਕਰਕੇ ਆਪਣੇ ਆਪਣੇ ਧੜੇ ਤੇ ਪਾਰਟੀਆਂ ਵਿਚ ਵੰਡੇ ਹੋਏ ਹਾਂ।ਕੀ ਇਹ ਗੁਰੂ ਦੇ ਆਦੇਸ਼ ਅਨੁਸਾਰ ਹੈ ਜਾਂ ਗੁਰੂ ਆਸ਼ੇ ਦੇ ਵਿਰੁੱਧ। ਇਹ ਸੋਚਣ ਵਾਲੀ ਗੱਲ ਹੈ।

ਗੁਰੂ ਸਾਹਿਬ ਨੇ ਤਾਂ ਸਿੱਖ ਸਮਾਜ ਜਾਤ-ਪਾਤ ਰਹਿਤ, ਵਹਿਮ ਭਰਮ ਰਹਿਤ ਬਣਾ ਕੇ ਇਕ ਨਵੀ ਸੁਸਾਇਟੀ ਦਾ ਨਿਰਮਾਣ ਕੀਤਾ ਸੀ ਪਰ ਅਸੀ ਫੇਰ ਉਸੇ ਦਲਦਲ ਵਿਚ ਫੱਸ ਗਏ ਹਾਂ ਜਿਸ ਵਿੱਚੋਂ ਸਤਿਗੁਰੂ ਨੇ ਬਾਂਹ ਫੜ ਕੇ ਕੱਢਿਆ ਸੀ।

ਪ੍ਰਿੰਸੀਪਲ ਤੇਜਾ ਸਿੰਘ ਤੇ ਡਾਕਟਰ ਗੰਡਾ ਸਿੰਘ ਨੇ ਲਿਖਿਆ ਹੈ ਕਿ ਖਾਲਸੇ ਦੀ ਸਾਜਨਾ ਨਾਲ ਸਿੱਖਾਂ ਦੇ ਆਚਰਨ ਵਿਚ ਮਹਾਨ ਪਰੀਵਰਤਨ ਆਇਆ ਅਤੇ ਜਿਹੜੇ ਲੋਕ ਮਨੁੱਖਤਾ ਦੇ ਵਾਧੂ ਅੰਗ ਸਮਝੇ ਜਾਂਦੇ ਸਨ, ਉਹ ਕਿਸੇ ਕਰਾਮਾਤੀ ਸ਼ਕਤੀ ਨਾਲ ਅਦਭੁਤ ਬਣਾ ਦਿੱਤੇ ਗਏ। ਉਹ ਲੋਕ ਜਿਹੜੇ ਸਦਾ ਉਚੀਆਂ ਜਾਤੀਆਂ ਦੇ ਦਾਸ ਬਣ ਕੇ ਰਹਿ ਰਹੇ ਸਨ, ਗੁਰੂ ਗੋਬਿੰਦ ਸਿੰਘ ਜੀ ਦੀ ਇਨਕਲਾਬੀ ਅਗਵਾਈ ਹੇਠਾਂ ਉਹ ਸੂਰਬੀਰ ਯੋਧੇ ਬਣ ਗਏ। ਹੁਣ ਉਹਨਾਂ ਨੂੰ ਕਿਸੇ ਪ੍ਰਕਾਰ ਦਾ ਡਰ ਨਾ ਰਿਹਾ ਤੇ ਹੁਣ ਉਹ ਆਪਣੇ ਗੁਰੂ ਦੇ ਹਰ ਹੁਕਮ ਉਤੇ ਮੌਤ ਨਾਲ ਗਲਵਕੜੀ ਪਾਉਣ ਨੂੰ ਤਿਆਰ ਰਹਿੰਦੇ।"

ਗੁਰੂ ਸਾਹਿਬ ਨੇ ਹਰ ਸਿੱਖ ਦੇ ਨਾਂ ਨਾਲ "ਸਿੰਘ" ਤੇ ਹਰ ਸਿੱਖਣੀ ਦੇ ਨਾ ਨਾਲ "ਕੌਰ" ਲਗਾ ਕੇ ਸਿੱਖਾਂ ਨੂੰ ਇਕ ਕਿਸਮ ਦਾ ਵਿਸ਼ੇਸ਼ ਵਿਅਕਤਿਤਵ ਪ੍ਰਦਾਨ ਕਰ ਦਿੱਤਾ ਸੀ, ਜਿਸ ਨਾਲ ਉਹਨਾਂ ਅੰਦਰ ਭਾਵੁਕ-ਏਕਤਾ ਪੈਦਾ ਹੋ ਗਈ ਤੇ ਉਹਨਾਂ ਵਿਚੋਂ ਉਚ-ਨੀਚ ਦਾ ਅੰਤਰ ਮਿੱਟ ਗਿਆ ਅਤੇ ਉਹ ਸਾਰੇ ਆਪਣੇ ਆਪ ਨੂੰ ਇੱਕ ਸਮਾਨ ਸਮਝਣ ਲੱਗ ਪਏ ਪਰ ਅੱਜ "ਸਿੰਘ" ਤੇ "ਕੌਰ" ਦਾ ਪ੍ਰਯੋਗ ਆਪਣੇ ਨਾਵਾਂ ਨਾਲ ਕਰਨ ਨੂੰ "ਪਿਛਾਂਹ ਖਿਚੂ" ਕਰਮ ਕਿਹਾ ਜਾਣ ਲੱਗ ਪਿਆ ਹੈ।

ਇਸ ਤਰ੍ਹਾਂ ਕਰਕੇ ਅਸਾਂ ਆਪਣਾ ਵਿਅਕਤਿਤਵ ਧੁੰਦਲਾ ਬਣਾ ਲਿਆ ਹੈ ਤੇ ਆਪਣੀ ਹੋਂਦ ਨੂੰ ਖਤਰੇ ਵਿਚ ਪਾ ਲਿਆ ਹੈ। ਜੇ ਗੰਡਾ ਸਿੰਘ, ਤੇਹਾ ਸਿੰਘ, ਜੋਧ ਸਿੰਘ, ਵੀਰ ਸਿੰਘ, ਕਾਨ੍ਹ ਸਿੰਘ ਆਦਿ ਲਿਖਣ ਨਾਲ ਉਹਨਾਂ ਵਿਅਕਤੀਆਂ ਦਾ ਮਾਣ ਸਤਿਕਾਰ ਬਣਿਆ ਰਿਹਾ ਤਾਂ ਹੁਣ ਕਿਹੜਾ ਤੂਫਾਨ ਆ ਗਿਆ ਹੈ ਜਿਸ ਨਾਲ "ਸਿੰਘ" ਜਾਂ "ਕੌਰ" ਆਪਣੇ ਨਾਂ ਨਾਲ ਲਿਖਣ ਕਰਕੇ ਅਸੀਂ ਉੱਡ ਚੱਲੇ ਹਾਂ।

ਗੁਰੂ ਸਾਹਿਬ ਤਾਂ ਆਪਣਾ ਸਿੱਖ ਉਸੇ ਨੂੰ ਮੰਨਦੇ ਹਨ ਜੋ ਉਹਨਾਂ ਦੀ ਰਹਿਤ-ਮਰਯਾਦਾ ਤੇ ਚਲਦਾ ਹੈ। ਉਨ੍ਹਾਂ ਦਾ ਕਥਨ ਹੈ, "ਰਹਿਣੀ ਰਹੇ ਸੋਈ ਸਿੱਖ ਮੇਰਾ। ਉਹ ਸਾਹਿਬ ਮੈਂ ਉਸਕਾ ਚੇਰਾ।" ਭਾਵੇਂ ਰਹਿਣੀ ਤੋਂ ਮੁਰਾਦ ਕੇਵਲ ਬਾਹਰਲੀ ਰਹਿਤ ਨਹੀਂ ਪਰ ਹਰ ਫ਼ੌਜੀ ਦੀ ਪਹਿਚਾਣ ਉਸਦੀ ਵਰਦੀ ਤੋਂ ਹੀ ਹੁੰਦੀ ਹੈ। ਵੈਸੇ ਤਾਂ ਉਹ ਵੀ ਇੱਕ ਮਨੁੱਖ ਹੀ ਹੁੰਦਾ ਹੈ। ਸਾਡੀ ਪਹਿਚਾਣ ਸਾਡੇ ਨਾਂ, ਸਾਡੇ ਕਿਰਦਾਰ ਤੇ ਸਾਡੇ ਸਦਾਚਾਰ ਤੋਂ ਹੋਣੀ ਹੈ। ਆਪਣੀ ਵਰ੍ਹੇ-ਗੰਢ ਦੇ ਅਵਸਰ ਤੇ ਇਸ ਪਾਸੇ ਉਚੇਚਾ ਧਿਆਨ ਦੇਣ ਦੀ ਲੋੜ ਹੈ। ਜੇ ਅੱਧੇ ਨਾਂ ਲਿਖਣ ਵਾਲੀ ਰੁਚੀ ਪ੍ਰਬੱਲ ਹੋ ਗਈ ਤਾਂ ਸਿੱਖਾਂ ਦਾ ਨਿਰਾਲਾਪਣ ਮੁੱਕ ਜਾਏਗਾ।

ਜੇ ਜ਼ੈਲ ਸਿੰਘ ਲਿਖ ਕੇ ਕੋਈ ਰਾਸ਼ਟਰਪਤੀ ਰਹਿ ਸਕਦਾ ਹੈ, ਜੇ ਅਰਜਨ ਸਿੰਘ ਲਿਖ ਕੇ ਕੋਈ ਏਅਰ-ਚੀਫ-ਮਾਰਸ਼ਲ ਹੋ ਸਕਦਾ ਹੈ, ਜੇ ਇੰਦਰਜੀਤ ਸਿੰਘ ਲਿਖ ਕੇ ਕੋਈ ਪੰਜਾਬ ਸਿੰਧ ਬੈਂਕ ਦਾ ਸੁਪ੍ਰਸਤ ਹੋ ਸਕਦਾ ਹੈ, ਜੇਕਰ ਮਨਮੋਹਨ ਸਿੰਘ ਲਿਖ ਕੇ ਕੋਈ ਪਲਾਨਿੰਗ ਕਮਿਸ਼ਨ ਦਾ ਕਰਤਾ-ਧਰਤਾ ਤੇ ਵਿੱਤ ਮੰਤਰੀ ਕੇਂਦਰੀ ਸਰਕਾਰ ਰਹਿ ਸਕਦਾ ਹੈ, ਜੇਕਰ ਮਿਲਖਾ ਸਿੰਘ ਸਮੁੱਚੇ ਸੰਸਾਰ ਵਿਚ "ਫਲਾਇੰਗ ਸਿੱਖ" ਵਜੋਂ ਜਾਣਿਆ ਜਾਂਦਾ ਹੈ, ਜੇਕਰ ਬਲਵੀਰ ਸਿੰਘ ਵਿਸ਼ਵ ਭਰ ਵਿਚ "ਓਲੰਪੀਅਨ" ਹਾਕੀ ਖਿਡਾਰੀ ਮੰਨਿਆ ਜਾ ਸਕਦਾ ਹੈ ਤਾਂ ਫਿਰ ਆਪਣੇ ਨਾਵਾਂ ਨਾਲ ਸਿੰਘ ਜਾਂ ਕੌਰ ਲਿਖਣ ਤੋਂ ਸੰਕੋਚ ਕਿਉਂ?

ਇਕ ਹੋਰ ਸ਼ੰਕਾ ਜੋ ਸੋਚੀ ਸਮਝੀ ਸਾਜਿਸ਼ ਅਧੀਨ ਪੈਦਾ


www.AKJ.Org

ਕੀਤਾ ਜਾ ਰਿਹਾ ਹੈ, ਉਹ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ, ਸਿੱਖਾਂ ਨੂੰ ਕੇਵਲ ਸਿਪਾਹੀ ਦਾ ਰੂਪ ਦੇ ਦਿੱਤਾ ਤੇ ਉਹਨਾਂ ਨੂੰ ਪਹਿਲੇ ਗੁਰੂਆਂ ਦੇ ਰਾਹ ਤੋਂ ਭਟਕਾ ਦਿੱਤਾ ਅਤੇ ਉਹਨਾਂ ਨੇ ਸਿੱਖੀ ਦੇ ਮੁਢਲੇ ਅਸੂਲ "ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ" ਛੱਡ ਦਿੱਤੇ ਤੇ ਕੇਵਲ ਮਾਰ ਧਾੜ ਤੇ ਲੜਾਈ ਝਗੜਾ ਹੀ ਕਰਨ ਲੱਗ ਪਏ। ਜੇ ਗਹੁ ਨਾਲ ਵੇਖੀਏ ਤਾਂ ਗੁਰੂ ਸਾਹਿਬ ਨੇ "ਭਗਤੀ-ਸ਼ਕਤੀ" ਦਾ ਮਿਲਾਪ ਕਰਾਕੇ ਸਿੱਖਾਂ ਨੂੰ "ਸੰਤ-ਸਿਪਾਹੀ" ਦਾ ਮਿਲਾਪ ਕਰਾਕੇ ਸਿੱਖਾ ਨੂੰ "ਸੰਤ-ਸਿਪਾਹੀ" ਬਣਾ ਕੇ ਇਹ ਸਿਧਾਂਤ ਦ੍ਰਿੜ ਕਰਵਾਇਆ ਸੀ ਕਿ ਨਾਮ ਜੱਪਦਿਆਂ ਹੋਇਆਂ, ਦਸਾਂ ਨੁਹਾਂ ਦੀ ਕਿਰਤ ਕਰਦਿਆਂ ਹੋਇਆਂ ਵੀ ਜੇਕਰ ਕੋਈ ਹੋਰ ਹੀਲਾ ਬਾਕੀ ਨਾ ਰਹਿ ਜਾਵੇ ਆਪਣੇ ਬਚਾਉ ਲਈ, ਜ਼ਾਲਮ ਨੂੰ ਸੋਧਣ ਲਈ ਤਲਵਾਰ ਦੀ ਵਰਤੋਂ ਜਾਇਜ਼ ਹੈ। ਉਹਨਾਂ ਦਾ ਕਥਨ ਹੈ, "ਚੂੰ ਕਾਰ ਅਜ਼ ਹਮਾਹੀਲਤੇ ਦਰਗੁਜ਼ਸ਼ਤ।। ਹਲਾਲ ਅਸਤ ਬੁਰਦਨ-ਬਸ਼ਮਸ਼ੀਰ ਦਸਤ।" ਇਸ ਦਾ ਇਹ ਭਾਵ ਕਦਾਚਿਤ ਨਹੀਂ ਕਿ ਖਾਲਸਾ ਨਿਰਦੋਸ਼, ਨਿਹੱਥੇ ਤੇ ਨਿਆਸਰੇ 'ਤੇ ਹੱਲਾ ਕਰੇ, ਸਗੋਂ ਇਹ ਹੈ ਕਿ ਨਿਰਦੋਸ਼, ਨਿਹੱਥੇ ਤੇ ਨਿਆਸਰੇ ਦੀ ਸਹਾਇਤਾ ਲਈ ਜੇਕਰ ਭਗਉਤੀ ਦਾ ਪ੍ਰਯੋਗ ਕਰਨਾ ਹੀ ਬਾਕੀ ਰਹਿ ਜਾਵੇ ਤਾਂ ਐਸਾ ਕਰਨਾ ਉਚਿਤ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ "ਸੰਤ ਸਿਪਾਹੀਆਂ" ਦੀ ਇੱਕ ਜਮਾਤ ਤਿਆਰ ਕਰ ਦਿੱਤੀ ਸੀ।

ਅੰਮ੍ਰਿਤਧਾਰੀ ਸਿੱਖ ਲਈ ਪੰਜ-ਕਕਾਰਾਂ ਦੀ ਰਹਿਤ ਜ਼ਰੂਰੀ ਹੈ। ਜੇਕਰ ਅਸੀਂ ਰਹਿਤ-ਮਰਯਾਦਾ ਵਿੱਚ ਪੱਕੇ ਨਹੀਂ ਤਾਂ ਨਿਸਚੇ ਹੀ 'ਸਿੰਘ' ਜਾਂ 'ਖਾਲਸਾ' ਕਹਾਉਣ ਦੇ ਹੱਕਦਾਰ ਨਹੀਂ ਹਾਂ। 'ਕੇਸ' ਤਾਂ ਵਾਹਿਗੁਰੂ ਦੀ ਅਮੁੱਲੀ ਤੇ ਕੁਦਰਤੀ ਦਾਤ ਹੈ। ਜਿਹੜੇ ਕੇਸ ਕਟਾਂਦੇ ਹਨ, ਉਹ ਪ੍ਰਮਾਤਮਾ ਦੇ ਕੀਤੇ ਵਿਚ ਆਪਣੀ ਸਿਆਣਪ ਦਾ ਦਖ਼ਲ ਕਰਦੇ ਹਨ। ਮੂਰਖ ਇਹ ਨਹੀਂ ਸਮਝਦੇ ਕਿ ਜੇ ਇਹ ਵਾਧੂ ਚੀਜ਼ ਹੁੰਦੀ ਤਾਂ ਇਕ ਵਾਰੀ ਕਤਲ ਕਰਨ ਬਾਅਦ ਫਿਰ ਪੈਦਾ ਨਾ ਹੁੰਦੀ। ਜੋ ਲੋਕ ਦਿੱਤੀ ਦਾਤ ਨੂੰ ਉਜਾੜਦੇ ਹਨ ਉਹ ਅਮਾਨਤ ਵਿਚ ਖਿਆਨਤ ਕਰਨ ਦੇ ਭਾਗੀ ਹੁੰਦੇ ਹਨ। ਪਰ ਜੋ ਸਿੱਖ ਅਖਵਾਉਂਦੇ ਹੋਏ ਦਾੜ੍ਹੀ ਕੇਸ ਕੱਟਦੇ ਹਨ ਉਹਨਾਂ ਨੂੰ ਸੰਸਾਰ ਪ੍ਰਸਿੱਧ ਫਿਲਾਸਫਰ "ਟਾਇਨਬੀ" ਦੇ ਸ਼ਬਦ ਯਾਦ ਰੱਖਣੇ ਚਾਹੀਦੇ ਹਨ ਜੋ ਪੁੱਛਣ ਤੇ ਦੱਸਦਾ ਹੈ ਕਿ "ਸੰਸਾਰ ਵਿਚ ਸਭ ਤੋਂ ਖ਼ੂਬਸੂਰਤ ਮਨੁੱਖ ਉਹ ਹੈ ਜੋ ਆਪਣੀ ਦਾੜ੍ਹੀ ਅਸਲੀ ਹਾਲਤ ਵਿਚ ਖੁੱਲੀ ਰੱਖਦਾ ਹੈ, ਤੇ ਸੰਸਾਰ ਦਾ ਸਭ ਤੋਂ ਕਰੂਪ ਵਿਅਕਤੀ ਉਹ ਹੈ ਜੋ ਦਾੜ੍ਹੀ ਕੱਟਦਾ ਹੈ।" ਉਹ ਲੋਕ ਜੋ ਸਿੱਖੀ-ਸਰੂਪ ਨੂੰ ਵਿਗਾੜਨ ਦੇ ਭਾਗੀ ਬਣਦੇ ਹਨ, ਉਹ ਨਾ ਤਾਂ ਖ਼ੂਬਸੂਰਤ ਬਣ ਸਕਦੇ ਹਨ, ਨਾ ਮਨੁੱਖ ਅਤੇ ਨਾ ਹੀ ਪਿਆਰੇ ਬਾਜ਼ਾਂ ਵਾਲੇ ਦੇ ਮਹਿਬੂਬ। ਉਹਨਾਂ ਲੋਕਾਂ ਨੂੰ ਜਨਮ ਦਿਨ ਤੇ ਇਸ ਘਾਤਕ ਕਾਰਵਾਈ ਦੇ ਕਰਨ ਤੋਂ ਤੋਬਾ ਕਰਨੀ ਚਾਹੀਦੀ ਹੈ।

ਕਈ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ ਪਹਿਲੇ ਨੌਂ ਗੁਰੂ ਸਹਿਬਾਨ ਨਾਲੋਂ ਕੁੱਝ ਵੱਖਰੇ ਸਨ ਤੇ ਉਹਨਾਂ ਨੇ ਪਹਿਲੇ ਗੁਰੂ ਸਾਹਿਬਾਨ ਦੇ ਰਸਤੇ ਨੂੰ ਛੱਡ ਕੇ ਇੱਕ ਨਵਾਂ ਰਾਹ ਚੁਣਿਆ। ਪਰ ਜਰਾ ਗਹੁ ਨਾਲ ਵੇਖਣ ਤੇ ਪਤਾ ਲੱਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਕਾਰਜ ਉਸੇ ਸਿੱਖ ਧਰਮ ਦੇ ਵਿਕਾਸ ਦੀ ਉਪਜ ਹਨ, ਜਿਸ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ। ਅਸਲ ਵਿਚ ਜੋ ਫ਼ਸਲ ਗੁਰੂ ਸਾਹਿਬ ਨੇ ਬੀਜੀ ਸੀ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਖ਼ੂਨ ਨਾਲ ਸਿੰਜਿਆ, ਜਿਸ ਦੀ ਰਾਖੀ ਮੀਰੀ ਪੀਰੀ ਦੇ ਮਾਲਕ ਨੇ ਕੀਤੀ ਸੀ, ਉਸ ਦੇ ਪੱਕਣ ਦਾ ਸਮਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਆਇਆ। ਜਿਸ ਲੋਹੇ ਦੀ ਤਲਵਾਰ ਬਣੀ ਸੀ, ਉਸ ਨੂੰ ਗੁਰੂ ਨਾਨਕ ਸਾਹਿਬ ਨੇ ਹੀ ਢਾਲਿਆ ਸੀ।

ਆਓ ਦਿਲ ਅੰਦਰ ਝਾਤੀ ਮਾਰ ਕੇ ਵੇਖੀਏ ਕਿ ਸਚਮੁੱਚ ਅਸੀਂ ਗੁਰੂ ਸਾਹਿਬ ਦੇ ਦੱਸੇ ਅਨੁਸਾਰ ਜੀਵਨ ਬਤੀਤ ਕਰ ਰਹੇ ਹਾਂ? ਆਪਣੇ ਕਾਰ ਵਿਹਾਰ ਵਿਚ ਕਿਤਨੇ ਇਮਾਨਦਾਰ ਹਾਂ। ਪੂਰਾ ਮਿਣਦੇ ਤੇ ਪੂਰਾ ਤੋਲਦੇ ਹਾਂ, ਮਿਲਾਵਟ ਤਾਂ ਨਹੀਂ ਕਰਦੇ, ਆਪਣੀ ਡਿਊਟੀ ਸਮੇਂ ਸਿਰ ਨਿਭਾਂਦੇ ਹਾਂ, ਬਿਨਾਂ ਵੱਢੀ ਲਏ ਕਿਸੇ ਦਾ ਕੰਮ ਆਪਣਾ ਫ਼ਰਜ ਸਮਝ ਕੇ ਕਰਦੇ ਹਾਂ ਕਿ ਨਹੀਂ। ਝੂਠ ਬੋਲਕੇ, ਝੂਠੀ ਗਵਾਹੀ ਦੇ ਕੇ ਆਪਣੇ ਸਿੱਖੀ ਸਰੂਪ ਨੂੰ ਲਾਜ ਤਾਂ ਨਹੀਂ ਲਗਾ ਰਹੇ? ਕੋਈ ਸਮਾਂ ਸੀ ਸਿੱਖ ਦੀ ਗਵਾਹੀ ਨੂੰ ਪ੍ਰਮਾਣਤ ਮੰਨਿਆਂ ਜਾਂਦਾ ਸੀ ਪਰ ਅੱਜ ਕਚਿਹਰੀਆਂ ਵਿਚ ਮੁਕੱਦਮਿਆਂ, ਚੋਰੀਆਂ, ਡਾਕਿਆਂ ਕਤਲਾਂ, ਉਧਾਲਿਆਂ ਵਿਚ ਚਾਰ ਚੁਫੇਰੇ ਹੀ ਸਿੱਖ ਹੀ ਸਿੱਖ ਦਿੱਸਦੇ ਹਨ। ਸਾਡਾ ਆਚਾਰ ਅਤੇ ਕਿਰਦਾਰ ਕਿੱਥੋਂ ਤੱਕ ਡਿੱਗ ਪਿਆ ਹੈ, ਇਸ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ ਅੱਜ। ਇੰਦੂ ਭੂਸ਼ਨ ਬੈਨਰਜੀ ਦੇ ਸ਼ਬਦਾਂ ਵਿਚ "ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕਰੜੀ ਤਾੜਨਾਂ ਕੀਤੀ ਸੀ ਕਿ ਜੇ ਉਨ੍ਹਾਂ ਵਿਚ ਬੁਨਿਆਦੀ ਸਭਿਆਚਾਰ ਅਤੇ ਭਗਤੀ ਨਹੀਂ ਹੋਵੇਗੀ ਤਾਂ ਉਹਨਾਂ ਦੀ ਰਾਜਸੀ ਜਾਂ ਫ਼ੌਜੀ ਸ਼ਕਤੀ ਵੀ ਵਿਅਰਥ ਜਾਵੇਗੀ" ਸੋ ਅੱਜ ਖਾਲਸਾ ਜੀ ਨੂੰ ਆਪਣੀ ਵਰ੍ਹੇ-ਗੰਢ ਦੇ ਅਵਸਰ ਤੇ ਲੇਖਾ-ਜੋਖਾ

ਬਾਕੀ ਪੰਨਾ ੧੭ ਤੇ

## ਖਾਲਸੇ ਦੀ ਲੋੜ

ਜੀਵਨ ਜੀਂਦੇ ਹਨ ਸਾਰੇ,ਮਨੁੱਖ, ਪਸ਼ੂ ਤੇ ਪੰਛੀ,
ਪਰ ਅਸਲ ਤੇ ਸਫ਼ਲ ਜੀਵਨ ਹੈ ਖਾਲਸੇ ਦਾ।
ਖਾਲਸਾ ਉਹ ਜਿਹਦਾ ਚਿੱਤ ਗੁਰ ਚਰਨ 'ਚ,
ਖਾਲਸਾ ਉਹ ਜਿਹੜਾ ਨਿੱਤ ਰਹੇ ਹਰਿ ਸਰਨ 'ਚ,
ਅੰਮ੍ਰਿਤ ਹੈ ਜਿਹਦੇ ਹਰ ਅੰਗ ਤੇ ਜਗ ਦੀ ਧਰਨ 'ਚ।
ਪੰਜ ਕਕਾਰਾਂ ਦਾ ਉਹ ਧਾਰਨੀ,
ਸਿੱਖ ਰਹਿਤ ਦਾ ਉਹ ਸਾਰਨੀ,
ਮਜ਼ਲੂਮ ਦੀ ਰੱਖਿਆ ਲਈ ਜਾਨ ਉਹਨੇ ਵਾਰਨੀ।
'ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ',
ਗੁਰੂ ਦੇ ਇਸ ਉਪਦੇਸ਼ ਤੇ ਚਲੇ ਉਹ ਸੂਰਮਾ,
ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦਾ ਕਰੇ ਉਹ ਚੂਰਮਾ।
ਅਜ ਬਦੀ ਭਰੇ ਸ਼ਹਿਰਾਂ 'ਚ ਹੈ ਖਾਲਸੇ ਦੀ ਲੋੜ,
ਅੱਜ ਮਨ ਨੇ ਰੋਂਦੇ ਤੇ ਆਤਮਾ ਬੁਲਾਵੇ 'ਹੇ ਖਾਲਸੇ ਤੂੰ ਬਹੁੜ!
ਸਾਰੇ ਟੁੱਟਿਆਂ ਦੇ ਤੂੰ ਹੀ ਜੋੜ ਦੇ ਜੋੜ!'
ਗੁਰੂ ਦੀ ਰਹਿਮਤ ਦੇ ਪਾਤਰ ਹੈ ਜੇ ਬਣਨਾ,
ਸੱਚੇ ਤੇ ਸੁੱਚੇ ਪਿਆਰ ਦੀ ਜ਼ਿੰਦਗੀ ਨੂੰ ਹੈ ਜੇ ਜਣਨਾ,
ਤਾਂ ਕਰੀਏ ਪ੍ਰਾਥਨਾ, ਬਣ ਜਾਈਏ ਖਾਲਸੇ ਦੀ ਗਣਨਾ।

ਅਸ਼ਵਿੰਦਰ ਕੌਰ (ਅਮਰੀਕਾ)


www.AKJ.Org

# ਨਾਨਕ ਨਿਰਮਲ ਪੰਥ ਚਲਾਇਆ

( ਡਾ. ਸਰਬਜੋਤ ਕੌਰ, ਗੌਰਮਿੰਟ ਕਾਲਜ ਫਾਰ ਵੂਮੈਨ, ਲੁਧਿਆਣਾ )

26 ਮਈ ਸੰਨ 1971 ਦੇ ਅੰਗਰੇਜ਼ੀ ਟ੍ਰਿਬਿਊਨ ਵਿਚ ਇੱਕ ਖ਼ਬਰ ਛਪੀ ਸੀ:

Nilokheri, May 25, " Mr. Chand Ram, former Deputy Chief minister said at a Haryana Conference at Taraori on Sunday evening that a Harijen scholar from the south had suggested that the Harijens should adopt sikhism as their religion to get rid of their fear complex."

ਇਹ ਖ਼ਬਰ ਸਿੱਖ ਧਰਮ ਦੇ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ ਤੇ ਨਿਥਾਵਿਆਂ ਦੀ ਥਾਂ ਹੋਣ ਨੂੰ ਦਰਸਾਉਂਦੀ ਹੈ। ਸਿੱਖ ਧਰਮ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਭਾਰਤ-ਵਾਸੀ ਜਾਤ-ਪਾਤ ਦੀਆਂ ਕਰੜੀਆਂ ਜੰਜੀਰਾਂ ਵਿਚ ਜਕੜੇ ਹੋਏ ਸਨ। ਬ੍ਰਾਹਮਣਵਾਦ ਦੀ ਤਕਸੀਮ ਵਾਲੀ ਬਿਰਤੀ ਨੇ ਦੇਵੀ-ਦੇਵਤੇ ਵੰਡੇ ਹੋਏ ਸਨ, ਧਰਮ ਅਸਥਾਨ ਵੰਡੇ ਹੋਏ ਸਨ, ਪੂਜਾ ਢੰਗ ਵੰਡੇ ਹੋਏ ਸਨ ॥(ਸ਼ਾਇਦ ਅੱਜ ਵੀ ਵੰਡੇ ਹੋਏ ਹਨ।) ਗੁਰੂ ਨਾਨਕ ਦੇਵ ਜੀ ਨੇ ਨਿਰਮਲ ਪੰਥ ਚਲਾਇਆ। ਆਪ ਨੇ ਆਪਣਾ ਸਾਥੀ ਅਖੌਤੀ ਨੀਵੀਂ ਜਾਤ ਦਾ ਮਰਦਾਨਾ ਬਣਾਇਆ ਤੇ ਜੇ ਕੋਈ ਪੁੱਛਦਾ ਇਹ ਕੌਣ ਹੈ ਤਾਂ ਜੁਆਬ ਮਿਲਦਾ, 'ਇਹ ਮੇਰਾ ਭਾਈ ਹੈ।' ਆਪ ਦੇ ਵਿਚਾਰ ਅਨੁਸਾਰ ਉੱਚਾ-ਨੀਵਾਂ,ਬ੍ਰਾਹਮਣ-ਸ਼ੂਦਰ ਕਰਮਾਂ ਕਰਕੇ ਹੈ, ਜਨਮ ਕਰਕੇ ਨਹੀ:

'ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ' (ਪੰਨਾ ੧੧੨੮)

ਗੁਰੂ ਨਾਨਕ ਦੇਵ ਜੀ ਨੇ 'ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਈ' ਨਾਲ ਊਚ-ਨੀਚ ਦਾ ਭੇਦ ਮਿਟਾ ਕੇ ਡਿੱਗਿਆਂ ਨੂੰ ਗਲੇ ਲਗਾਇਆ। ਇਸੇ ਯਤਨ ਨੂੰ ਅੱਗੇ ਤੋਰਦਿਆਂ ਗੁਰੂ ਅਮਰਦਾਸ ਜੀ ਨੇ ਸੰਗਤ ਦੇ ਨਾਲ ਪੰਗਤ ਵੀ ਲਾਜ਼ਮੀ ਕਰ ਦਿਤੀ। ਸੰਗਤ ਵਿਚ ਸੱਚੇ ਗੁਰੂ ਗਿਆਨ ਨਾਲ ਮਨ ਨੂੰ ਹਰਾ ਭਰਾ ਤੇ ਮਜ਼ਬੂਤ ਕਰਨਾ ਸੀ ਤੇ ਪੰਗਤ ਵਿਚ ਬੈਠ ਕੇ ਬਿਨਾਂ ਕਿਸੇ ਵਿਤਕਰੇ ਦੇ ਪ੍ਰਸ਼ਾਦ ਲੰਗਰ ਛਕਣਾ ਤਾਂ ਕਿ ਸਾਰੇ ਲੋਕ ਇੱਕ ਦੂਸਰੇ ਨੂੰ ਇਕੋ ਪਰਿਵਾਰ ਦੇ ਮੈਂਬਰ ਸਮਝਣ। ਲੰਗਰ ਦੀ ਪ੍ਰਥਾ ਸਭ ਤੋਂ ਵੱਧ ਆਚਰਣਿਕ ਦਲੇਰੀ ਅਤੇ ਸਮਾਜਿਕ ਪਰਿਵਰਤਨ ਦੀ ਸੂਚਕ ਸੀ। ਇਹ ਊਚ-ਨੀਚ, ਸ਼ੂਦਰ, ਬ੍ਰਾਹਮਣ ਤੇ ਹੋਰ ਵਰਣਾਂ ਦੇ ਭਰਮ ਮਿਟਾਉਣ ਵਾਲੀ ਅਤੇ ਸੇਵਾ, ਦਾਨ, ਉਪਕਾਰ, ਉਦਾਰਤਾ, ਸਬਰ, ਨਿਮਰਤਾ ਵਾਲੇ ਮਹਾਨ ਗੁਣ ਸਿਖਲਾਉਣ ਵਾਲੀ ਸੰਸਥਾ ਸੀ। ਇਹੋ ਲੰਗਰ ਸੀ ਜਿਸ ਨੇ ਸਿੱਖ ਧਰਮ ਦੀ ਉੱਚਤਾ ਤੇ ਵਿਸ਼ੇਸ਼ਤਾ ਨੂੰ ਸਾਰੇ ਜਗਤ ਵਿਚ ਸੂਰਜ ਦੀ ਰੌਸ਼ਨੀ ਵਾਂਗ ਫ਼ੈਲਾ ਦਿੱਤਾ। ਇਸੇ ਲੰਗਰ ਨੇ ਹੀ ਭਾਰਤ ਦੇ ਨਿੱਘਰ ਚੁੱਕੇ ਅਤੇ ਡਾਵਾਂਡੋਲ ਸਭਿਆਚਾਰ ਨੂੰ ਨਵੇਂ ਸਿਰਿਉਂ ਸੁਰਜੀਤ ਕੀਤਾ। ਬਾਕੀ ਗੁਰੂ ਸਾਹਿਬਾਨ ਨੇ ਵੀ ਇਸ ਪ੍ਰਥਾ ਨੂੰ ਪਹਿਲੇ ਵਾਂਗ ਜਾਰੀ ਰਖਿਆ। ਗੁਰੂ ਹਰਰਾਇ ਜੀ ਨੇ ਤਾਂ ਇੱਥੋਂ ਤੱਕ ਕਹਿ ਰੱਖਿਆ ਸੀ ਕਿ ਲੰਗਰ ਸ਼ੁਰੂ ਹੋਣ ਤੋਂ ਪਹਿਲਾਂ ਨਗਾਰਾ ਜ਼ਰੂਰ ਖੜਕੇ ਤਾਂ ਕਿ ਕੋਈ ਇਹ ਨਾ ਆਖ ਸਕੇ ਕਿ ਸੱਦਾ ਨਹੀਂ ਦਿੱਤਾ ਗਿਆ। ਕੋਈ ਵੀ ਆ ਸਕਦਾ ਹੈ - ਬਿਨਾਂ ਕਿਸੇ ਜਾਤ-ਪਾਤ ਦੇ ਵਖਰੇਵੇਂ ਦੇ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਸ ਵਖਰੇਵੇਂ ਦੇ ਪਾੜ ਨੂੰ ਅੰਮ੍ਰਿਤ ਛਕਾ ਕੇ ਐਸਾ ਭਰਿਆ ਕਿ ਮੁੜ ਕੋਈ ਉੱਚਾ-ਨੀਵਾਂ ਰਿਹਾ ਹੀ ਨਾ। ਪਹਿਲੇ ਪੰਜ ਭਾਰਤੀਆਂ ਜਿਹਨਾਂ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ ਉਹ ਅਲੱਗ-ਅਲੱਗ ਰਾਜਾਂ ਦੇ ਸਨ। ਸਿੱਖ ਧਰਮ ਕਿਸੇ ਇੱਕ ਜਾਤ ਜਾਂ ਕਿਸੇ ਇੱਕ ਰਾਜ ਤੱਕ ਹੀ ਸੀਮਿਤ ਨਾ ਰਹਿ ਗਿਆ। ਇਹ ਸਾਰੇ ਭਾਰਤੀਆਂ ਅਤੇ ਸਾਰੇ ਵਰਣਾਂ ਦਾ ਸਾਂਝਾਂ ਧਰਮ ਬਣ ਗਿਆ। ਇਹ ਤਜਰਬਾ ਇਕ ਆਤਮਿਕ ਅੰਦੋਲਨ ਸਿੱਧ ਹੋਇਆ ਜਿਸ ਵਿਚੋਂ ਧਾਰਮਿਕ, ਰਾਜਸੀ ਅਤੇ ਸਮਾਜਿਕ ਪਰਿਵਰਤਨ ਪੈਦਾ ਹੋਏ। ਇਸ ਤਜਰਬੇ ਨੇ ਭਾਰਤ ਦਾ ਨਵਾਂ ਇਤਿਹਾਸ ਆਰੰਭ ਕੀਤਾ। ਭਾਰਤ ਤਾ ਨਵਾਂ ਇਤਿਹਾਸ ਅੰਮ੍ਰਿਤ ਦੇ ਆਦਰਸ਼ਾਂ ਤੇ ਉਹਨਾਂ ਦੀ ਸ਼ਕਤੀ ਦੇ ਚਮਤਕਾਰਾਂ ਦਾ ਇਤਿਹਾਸ ਹੈ।

ਅੰਮ੍ਰਿਤ ਦਾ ਸਿਧਾਂਤ ਮਨੁੱਖਤਾ ਵਾਸਤੇ ਨਵਾਂ ਨਹੀਂ ਸੀ। ਸਾਰੇ ਸੰਸਾਰ ਵਿਚ ਅੰਮ੍ਰਿਤ ਨੂੰ ਜੀਵਨ ਦੇ ਉੱਚਤਮ ਆਦਰਸ਼ਾਂ ਤੇ ਉਚਤਮ ਰਸ ਦਾ ਸਾਥੀ ਮੰਨਿਆ ਗਿਆ ਹੈ। ਸਾਰੇ ਧਰਮਾਂ ਵਿਚ ਇਸ ਦਾ ਕੋਈ ਨਾ ਕੋਈ ਸਰੂਪ ਮੌਜੂਦ ਹੈ। ਅੰਮ੍ਰਿਤ ਹਿੰਦੂ ਧਰਮਾਂ ਵਿਚ ਸੋਮਰਸ (ਬੂਟੀ) ਮੁਸਲਮਾਨਾਂ ਵਿਚ ਆਬਿ-ਹਯਾਤ (ਚਸ਼ਮਾ) ਯੋਗੀਆਂ ਵਿਚ ਅੰਮ੍ਰਿਤਧਾਰਾ (ਪ੍ਰਾਨਯਮ ਦੇ ਬਲ ਨਾਲ ਮਸਤਕ ਵਿਚ ਇਸਥਿਤ ਚੰਦਰਮਾ ਤੋਂ ਟਪਕਦੀ ਹੈ) ਰਿਸ਼ੀਆਂ ਵਿਚ ਮਾਨਸਰੋਵਰ (ਸਮੁੰਦਰ) ਅਤੇ ਇਸਾਈਆਂ ਵਿਚ ਬਪਤਿਸਮਾਂ (ਜੀਵਨ ਦੇਣ ਵਾਲਾ ਜਲ) ਦੇ ਰੂਪ ਵਿਚ ਪ੍ਰਚਲਤ ਹੈ। ਪਰ ਗੁਰਮਤਿ ਵਿਚ ਅੰਮ੍ਰਿਤ ਅੰਤਰੀਵ ਆਤਮਿਕ ਮੰਡਲਾਂ ਜਾਂ ਰੂਹਾਨੀ ਮੰਜਲਾਂ ਤੇ ਅਪੜ ਕੇ ਸਰੀਰ ਦੇ ਅੰਦਰੋਂ ਹੀ ਪ੍ਰਾਪਤ ਹੁੰਦਾ ਹੈ। ਇਸ ਦੀ ਪ੍ਰਪਤੀ ਲਈ ਆਪਾ ਮਾਰਨਾ ਪੈਂਦਾ ਹੈ। ਨਿਰਭਉ ਤੇ ਨਿਰਵੈਰ ਹੋ ਕੇ ਗੁਰੂ ਨੂੰ ਸੀਸ ਭੇਟ ਕਰਨ ਦੀ ਸ਼ਕਤੀ ਹਾਸਲ ਕਰਨੀ ਪੈਂਦੀ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ:

ਗੁਰਮਤਿ ਸਾਚਿ ਸਹਿਜ, ਹਰਿ ਬੋਲੈ ।।
ਪੀਵੈ ਅੰਮ੍ਰਿਤ ਤਤੁ ਵਿਰੋਲੈ ।। (ਗਾਉੜੀ ਮ: ੧, ਪੰਨਾ ੨੨੭)

ਉਹ ਅੰਮ੍ਰਿਤ ਜਿਸ ਦੇ ਪੀਤਿਆਂ ਤਤੁ ਤਕ ਪਹੁੰਚਿਆਂ ਜਾ ਸਕਦਾ ਹੈ, ਬਾਰੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ।।

(ਰਾਮਕਲੀ ਮ: ੩, ਅਨੰਦ, ਪੰਨਾ ੯੧੮)

ਪਰ ਅੰਮ੍ਰਿਤ ਅਭਿਲਾਖੀਆਂ ਲਈ ਗੁਰੂ ਦੀ ਤਾਕੀਦ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ ।। (ਪੰਨਾ ੧੪੧੨)

ਸੰਨ ੧੪੬੯ ਤੋਂ ਸਿੱਖ 'ਆਪ ਗਵਾਈਐ ਤਾ ਸਹੁ ਪਾਈਐ' ਦਾ ਸਿਧਾਂਤ ਦ੍ਰਿੜਾਉਂਦਾ ਆ ਰਿਹਾ ਸੀ। ਇਸ ਲਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਵਿਚੋਂ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਉਹ ਨੰਗੀ ਤਲਵਾਰ ਤੋਂ ਡਰਿਆ ਨਹੀਂ। ਸੰਗਤ ਵਿਚੋਂ ਵਾਰੀ ਵਾਰੀ ਪੰਜ ਸਿੱਖ 'ਸਤਿਗੁਰ ਆਗੈ ਸੀਸ ਭੇਟ' ਕਰਨ ਲਈ ਹਾਜ਼ਰ ਹੋਏ। ਗੁਰੂ ਨੇ ਉਹਨਾਂ ਨੂੰ ਗਲ ਨਾਲ ਲਾਇਆ। ਧਰਤੀ ਤੋਂ ਚੁੱਕ

ਕੇ ਅਸਮਾਨ ਤੇ ਜਾ ਬਿਠਾਇਆ। 'ਪਿਆਰੇ' ਦਾ ਖਿਤਾਬ ਬਖਸ਼ਿਆ। ਇੱਥੇ ਹੀ ਬੱਸ ਨਹੀਂ, ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ, ਫਿਰ ਉਹਨਾ ਕੋਲੋਂ ਅੰਮ੍ਰਿਤ ਛਕ ਕੇ ਗੁਰੂ ਦਾ ਰੂਪ ਹੀ ਦੇ ਦਿੱਤਾ। 'ਆਪੇ ਗੁਰ ਚੇਲਾ' ਦਾ ਸਿਧਾਂਤ ਦੁਨੀਆਂ ਨੇ ਪਹਿਲੀ ਵਾਰ ਤੱਕਿਆ। ਰਹਿਤ ਦ੍ਰਿੜ ਕਰਵਾਈ ਤੇ ਫਿਰ ਰਹਿਤ ਦ੍ਰਿੜ ਕੀਤੀ। ਅੰਮ੍ਰਿਤ ਦੀ ਰਹਿਤ ਦਾ ਜ਼ਬਤ ਹੀ ਖਾਲਸੇ ਦੀ ਜਥੇਬੰਦੀ ਦਾ ਚਿੰਨ੍ਹ ਹੈ। ਇਸ ਰਹਿਤ ਰਾਹੀਂ ਹੀ ਸਿੱਖ ਜ਼ਾਤੀ ਤੌਰ ਤੇ ਅਤੇ ਜਮਾਤੀ ਤੌਰ ਤੇ ਉੱਚਾ ਹੈ। ਇਹ ਰਹਿਤ ਹੀ ਉਸਨੂੰ 'ਖਾਲਸਾ' ਪਦ ਪ੍ਰਾਪਤ ਕਰਵਾਉਂਦਾ ਹੈ। ਖਾਲਸੇ ਤੋਂ ਭਾਵ ਹੈ ਖਾਸ ਵਾਹਿਗੁਰੂ ਜੀ ਦਾ। ਵਾਹਿਗੁਰੂ ਜੀ ਦਾ ਹੋ ਕੇ ਸ੍ਰੀ ਕਲਗੀਧਰ ਜੀ ਦਾ ਸਾਜਿਆ ਅੰਮ੍ਰਿਤਧਾਰੀ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ਦਾ ਵਾਰਸ ਬਣ ਜਾਂਦਾ ਹੈ। ਖਾਲਸਾ ਕਿਸੇ ਇੱਕ ਜਾਂ ਦੋ ਮਨੁੱਖਾਂ ਦਾ ਨਾਮ ਨਹੀਂ। ਇਹ ਤਾਂ ਕਿਸੇ ਉੱਚ ਆਤਮਿਕ ਪੱਧਰ ਦਾ ਨਾਮ ਹੈ। ਉਸ ਪੱਧਰ ਤੇ ਪਹੁੰਚ ਕੇ ਹੀ ਸਿੱਖ 'ਖਾਲਸਾ' ਅਖਵਾਉਣ ਦਾ ਅਧਿਕਾਰੀ ਹੈ।

ਖਾਲਸੇ ਦਾ ਆਦਰਸ਼ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਪੇਸ਼ ਕਰ ਚੁੱਕੇ ਸਨ:

ਜਤੁ ਪਹਾਰਾ ਧੀਰਜੁ ਸੁਨਿਆਰ ।।
ਅਰਹਣਿ ਮਤਿ ਵੇਦੁ ਹਥੀਆਰ ।।
ਭਉ ਖਲਾ ਅਗਨਿ ਤਪ ਤਾਉ ।।
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ।।
ਘੜੀਐ ਸਬਦੁ ਸਚੀ ਟਕਸਾਲ ।।
ਜਿਨ ਕਉ ਨਦਰਿ ਕਰਮ ਤਿਨ ਕਾਰ ।।
ਨਾਨਕ ਨਦਰੀ ਨਦਰਿ ਨਿਹਾਲ ।। (ਜਪੁਜੀ ਸਾਹਿਬ)

'ਖਾਲਸਾ' ਉਹ ਹੈ ਜੋ ਜਤੁ, ਧੀਰਜ, ਮਤਿ ਤੇ ਬੇਦ (ਗਿਆਨ) ਵਾਲਾ ਹੋਵੇ। ਜੋ ਪ੍ਰਮਾਤਮਾ ਦੇ ਭੈ ਤੇ ਭਾਉ ਵਿਚ ਰਹਿੰਦਾ ਹੋਵੇ। ਜੋ ਆਪਣੇ ਆਦਰਸ਼ਾਂ ਲਈ ਪੂਰਨ ਘਾਲਣਾ ਘਾਲਦਾ ਹੋਵੇ। ਵੇਖਣ ਵਿਚ ਉਹ ਸਧਾਰਨ ਮਨੁੱਖ ਵਰਗਾ ਲੱਗਦਾ ਹੈ ਪਰ ਉਸ ਦੇ ਆਦਰਸ਼ ਨਿਆਰੇ ਹਨ। ਖਾਲਸਾ ਪੂਰਨ ਸੰਸਾਰਿਕ ਜੀਵਨ ਜੀਉਂਦਾ ਹੈ। ਪਰ ਸੰਸਾਰ ਦੇ ਰਸ ਮਾਣਦਾ ਹੋਇਆ ਵੀ ਇਹਨਾਂ ਤੋਂ ਨਿਰਲੇਪ ਰਹਿੰਦਾ ਹੈ:

ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ
ਜਿਉ ਮੁਰਗਾਈ ਪੰਕੁ ਨ ਭੀਜੈ ।।
(ਕਲਿਆਨ ਮ:੪, ਪੰਨਾ ੧੩੨੪)

ਉਸ ਦੇ ਇਖਲਾਕ ਦਾ ਅਧਾਰ ਮੁਕਤੀ ਦੇ ਸਿਧਾਂਤ ਦੀ ਥਾਂ ਚੰਗੇ ਜੀਵਨ ਦਾ ਸਿਧਾਂਤ ਹੈ। ਉਹ ਜੀਵਨ ਮੁਕਤ ਹੁੰਦਾ ਹੈ:

ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ।।
(ਆਸਾ ਮ:੪, ਪੰਨਾ ੪੪੯)

ਉਸ ਦੀ ਕਰਨੀ ਅਤੇ ਕਥਨੀ ਵਿਚ ਭਿੰਨਤਾ ਨਹੀਂ ਹੁੰਦੀ। 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦਾ ਸਿਧਾਂਤ ਉਸ ਦੇ ਸਾਹਮਣੇ ਹੁੰਦਾ ਹੈ। ਮੁੱਢਲਾ ਸਿਧਾਂਤ 'ਨਾਮ' ਦਾ ਹੈ ਜੋ ਬਾਕੀ ਸ਼ੁਭ ਕੰਮਾਂ ਦਾ ਸਰੋਤ ਹੈ। ਖਾਲਸਾ ਨਾਮ ਜਪੁ ਕੇ ਗੁਣਾਂ ਨਾਲ ਸਾਂਝ ਪਾ ਕੇ ਅਵਗੁਣਾਂ ਨੂੰ ਤਿਆਗਦਾ ਹੈ। ਕਿਸੇ ਉਚੇ ਆਦਰਸ਼ ਦੀ ਪ੍ਰਾਪਤੀ ਲਈ ਦੁਨੀਆਵੀ ਸੁੱਖਾਂ ਨੂੰ ਤਿਆਗ ਕੇ ਸਿਰੁ ਤਲੀ ਤੇ ਰੱਖ ਕੇ ਜਾਨ ਵਾਰਨ ਨੂੰ ਤਿਆਰ ਰਹਿੰਦਾ ਹੈ। ਖਾਲਸੇ ਦਾ ਸਦੀਵੀ ਆਦਰਸ਼ 'ਵਾਹਿਗੁਰੂ ਜੀ ਕੀ ਫ਼ਤਹਿ' ਹੈ ਤੇ ਸੰਸਾਰ ਵਿਚ 'ਵਾਹਿਗੁਰੂ' ਦਾ ਰਾਜ ਸਥਾਪਤ ਕਰਨਾ ਹੈ। ਲੋੜਵੰਦਾਂ, ਦੁਖੀਆਂ, ਦੀਨਾਂ ਦੀ ਆਵਾਜ਼ ਸੁਣ ਕੇ ਖਾਲਸਾ ਦੌੜ ਕੇ ਨਿਆਂ ਲਈ ਜੂਝਦਾ ਹੈ। ਸਵਾ ਸਵਾ ਲੱਖ ਨਾਲ ਇਕੱਲਾ ਮੁਕਾਬਲਾ ਕਰਦਾ ਹੈ। (ਵਾਹਿਗੁਰੂ ਜੁ ਨਾਲ ਹੈ!) ਉਸ ਦੀ ਇਕੱਲੇ ਦੀ ਆਵਾਜ਼ ਕਰੋੜਾਂ ਉੱਤੇ ਭਾਰੂ ਹੈ। ਗੁਰੂ ਨਾਨਕ ਦੇਵ ਜੀ ਖਾਲਸਾ ਸਨ। ਬਾਬਰ ਦੀ ਆਵਾਜ਼ ਖਾਲਸੇ ਦੀ ਆਵਾਜ਼ ਹੇਠ ਦੱਬ ਗਈ। ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਮਾਤਾ ਗੁਜਰੀ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਸਾਹਿਬਜ਼ਾਦਿਆਂ ਦੀ ਆਵਾਜ਼ ਖਾਲਸੇ ਦੀ ਆਵਾਜ਼ ਸੀ। ਇਸ ਆਵਾਜ਼ ਹੇਠ ਕਰੋੜਾਂ ਆਵਾਜ਼ਾਂ ਦੱਬ ਗਈਆਂ ਪਰ ਖਾਲਸੇ ਦੀ ਆਵਾਜ਼ ਗੂੰਜਦੀ ਰਹੀ ਤੇ ਗੂੰਜਦੀ ਰਹੇਗੀ। ਕਿਉਂ? ਕਿਉਂਕਿ ਇਸ ਆਵਾਜ਼ ਦਾ ਆਦਰਸ਼ ਆਪਣੀ ਨਹੀਂ 'ਵਾਹਿਗੁਰੂ ਜੀ ਕੀ ਫ਼ਤਹਿ ਹੈ' ਹੈ। ਇਸ ਦਾ ਨਾਅਰਾ 'ਬੋਲੇ ਸੋ ਨਿਹਾਲ। ਸਤਿ ਸ੍ਰੀ ਆਕਾਲ' ਹੈ। ਜੈ ਜੈ ਕਾਰ ਅਕਾਲ ਪੁਰਖ ਦੀ ਹੈ। ਜੈ ਜੈ ਕਾਰ ਗੁਰੂ ਨਾਨਕ ਦੇ ਮੂਲ ਮੰਤ੍ਰ ਵਿਚ ਦਰਸਾਏ ਪ੍ਰਭੂ ਦੀ ਹੈ। ਜੈ ਜੈ ਕਾਰ ਸੱਚ ਦੀ ਹੈ। ਜੈ ਜੈ ਕਾਰ ਹੱਕ ਦੀ ਹੈ। ਖਾਲਸਾ ਹੱਕ ਦੀ ਪ੍ਰਾਪਤੀ ਲਈ ਤਲਵਾਰ ਉਠਾਉਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਉਹ ਸੰਤ ਵੀ ਹੈ ਤੇ ਸਿਪਾਹੀ ਵੀ। ਗੁਰੂ ਸਾਹਿਬ ਨੇ ਅੰਮ੍ਰਿਤ ਦੇ ਰੂਪ ਵਿਚ ਸੰਤ ਤੇ ਸਿਪਾਹੀ ਦੋਹਾਂ ਨੂੰ ਇਕ ਥਾਂ ਇਕੱਤਰ ਕਰ ਦਿੱਤਾ। ਇਸ ਅੰਮ੍ਰਿਤ ਦੀ ਸ਼ਕਤੀ ਨੇ ਨੀਵੀਂ ਤੋਂ ਨੀਵੀਂ ਸਮਝੀ ਜਾਂਦੀ ਜਾਤ ਦੇ ਲੋਕਾਂ ਨੂੰ ਅਦੁੱਤੀ ਸ਼ਕਤੀ ਪ੍ਰਦਾਨ ਕਰ ਜੋਧਿਆਂ ਦੀ ਪਹਿਲੀ ਕਤਾਰ ਵਿਚ ਲਿਆ ਖਲਾਰਿਆ। ਅੰਮ੍ਰਿਤ ਦੀ ਇਹ ਸ਼ਕਤੀ ਕਿਸੇ ਇਕ ਜਾਂ ਦੋ ਪੀੜ੍ਹੀਆਂ ਤੱਕ ਹੀ ਸੀਮਿਤ ਨਹੀਂ ਸਗੋਂ ਜਦੋਂ ਤੱਕ ਖੰਡਾ ਚਲਦਾ ਰਹੇਗਾ, ਖਾਲਸਾ ਪ੍ਰਗਟ ਹੁੰਦਾ ਰਹੇਗਾ। ਇਕ ਪੁਰਾਤਨ ਕਥਾ ਅਨੁਸਾਰ ਰਾਖਸ਼ਾ ਦਾ ਨਾਸ਼ ਕਰਨ ਲਈ ਰਿਸ਼ੀਆਂ ਨੇ ਆਬੂ ਪਹਾੜ ਉੱਤੇ ਇਕ ਹਵਨ ਕੀਤਾ। ਹਵਨ ਕੁੰਡ ਵਿਚੋਂ ਪਰਮਰ, ਚੌਹਾਨ, ਸੋਲੰਕ ਅਤੇ ਪਰਹਾਰ ਚਾਰ ਪ੍ਰਤਾਪੀ ਪੁਰਖ ਜਨਮੇ। ਇਹਨਾਂ ਚੌਹਾਂ ਤੋਂ ਚਾਰ ਰਾਜਪੂਤੀ ਖਾਨਦਾਨ ਬਣੇ। ਅਗਨੀ ਕੁੰਡ ਨੇ ਚਾਰ ਪ੍ਰਤਾਪੀ ਸੂਰਮੇ ਪੈਦਾ ਕੀਤੇ ਅਤੇ ਫਿਰ ਸੂਰਮਤਾਈ ਜਨਮ ਤੇ ਹੀ ਆ ਟਿਕੀ। ਇਹਨਾਂ ਸਾਰੇ ਸੂਰਮਿਆਂ ਦੇ ਪੁੱਤਰ ਅਗਨੀ ਕੁਲ ਛਤਰੀ ਅਖਵਾਏ। ਗੁਰੂ ਸਾਹਿਬ ਦੇ ਖੰਡੇ ਵਿਚੋਂ ਖੜ੍ਹੇ ਕੀਤੇ ਖਾਲਸਾ ਨੂੰ ਜੇ ਪੁਰਾਤਨ ਕਥਾ ਅਨੁਸਾਰ ਹੀ ਨਾਮ ਦੇਈਏ ਤਾਂ ਖਾਲਸਾ ਖੰਡਾ ਕੁਲ ਛਤਰੀ ਹੈ। ਹਵਨ ਕੁੰਡ ਦੀ ਅਗਨੀ ਤਾਂ ਚਾਰ ਸੂਰਮੇ ਪੈਦਾ ਕਰਕੇ ਬੁੱਝ ਗਈ ਪਰ ਖੰਡਾ ਜੁਗੋ ਜੁਗ ਅਟੱਲ ਹੈ। ਖੰਡੇ ਦੀ ਤਿੱਖੀ ਧਾਰ ਵਿਚੋਂ ਗੁਰੂ ਨੇ ਖਾਲਸੇ ਨੂੰ ਜਨਮ ਦੇ ਕੇ, ਆਪਣਾ ਰੂਪ ਬਖਸ਼, ਖਾਲਸਾ ਪੈਦਾ ਕਰਨ ਦੇ ਸਮਰਥ ਬਣਾਇਆ। ਜਿਤਨੀ ਦੇਰ ਖੰਡਾ ਚਲਦਾ ਰਹੇਗਾ ਖਾਲਸਾ ਪੈਦਾ ਹੁੰਦਾ ਰਹੇਗਾ।

ਤੱਤ ਗੁਰਮਤਿ ਪ੍ਰਚਾਰ ਨੂੰ ਮੁੱਖ ਰਖਦਿਆਂ
'ਸੂਰਾ' ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਓ ਜੀ


www.AKJ.Org

# ਪੰਥ ਦੀ ਚੜ੍ਹਦੀ ਕਲਾ ਦਾ ਤੱਤ ਗੁਰਮਤਿ ਭੇਦ: "ਪੰਚ ਪਰਵਾਣ ਪੰਚ ਪਰਧਾਨੁ"

(ਸ੍ਰ: ਮਨਮੋਹਨ ਸਿੰਘ (ਅਮਰੀਕਾ)

ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਮਹਾਵਾਕ "ਪੰਚ ਪਰਵਾਣ ਪੰਚ ਪਰਧਾਨੁ" (ਜਪੁਜੀ ਸਾਹਿਬ) ਸਿਖ ਧਰਮ ਦੇ ਇਕ ਮੁੱਢਲੇ ਸਿਧਾਂਤ ਨੂੰ ਨਿਰੂਪਨ ਕਰਦਾ ਹੈ। ਧੁਰ ਕੀ ਬਾਣੀ ਇਹ ਸਪਸ਼ਟ ਤੌਰ ਤੇ ਦਰਸਾਉਂਦੀ ਹੈ ਕਿ ਪੂਰੇ ਸਤਿਗੁਰੂ ਕੇਵਲ ਗੁਰੂ ਨਾਨਕ ਦੇਵ ਜੀ ਹੀ ਹਨ ਜੋ ਧੁਰ ਦਰਗਾਹੋਂ "ਸਚਖੰਡ ਵਸੈ ਨਿਰੰਕਾਰ" (ਜਪੁਜੀ ਸਾਹਿਬ) ਤੋਂ ਸੱਚੇ ਤੇ ਪੂਰੇ ਗੁਰੂ ਦੀ ਪਦਵੀ ਪ੍ਰਾਪਤ ਕਰਕੇ ਇਸ ਸ੍ਰਿਸ਼ਟੀ ਦੇ ਉਧਾਰ ਨਿਸਤਾਰੇ ਲਈ ਤੇ ਸਰਬ ਸੰਸਾਰ ਨੂੰ "ਜੀਅ ਦਾਨੁ ਦੇ ਭਗਤੀ ਲਾਇਨਿ" (ਪੰਨਾ 748) ਦੇ ਮਹਾਂ ਕਾਰਜ ਦੀ ਪੂਰਤੀ ਲਈ ਅਵਤਰੇ। ਇਸੇ ਲਈ ਗੁਰਬਾਣੀ ਗੁਰੂ ਨਾਨਕ ਦੇਵ ਜੀ ਵਲ ਸੰਕੇਤ ਕਰਕੇ ਹੁਕਮਾਉਂਦੀ ਹੈ ਕਿ "ਸਤਿਗੁਰ ਬਾਝਹੁ ਗੁਰ ਨਹੀਂ ਕੋਈ"। ਉਹ ਧੁਰ ਦਰਗਾਹੋਂ "ਨੌ ਨਿਧਿ ਨਾਮ ਗਰੀਬੀ" ਦੀ ਸਰਬ ਉਚ ਦਾਤ ਲੈ ਕੇ "ਕਲਿਜੁਗ ਉਧਾਰਿਆ ਗੁਰਦੇਵ" (ਪੰਨਾ 406) ਦੇ ਮਹਾਵਾਕ ਦੀ ਪੂਰਤੀ ਲਈ ਆਏ।

ਰਸਾਤਲ ਵੱਲ ਜਾ ਰਹੀ ਆਮ ਲੁਕਾਈ ਦਾ ਉਧਾਰ ਕੇਵਲ ਇਕ ਸਰੀਰਕ ਜਾਮੇ ਵਿਚ ਨਹੀਂ ਸੀ ਹੋ ਸਕਦਾ। ਅਟੱਲ ਕਾਨੂੰਨੇ ਕੁਦਰਤ ਅਨੁਸਾਰ ਪੰਚ ਭੂਤਕ ਸਰੀਰ ਦੀ ਅਵਧ ਗਿਣੀ ਮਿਥੀ ਹੁੰਦੀ ਹੈ। ਇਸ ਲਈ ਸਰਬ ਸਿਸ਼ਟੀ ਦੇ ਉਧਾਰ ਲਈ ਗੁਰੂ ਨਾਨਕ ਦੇਵ ਜੀ ਵਿਚ ਅਕਾਲੀ ਜੋਤਿ ਨੇ ਦਸ ਸਰੀਰਕ ਜਾਮਿਆਂ ਵਿਚ ਪ੍ਰਵੇਸ਼ ਕੀਤਾ ਤਾਂ ਜੋ ਸਿਖੀ ਮਹੱਲ ਦੀ ਬੁਨਿਆਦ ਹਰ ਪੱਖ ਤੋਂ ਪੱਕੀ ਹੋ ਸਕੇ। ਅੰਤ ਵਿਚ ਉਹੋ ਗੁਰ ਜੋਤਿ ਸ਼ਕਤੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵੇਸ਼ ਕਰ ਗਈ ਤੇ ਉਨ੍ਹਾਂ ਦੇ ਤਾਬਿਆ ਸਰੀਰਕ ਰੂਪ ਵਿਚ ਜਗਤ ਉਧਾਰ ਦੀ ਜ਼ਿਮੇਦਾਰੀ "ਪੰਚ ਪਰਵਾਣ" ਆਤਮ ਦਰਸੀ ਗੁਰਸਿਖਾਂ ਨੂੰ "ਪੰਚ ਪਰਧਾਨੁ" ਦੀ ਉਚ ਪਦਵੀ ਦੇ ਕੇ ਸੌਂਪੀ ਗਈ। ਇਸ ਤਰ੍ਹਾਂ ਸ੍ਰਿਸ਼ਟੀ ਦੇ ਉਧਾਰ ਦਾ ਸਰਬ ਕਾਲ ਲਈ ਪੱਕਾ ਬਾਨਨੂੰ ਬੰਨ੍ਹ ਦਿਤਾ।

ਅਸਲ ਵਿਚ ਇਹ "ਪੰਚ ਪਰਵਾਣ ਪੰਚ ਪਰਧਾਨੁ" ਦੀ ਪ੍ਰਥਾ ਅਕਾਲ ਪੁਰਖ ਦੇ ਸ੍ਰਿਸਟੀ ਰਚਣ ਸਮੇਂ ਤੋਂ ਹੀ ਅਰੰਭ ਹੋ ਗਈ ਸੀ। ਸ੍ਰਿਸ਼ਟੀ ਸਾਜਣ ਲਈ ਕਰਤਾ ਪੁਰਖ ਨੇ ਪੰਜ ਤੱਤ ਬਣਾਏ। ਮਹਾਵਾਕ ਹੈ:

"ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ।।"(ਪੰਨਾ 736)

ਭਾਵ ਸਾਰੀ ਰਚਨਾ ਦਾ ਮੂਲ ਅਧਾਰ ਪੰਜ ਤੱਤ ਹਨ। ਜੇ ਕਿਸੇ ਵਿਚ ਹਿੰਮਤ ਹੈ ਤਾਂ ਛੇਵਾਂ ਤੱਤ ਬਣਾ ਕੇ ਦੱਸੇ।

ਮਨੁੱਖੀ ਬਣਤਰ ਵਿਚ ਵੀ ਪੰਜਾਂ ਦੀ ਗਿਣਤੀ ਨੂੰ ਮਹਾਨਤਾ ਦਿੱਤੀ ਗਈ ਹੈ। ਹੱਥਾਂ ਪੈਰਾਂ ਦੀਆਂ ਪੰਜ ਪੰਜ ਉਂਗਲਾਂ ਬਣਾਈਆਂ। ਪੰਜ ਕਰਮ ਇੰਦਰੇ ਤੇ ਪੰਜ ਹੀ ਗਿਆਨ ਇੰਦਰੇ ਬਣਾਏ। ਪੰਜ ਹੀ ਸੇਵਾਦਾਰ (ਕਾਮਾਦਿਕ) ਮਨੁਖੀ ਸੇਵਾ, ਸ੍ਰਿਸ਼ਟੀ ਦੀ ਉਤਪਤੀ ਤੇ ਪਾਲਣਾ ਆਦਿ ਲਈ ਬਣਾਏ। ਭਾਵੇਂ ਮਨੁਖ ਨੇ ਇੰਨ੍ਹਾਂ ਸੇਵਾਦਾਰਾਂ ਨੂੰ ਪਰਧਾਨਗੀ ਦੇ ਕੇ ਉਨ੍ਹਾਂ ਦੀ ਅਧੀਨਤਾ ਵਿਚ ਆ ਕੇ ਉਨ੍ਹਾਂ ਨੂੰ ਵਿਕਾਰਾਂ ਵਿਚ ਬਦਲ ਦਿਤਾ ਹੈ।

ਇਸੇ ਤਰ੍ਹਾਂ ਸਮੂਹ ਜੀਵਾਂ ਦੇ ਨਿਸਤਾਰੇ ਲਈ ਪੰਜਾਂ ਖੰਡਾਂ ਦੀ ਸਾਜਨਾ ਕੀਤੀ ਜਿਨ੍ਹਾਂ ਦਾ ਵਰਨਣ ਜਪੁਜੀ ਸਾਹਿਬ ਦੀਆਂ ਅੰਤਲੀਆਂ ਪਉੜੀਆਂ ਵਿਚ ਆਉਂਦਾ ਹੈ। ਮਨੁਖ ਨੇ ਧਰਮ ਖੰਡ, ਗਿਆਨ ਖੰਡ, ਸਰਮ ਖੰਡ ਤੇ ਕਰਮ ਖੰਡ ਦੇ ਵਿਚੋਂ ਹੀ ਹੁੰਦਿਆਂ ਹੋਇਆਂ ਅੰਤ ਵਿਚ ਸਚ ਖੰਡ ਦੇ ਵਾਸੀ ਬਨਣਾ ਹੈ ਜਿਥੇ ਕਰਤਾਪੁਰਖ ਦਾ ਵਾਸ ਹੈ: "ਸਚ ਖੰਡਿ ਵਸੈ ਨਿਰੰਕਾਰੁ"।

ਇਸੇ ਅਕਾਲੀ ਤੇ ਅਜ਼ਲੀ ਸਿਧਾਂਤ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਸਰੀਰਕ ਜਾਮੇ ਵਿਚ ਹੀ "ਪੰਚ ਪਰਧਾਨੁ" ਦੀ ਪ੍ਰਥਾ ਅਰੰਭ ਕਰ ਦਿਤੀ ਸੀ। ਇਤਿਹਾਸ ਵਿਚ ਇਸ ਦਾ ਖੁੱਲ੍ਹੇ ਤੌਰ ਤੇ ਜ਼ਿਕਰ ਸ਼ਾਇਦ ਇਸ ਕਰਕੇ ਨਹੀਂ ਆਇਆ ਕਿ ਉਦੋਂ ਅਜੇ ਗੁਰਸਿੱਖੀ ਦਾ ਪ੍ਰਾਰੰਭ ਹੀ ਹੋਇਆ ਸੀ ਤੇ ਸਾਰੇ ਕਾਰਜ ਦੀ ਜ਼ਿੰਮੇਦਾਰੀ ਗੁਰੂ ਸਾਹਿਬ ਆਪ ਹੀ ਨਿਬਾਹੁੰਦੇ ਸਨ। ਫਿਰ ਵੀ ਇਸ ਸੰਬੰਧੀ ਇਤਿਹਾਸ ਵਿਚ ਸੰਕੇਤ ਜ਼ਰੂਰ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਨੇ ਗੁਰਸਿਖੀ ਪ੍ਰਚਾਰ ਲਈ ਪੰਜ ਮੰਜੀਆਂ ਦੀ ਸਥਾਪਨਾ ਕੀਤੀ ਸੀ:

1. ਲੰਕਾ ਵਿਚ ਰਾਜਾ ਸ਼ਿਵਨਾਭ ਜੀ
2. ਲਾਹੌਰ ਵਿਖੇ ਭਾਈ ਦੁਨੀ ਚੰਦ ਜੀ
3. ਐਮਨਾਬਾਦ ਵਿਖੇ ਭਾਈ ਲਾਲੋ ਜੀ
4. ਪਟਨਾ ਵਿਖੇ ਭਾਈ ਸਾਲਸ ਰਾਇ ਜੀ
5. ਮਨੀਪੁਰ ਵਿਚ ਭਾਈ ਠੰਢਾ ਬਾਢੀ ਜੀ

ਭਾਈ ਕਾਨ੍ਹ ਸਿੰਘ ਜੀ "ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼" ਵਿਚ ਇਸ ਤਰ੍ਹਾਂ ਲਿਖਦੇ ਹਨ:

"ਗੁਰੂ ਨਾਨਕ ਜੀ ਤੋਂ ਲੈ ਕੇ ਪੰਜ ਪਿਆਰੇ ਚੁਣੇ ਜਾਂਦੇ ਰਹੇ ਹਨ, ਪਰ ਇਤਿਹਾਸ ਵਿਚ ਸਾਰਿਆਂ ਦੇ ਨਾਮ ਨਹੀਂ ਲਿਖੇ। ਕੇਵਲ ਥੋੜ੍ਹੇ ਨਾਮ ਹੀ ਦਿਤੇ ਹਨ ਜੇਹਾ ਕਿ ਗੁਰੂ ਅਰਜਨ ਦੇਵ ਜੀ ਦੇ ਪੰਜ ਪਿਆਰੇ: ਬਿਧੀ ਚੰਦ, ਜੇਠਾ, ਲੰਗਾਹ, ਪਿਰਾਣਾ ਤੇ ਭਾਈ ਪੈੜਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਆਤਮ ਗਯਾਨੀ ਪੰਜ ਪਿਆਰੇ : ਦੀਵਾਨ ਮਤੀ ਦਾਸ, ਭਾਈ ਗੁਰਦਿਤਾ, ਭਾਈ ਦਯਾਲਾ, ਊਦਾ ਤੇ ਜੈਤਾ।" ਸੋ ਪ੍ਰਗਟ ਹੈ ਕਿ ਪੰਜਾਂ ਪਿਆਰਿਆਂ ਦੀ ਸਰਵਉੱਚ ਮਰਯਾਦਾ ਕਰਤਾਪੁਰਖ ਦੇ ਸਾਜੇ ਮੁੱਢਲੇ ਸਿਧਾਂਤ ਅਨੁਸਾਰ, ਗੁਰਸਿਖੀ ਦੇ ਅਰੰਭ ਕਾਲ ਤੋਂ ਹੀ ਚਾਲੂ ਕਰ ਦਿਤੀ ਗਈ ਸੀ ਤੇ ਗੁਰੂ ਸਾਹਿਬਾਨ ਨੇ ਆਪ ਹੀ ਕੀਤੀ ਸੀ। ਉਦੋਂ "ਪਿਆਰੇ" ਮੁਖੀ ਸਲਾਹਕਾਰ ਹੁੰਦੇ ਸਨ ਤੇ ਗੁਰੂ ਸਾਹਿਬ ਦੀ ਆਪਣੇ ਅਸਥਾਨ ਤੋਂ ਗੈਰ ਹਾਜ਼ਰੀ ਵਿਚ ਸੰਗਤਾਂ ਦੀ ਅਗਵਾਈ ਵੀ ਕਰਿਆ ਕਰਦੇ ਸਨ। ਜਗਿਆਸੂਆਂ ਦੀਆਂ ਪਰਮਾਰਥਕ, ਅਧਿਆਤਮਕ ਤੇ ਹੋਰ ਹਰ ਤਰ੍ਹਾਂ ਦੀਆਂ ਔਕੜਾਂ, ਗੁੰਝਲਾਂ ਆਦਿ ਹਲ ਕਰਨ ਵਿਚ ਸਹਾਈ ਹੁੰਦੇ ਸਨ। ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਦੇ ਇਨ੍ਹਾਂ ਵਾਕਾਂ ਤੋਂ ਵੀ ਸਪਸ਼ਟ ਹੁੰਦੀ ਹੈ:

ਇਕ ਸਿਖੁ ਦੋਇ ਸਾਧ ਸੰਗੁ ਪੰਜੀ ਪਰਮੇਸਰੁ। (ਵਾ.੧੩, ੫ ੧੯)


www.AKJ.Org

ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਲਿਵ ਲਾਈ।ਸਾਧ ਸੰਗਤ ਸੋਹਨਿ ਗੁਰ ਭਾਈ।। (ਵਾ:੨੯. ੫ ੬)
ਸਬਦ ਸੁਰਤ ਲਿਵ ਗੁਰਸਿਖ ਸੰਧ ਮਿਲੇ,
ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈ। (ਕਬਿਤ ੨੯)

ਕਵੀ ਭਾਈ ਸੰਤੋਖ ਸਿੰਘ ਜੀ ਵੀ ਇਸ ਦੀ ਪ੍ਰੋੜ੍ਹਤਾ ਇਸ ਤਰ੍ਹਾਂ ਕਰਦੇ ਹਨ:

ਗੁਰੂ ਘਰ ਦੀ ਮਰਜਾਦਾ ਪੰਚਹੁ। (ਗੁਰਪ੍ਰਤਾਪ ਸੂਰਜ)

ਇਥੇ ਹੀ ਬਸ ਨਹੀਂ। ਗੁਰੂ ਸਾਹਿਬ ਪੰਜ ਦੀ ਗਿਣਤੀ ਨੂੰ ਹਰ ਕਾਰਜ ਵਿਚ ਪਰਧਾਨਤਾ ਦਿੰਦੇ ਰਹੇ। ਸ੍ਰੀ ਅੰਮ੍ਰਿਤਸਰ ਸ਼ਹਿਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਨੇ ਪੰਜ ਸਰੋਵਰ ਬਣਵਾਏ। ਪੁਰਾਤਨ ਰਵਾਇਤ ਅਨੁਸਾਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਤੋਂ ਪਹਿਲਾਂ ਬਾਕੀ ਚੌਹਾਂ ਸਰੋਵਰਾਂ ਵਿਚ ਇਸ਼ਨਾਨ ਕਰਨਾ ਜ਼ਰੂਰੀ ਸਮਝਿਆਂ ਜਾਂਦਾ ਸੀ। ਦਸ਼ਮੇਸ਼ ਜੀ ਨੇ ਪਾਵਨ "ਅੰਮ੍ਰਿਤ" (ਖੰਡੇ ਕੀ ਪਾਹੁਲ) ਤਿਆਰ ਕਰਨ ਸਮੇਂ ਪੰਜਾਂ ਬਾਣੀਆਂ ਦਾ ਪਾਠ ਕੀਤਾ ਤੇ ਪੰਜੇ ਬਾਣੀਆਂ ਹਰ ਗੁਰਸਿੱਖ ਲਈ ਨਿਤ-ਨੇਮ ਦਾ ਪਾਠ ਨੀਯਤ ਕੀਤਾ। ਪੰਜ ਕਕਾਰਾਂ ਦਾ ਬਾਣਾ ਰਹਿਤ ਰੂਪ ਵਿਚ ਨੀਯਤ ਕੀਤਾ। ਮੁਖ, ਨੇਤਰਾਂ ਤੇ ਸੀਸ ਵਿਚ ਪੰਜ ਪੰਜ ਵਾਰ ਅੰਮ੍ਰਿਤ ਸਿੰਚਿਆ ਅਤੇ ਨਾਲ ਹੀ ਪੰਜ ਪੰਜ ਵਾਰ ਹੀ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦਾ ਰਟਨ ਕਰਵਾਇਆ।

ਸੋ ਇਹ ਸਪਸ਼ਟ ਹੋ ਗਿਆ ਕਿ ਗੁਰੂ ਸਾਹਿਬ ਨੇ ਅਰੰਭ ਤੋਂ ਹੀ ਨਵੇਂ ਸਾਜੇ ਨਿਰਮਲ ਜਾਂ ਖਾਲਸਾ ਪੰਥ ਦੀ ਅਗਵਾਈ ਵਿਚ ਪੰਜਾਂ ਦਾ ਮੁਖ ਅਸਥਾਨ ਸੋਚਿਆ ਹੋਇਆ ਸੀ। ਉਸੇ ਉਲੀਕੀ ਯੋਜਨਾ ਅਨੁਸਾਰ ਦਸ਼ਮੇਸ਼ ਜੀ ਨੇ ਭਾਈ ਦਯਾ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੁਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਨੂੰ ਪੰਜ ਪਿਆਰੇ ਥਾਪਿਆ। ਫਰਕ ਕੇਵਲ ਇਹ ਸੀ ਕਿ ਪਹਿਲਾਂ ਪੰਜ ਪਿਆਰੇ ਕੇਵਲ ਮੁਖੀ ਸਲਾਹਕਾਰ ਹੁੰਦੇ ਸਨ ਤੇ ਹੁਣ ਉਹ ਸਮੁਚੇ ਖਾਲਸਾ ਪੰਥ ਦੇ ਪ੍ਰਤਿਨਿਧ ਹੋ ਗਏ ਬਲਕਿ ਆਪ ਗੁਰੂ ਰੂਪ ਹੋ ਗਏ ਅਤੇ ਇਸ ਤਰ੍ਹਾਂ ਸਤਿਗੁਰਾਂ ਨੂੰ 'ਹੁਕਮ' ਦੇਣ ਦੇ ਸਮਰਥ ਵੀ ਹੋ ਗਏ ਤੇ ਇਸ ਹੱਕ ਨੂੰ ਉਨ੍ਹਾਂ ਪਰਗਟ ਤੌਰ ਤੇ ਵਰਤਿਆ ਵੀ।

ਦਸ਼ਮੇਸ਼ ਪਿਤਾ ਜੀ ਨੇ ਆਪਣੀ ਸਰੀਰਕ ਆਯੂ ਵਿਚ ਹੀ ਪੰਜਾਂ ਪਿਆਰਿਆਂ ਦੀ ਮਹੱਤਤਾ ਪਰਗਟ ਪਹਾਰੇ ਸਪਸ਼ਟ ਰੂਪ ਵਿਚ ਪ੍ਰਤਿਪਾਦਨ ਕੀਤੀ ਤਾਂ ਜੋ ਇਸ ਸੰਬੰਧੀ ਭਵਿਖ ਵਿਚ ਕੋਈ ਭਰਮ ਭੁਲੇਖਾ ਨਾ ਰਹਿ ਜਾਏ:

1. 1699 ਈ. ਦੇ ਵੈਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਖੰਡੇ ਕੀ ਪਾਹੁਲ (ਅੰਮ੍ਰਿਤ) ਛਕਾ ਕੇ, ਫਿਰ ਉਨ੍ਹਾਂ ਪਾਸੋਂ ਖੁਦ ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਰਾਏ ਤਾਂ ਗੁਰੂ ਗੋਬਿੰਦ ਸਿੰਘ ਬਣੇ।
2. ਇਤਿਹਾਸ ਅਨੁਸਾਰ ਉਸੇ ਦਿਨ ਹਜ਼ਾਰਾਂ ਸਿਖਾਂ ਨੇ "ਅੰਮ੍ਰਿਤ" ਪਾਨ ਕੀਤਾ। ਸਪਸ਼ਟ ਹੈ ਕਿ ਇਸ ਮਹਾਨ ਕਾਰਜ ਦੀ ਸੇਵਾ ਵੀ ਪੰਜਾਂ ਪਿਆਰਿਆਂ ਨੇ ਹੀ ਕੀਤੀ।
3. ਇਸ ਵੈਸਾਖੀ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਜਗਿਆਸੂ ਨੂੰ ਆਪ ਇਕੱਲਿਆਂ ਅੰਮ੍ਰਿਤ ਨਹੀਂ ਛਕਾਇਆ।
4. ਹਰ ਦੀਵਾਨ ਦੀ ਸਮਾਪਤੀ ਤੇ ਗੁਰੂ ਦੇ ਹੁੰਦਿਆਂ ਵੀ ਪਵਿਤਰ ਦੇਗ ਪਹਿਲਾਂ ਪੰਜਾਂ ਪਿਆਰਿਆਂ ਨੂੰ ਹੀ ਵਰਤਾਈ ਜਾਂਦੀ ਹੈ।
5. ਦਸ਼ਮੇਸ਼ ਪਿਤਾ ਜੀ ਨੇ ਜਦੋਂ ਇਹ ਵਿਚਾਰਿਆ ਕਿ ਕੁਝ ਸੂਝਵਾਨ ਸਿੰਘਾਂ ਨੂੰ ਸੰਸਕ੍ਰਿਤ ਆਦਿ ਦੀ ਉਚ ਵਿੱਦਿਆ ਪ੍ਰਾਪਤੀ ਲਈ ਕਾਸ਼ੀ ਭੇਜਿਆ ਜਾਏ ਤਾਂ ਉਦੋਂ ਵੀ ਉਨ੍ਹਾਂ ਨੇ ਪੰਜਾਂ ਪਿਆਰਿਆਂ ਦੀ ਹੀ ਚੋਣ ਕੀਤੀ। ਮਹਾਨ ਕੋਸ਼ ਵਿਚ ਉਨ੍ਹਾਂ ਪੰਜਾਂ ਦੇ ਨਾਮ ਵੀ ਦਿਤੇ ਹਨ।
6. ਦਸ਼ਮੇਸ਼ ਜੀ ਨੇ ਦਾਦੂ ਦੁਆਰੇ ਵਿਚ ਦਾਦੂ ਦੀ ਕਬਰ ਨੂੰ ਤੀਰ ਨਾਲ 'ਨਮਸਕਾਰ' ਕਰਨ ਦਾ ਚੋਜ ਵਰਤਾਇਆ ਤਾਂ ਪੰਜਾਂ ਪਿਆਰਿਆਂ ਕੋਲੋਂ 'ਭੁੱਲ' ਬਖਸ਼ਵਾ ਕੇ 'ਤਨਖਾਹ' ਲੁਆਈ।
7. ਚਮਕੌਰ ਦੀ ਗੜ੍ਹੀ ਵਿਚ ਜਦੋਂ ਮੁਠੀ ਭਰ ਸਿੰਘਾਂ ਨੇ ਇਹ ਦੇਖਿਆਂ ਕਿ ਉਥੇ ਸਿੰਘਾਂ ਦੇ ਸੰਗ ਹੀ ਦਸ਼ਮੇਸ਼ ਪਿਤਾ ਜੀ ਨੇ ਵੀ ਸ਼ਹੀਦ ਹੋਣ ਲਈ ਕਮਰਕੱਸੇ ਕੀਤੇ ਹਨ ਤਾਂ ਕੋਈ ਹੋਰ ਵਾਹ ਨਾ ਚਲਦੀ ਦੇਖ ਕੇ ਪੰਜਾਂ ਸਿੰਘਾਂ ਨੇ "ਪੰਜ ਪਿਆਰਿਆਂ" ਦੇ ਰੂਪ ਵਿਚ ਗੁਰੂ ਸਾਹਿਬ ਨੂੰ ਗੜ੍ਹੀ ਵਿਚੋਂ ਜ਼ਿੰਦਾ ਚਲੇ ਜਾਣ ਦਾ ਹੁਕਮ ਕੀਤਾ ਤੇ ਗੁਰਦੇਵ ਜੀ ਨੇ ਸਿਰ ਨਿਵਾ ਕੇ ਹੁਕਮ ਦੀ ਪਾਲਨਾ ਕੀਤੀ।
8. ਨੰਦੇੜ ਵਿਖੇ ਜਦੋਂ ਬੈਰਾਗੀ ਮਾਧੋ ਦਾਸ ਨੂੰ ਬੰਦਾ ਸਿੰਘ ਬਹਾਦਰ ਬਣਾ ਕੇ ਪੰਜਾਬ ਚਾਲੇ ਪਾਉਣ ਦਾ ਹੁਕਮ ਕੀਤਾ ਤਾਂ ਆਪਣੇ ਨਿਜੀ ਭਥੇ ਵਿਚੋਂ ਪੰਜਾਂ ਤੀਰਾਂ ਦੀ ਬਖਸ਼ਿਸ਼ ਕੀਤੀ ਤੇ ਨਾਲ ਪੰਜ ਪਿਆਰੇ ਵੀ ਘੱਲੇ ਜਿਨ੍ਹਾਂ ਦੇ ਜਥੇਦਾਰ ਬਾਬਾ ਵਿਨੋਦ ਸਿੰਘ ਜੀ ਸਨ।
9. ਅੰਤ ਵਿਚ ਦਸ਼ਮੇਸ਼ ਪਿਤਾ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਗੁਰ ਜੋਤਿ ਦਾ ਹਲੂਲ ਕੀਤਾ ਤੇ ਨਾਲ ਹੀ ਗੁਰੂ ਪੰਥ ਨੂੰ ਪਿਆਰਿਆਂ ਦੇ ਰੂਪ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਗੁਰਗੱਦੀ ਦੀ ਜ਼ਿਮੇਦਾਰੀ ਸੌਂਪੀ।

ਇਸੇ ਤਰ੍ਹਾਂ ਪੰਜਾਂ ਦੀ ਪਰਧਾਨਗੀ ਦੀ ਤੱਤ ਗੁਰਮਤਿ ਮਰਯਾਦਾ ਗੁਰੂ ਨਾਨਕ ਦੇਵ ਜੀ ਨੇ ਦਸਾਂ ਜਾਮਿਆਂ ਵਿਚ ਪ੍ਰਫੁਲਤ ਕਰਕੇ ਅੰਤਲੇ ਜਾਮੇ ਵਿਚ ਇਸ ਦਾ ਪੱਕਾ ਬਾਨ੍ਹਨੂੰ ਬੰਨ੍ਹ ਦਿੱਤਾ। ਬੰਦਾ ਸਿੰਘ ਜੀ ਬਹਾਦਰ ਜਿਨ੍ਹਾਂ ਚਿਰ ਪੰਜਾਂ ਪਿਆਰਿਆਂ ਦੀ ਸਲਾਹ ਤੇ ਪਰਧਾਨਗੀ ਹੇਠ ਵਿਚਰੇ, ਹਰ ਮੈਦਾਨ ਫਤਹ ਪ੍ਰਾਪਤ ਕਰਦੇ ਰਹੇ। ਉਨ੍ਹਾਂ ਸੰਬੰਧੀ ਮਸ਼ਹੂਰ ਹੋ ਗਿਆ ਸੀ ਕਿ ਉਹ ਕਰਾਮਾਤੀ ਪੁਰਸ਼ ਹਨ ਜਿਸ ਕਰਕੇ ਉਨ੍ਹਾਂ ਨੂੰ ਕਦੇ ਹਾਰ ਨਹੀਂ ਸੀ ਹੋ ਸਕਦੀ। ਉਹ ਕਰਾਮਾਤੀ ਸ਼ਕਤੀ ਇਹੋ ਸੀ ਜੋ ਦਸ਼ਮੇਸ਼ ਪਿਤਾ ਜੀ ਨੇ "ਪੰਚ ਪਰਵਾਣ ਪੰਚ ਪਰਧਾਨੁ" ਦੇ ਰੂਪ ਵਿਚ ਬਖਸ਼ੀ ਸੀ। ਜਦੋਂ ਬੰਦਾ ਸਿੰਘ ਜੀ ਤੇ ਬਾਬਾ ਵਿਨੋਦ ਸਿੰਘ ਵਿਚ ਮਤਭੇਦ ਹੋਣ ਕਾਰਨ ਬੰਦਾ ਸਿੰਘ ਜੀ ਪੰਜਾਂ ਤੋਂ ਆਕੀ ਹੋ ਗਏ ਤਾਂ ਉਨ੍ਹਾਂ ਦੀ ਫਤਹਿ ਹਾਰ ਵਿਚ ਬਦਲ ਗਈ ਤੇ ਅੰਤ ਵਿਚ ਵੈਰੀ ਦੇ ਕਾਬੂ ਆ ਗਏ। ਪਰ ਚੂੰਕਿ ਗੁਰਦੇਵ ਪਿਤਾ ਜੀ ਦੇ ਵਰੋਸਾਏ ਹੋਏ ਗੁਰਸਿਖ ਸਨ, ਉਨ੍ਹਾਂ ਨੇ ਇਕ ਅਲੌਕਿਕ ਢੰਗ ਨਾਲ ਮਹਾਨ ਸ਼ਹੀਦੀ ਦਿਤੀ ਜੋ ਸਾਡੇ ਲਈ ਰੌਸ਼ਨ ਮੁਨਾਰਾ ਹੈ।

ਬੰਦਾ ਸਿੰਘ ਜੀ ਤੋਂ ਪਿਛੋਂ ਹੌਲੀ ਹੌਲੀ ਪੰਥ ਵਿਚ "ਪੰਚ ਪਰਧਾਨ" ਦੀ ਮਰਯਾਦਾ ਵਿਚ ਹੋਰ ਵੀ ਵਿਘਨ ਪੈ ਗਿਆ। ਪੰਥ

ਦੇ ਪੰਜਾਂ ਪਿਆਰਿਆਂ ਦਾ ਕਰਤਵ ਕੇਵਲ ਅੰਮ੍ਰਿਤ ਛਕਾਉਣ ਤੱਕ ਹੀ ਸੀਮਤ ਕਰ ਦਿਤਾ। ਪੰਥ ਦੀ ਅਗਵਾਈ ਹਰ ਸਿਰ ਕਢਵਾਂ ਜਰਨੈਲ ਆਪਣੇ ਬਲ ਤੇ ਬੁੱਧੀ ਅਨੁਸਾਰ ਕਰਨ ਲਗਾ। ਇਸ ਤਰ੍ਹਾਂ ਵਖੋ ਵਖ ਚੋਣਵੇਂ ਬਹਾਦਰ ਅਣਖੀਲੇ ਗੁਰਸਿਖ ਜਰਨੈਲਾਂ ਦੇ ਆਪਣੇ ਨਾਮ ਹੇਠ ਮਿਸਲਾਂ ਬਣ ਗਈਆਂ। ਉਨ੍ਹਾਂ ਸਾਰੀਆਂ ਮਿਸਲਾਂ ਨੂੰ ਮੇਲ ਕੇ ਮਹਾਰਾਜਾ ਰਣਜੀਤ ਸਿੰਘ ਨੇ ਸਿਖ ਰਾਜ ਸਥਾਪਨ ਕੀਤਾ ਤਾਂ ਉਨ੍ਹਾਂ ਵੀ ਆਨਮਤੀਆਂ ਵਾਂਗ ਸ਼ਖਸ਼ੀ ਰਾਜ ਹੀ ਥਾਪਿਆ ਤੇ ਆਪ ਉਸਦੇ ਹੁਕਮਰਾਨ ਮਹਾਰਾਜਾ ਬਣੇ। ਉਨ੍ਹਾਂ ਦਾ ਚਾਲੀ ਕੁ ਸਾਲ ਦਾ ਰਾਜ ਦੁਨਿਆਵੀ, ਧਰਮ-ਨਿਰ-ਪੱਖਤਾ ਤੇ ਇਨਸਾਫ਼ ਵਜੋਂ ਦੇਸ਼ ਵਿਚ ਆਪਣੀ ਮਿਸਾਲ ਆਪ ਹੀ ਸੀ। ਉਨ੍ਹਾਂ ਦੇ ਰਾਜ ਵਿਚ ਕਿਸੇ ਇਕ ਬੰਦੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਮਿਲੀ। ਸਾਰੇ ਰਾਜ ਵਿਚ ਪੂਰਨ ਅਮਨ ਅਮਾਨ ਸੀ। ਸਾਰੇ ਧਰਮਾਂ ਨੂੰ ਪੂਰਨ ਆਜ਼ਾਦੀ ਸੀ। ਕਿਸੇ ਇਕ ਵੀ ਆਨਮਤੀ ਉਤੇ ਡਰ ਜਾਂ ਲਾਲਚ ਦੇ ਕੇ ਸਿਖ ਧਰਮ ਠੋਸਿਆ ਨਹੀਂ ਸੀ ਗਿਆ। ਪਰ ਫ਼ਿਰ ਵੀ ਉਨ੍ਹਾਂ ਦੀ ਮ੍ਰਿਤੂ ਉਪ੍ਰੰਤ ਦਿਨਾਂ ਵਿਚ ਹੀ ਸਿਖ ਰਾਜ ਦਾ ਭੋਗ ਪੈ ਗਿਆ ਤੇ ਜੋ ਖੂਨ ਖਰਾਬਾ ਹੋਇਆ ਉਹ ਪੜ੍ਹ ਸੁਣ ਕੇ ਹੁਣ ਵੀ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਜੇਕਰ ਮਹਾਰਾਜਾ ਰਣਜੀਤ ਸਿੰਘ "ਪੰਚ ਪਰਧਾਨੁ" ਸਿੰਘਾਂ ਦੀ ਕੌਂਸਲ ਬਣਾ ਕੇ ਉਨ੍ਹਾਂ ਦੇ ਸਲਾਹ ਮਸ਼ਵਰੇ ਦੇ ਅਧੀਨ ਹੋ ਕੇ ਰਾਜ ਕਰਦੇ ਤਾਂ ਉਨ੍ਹਾਂ ਦੇ ਅੰਤ ਸਮੇਂ ਰਾਜ ਦੀ ਸਾਰੀ ਜ਼ਿਮੇਦਾਰੀ ਪੰਚਾਇਣ ਨੇ ਆਪਣੇ ਹੱਥ ਲੈ ਕੇ ਨਵਾਂ ਜਥੇਦਾਰ ਥਾਪ ਕੇ ਸੰਭਾਲ ਲੈਣੀ ਸੀ।

ਇਸੇ ਤਰ੍ਹਾਂ ਹੀ ਸਿੰਘ ਸਭਾ ਤੇ ਅਕਾਲੀ ਲਹਿਰ ਸਮੇਂ ਜੋ ਸਫ਼ਲਤਾ ਹੋਈ, ਉਹ ਅਗੋਂ ਵੀ ਜਾਰੀ ਰਹਿ ਸਕਦੀ ਸੀ ਜੇਕਰ ਸਾਰਾ ਪੰਥ ਪੰਚਾਇਣ ਦੀ ਪ੍ਰਧਾਨਗੀ ਹੇਠ ਚਲਦਾ। ਸ਼੍ਰੋਮਣੀ ਅਕਾਲੀ ਦਲ ਜੋ ਅਕਾਲ (ਭਾਵ ਅਕਾਲ ਪੁਰਖ) ਦਾ ਦਲ ਸੀ ਉਸ ਦੇ ਟੁਕੜੇ ਟੁਕੜੇ ਹੋ ਕੇ ਵਖੋ ਵਖ ਹਿੱਸੇ ਉਘੇ ਲਡਿਰਾਂ ਦੇ ਨਾਮ ਨਾਲ ਨੱਥੇ ਗਏ। 'ਬਾਦਲ' ਅਕਾਲੀ ਦਲ, 'ਮਾਸਟਰ' ਅਕਾਲੀ ਦਲ, 'ਮਾਨ' ਅਕਾਲੀ ਦਲ ਇਤਿ ਆਦਿ ਨਾਮ ਹੀ ਅਰਥਹੀਨ ਹਨ। ਅਕਾਲੀ ਭਾਵ ਅਕਾਲ ਪੁਰਖ ਦਾ ਦਲ ਕਿਸੇ ਮਨੁੱਖ ਦਾ ਦਲ ਵੀ ਹੋ ਸਕਦਾ ਹੈ? ਦਸ਼ਮੇਸ਼ ਪਿਤਾ ਜੀ ਨੇ ਤਾਂ ਖਾਲਸਾ ਪੰਥ ਦੀ ਸਾਜਨਾ ਕਰਕੇ ਵੀ ਉਸ ਨੂੰ ਆਪਣਾ ਖਾਲਸਾ ਨਹੀਂ ਆਖਿਆ ਸੀ, ਬਲਕਿ ਫੁਰਮਾਇਆ "ਖਾਲਸਾ ਅਕਾਲ ਪੁਰਖ ਕੀ ਫ਼ੌਜ" ਤੇ ਨਾਲ ਹੀ ਫੁਰਮਾਨ ਕੀਤਾ "ਖਾਲਸਾ ਮੇਰੋ ਸਤਿਗੁਰ ਪੂਰਾ"। ਏਥੇ ਹੀ ਬਸ ਨਹੀਂ। ਉਹ ਤਾਂ ਇਥੋਂ ਤੱਕ ਫੁਰਮਾ ਗਏ ਕਿ "ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀਂ ਮੋਸੋ ਗਰੀਬ ਕਰੋਰ ਪਰੇ।।" ਇਸ ਦੇ ਉਲਟ ਪੰਥ ਦੇ ਹੁਣ ਦੇ ਆਗੂ ਆਪੋ ਆਪਣੇ ਨਾਮ ਹੇਠ "ਅਕਾਲੀ" ਦਲ ਬਣਾ ਕੇ ਪੰਥ ਦੀ ਸੇਵਾ ਦਾ ਦਾਅਵਾ ਕਰ ਰਹੇ ਹਨ।ਇਸ ਸਭ ਕੁੱਝ ਦਾ ਸਿੱਟਾ ਸਾਡੇ ਸਾਹਮਣੇ ਹੈ। ਗੁਰਦੇਵ ਦੇ ਹੁਕਮ ਅਨੁਸਾਰ:

ਜਬ ਇਹ ਗਹੈ ਬਿਪਰਨ ਕੀ ਰੀਤ।।
ਮੈ ਨ ਕਰੋਂ ਇਨ ਕੀ ਪ੍ਰਤੀਤ।।

ਏਨ੍ਹਾਂ ਸਾਰੇ "ਅਕਾਲੀ" ਦਲਾਂ ਦੀ ਜੋ ਹਾਸੋ ਹੀਣੀ ਤੇ ਦੁਖਦਾਈ ਦਸ਼ਾ ਹੈ ਉਹ ਪ੍ਰਤਖ ਤੇ ਪ੍ਰਗਟ ਪਹਾਰੇ ਸਾਰੇ ਜਗਤ ਤੇ ਰੌਸ਼ਨ ਹੈ।ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਇਕ ਨਿਕਟਵਰਤੀ ਪੁਰਾਤਨ ਸਿੰਘ ਨੇ ਦੱਸਿਆ ਸੀ ਕਿ ੧੯੪੭ ਈ: ਦੀ ਦੇਸ਼ ਦੀ ਵੰਡ ਪਿਛੋਂ ਪੰਥ ਦੇ ਮੁਖੀ ਆਗੂ ਮਾਸਟਰ ਤਾਰਾ ਸਿੰਘ ਜੀ ਭਾਈ ਸਾਹਿਬ ਕੋਲ ਉਨ੍ਹਾਂ ਦੀ ਅਗਵਾਈ, ਅਸ਼ੀਰਵਾਦ ਤੇ ਸਲਾਹ ਲਈ ਆਏ।ਪੁਛਣਾ ਕੀਤੀ ਕਿ ਉਸ ਸੰਕਟ ਸਮੇਂ ਪੰਥ ਦੀ ਚੜ੍ਹਦੀ ਕਲਾ ਲਈ ਕੀ ਕੀਤਾ ਜਾਵੇ? ਭਾਈ ਸਾਹਿਬ ਨੇ ਮਾਸਟਰ ਜੀ ਨੂੰ ਸਲਾਹ ਦਿਤੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਕਾਰਜ ਸਾਧਕ ਕਮੇਟੀ ਭੰਗ ਕਰਕੇ ਪੰਜ ਆਤਮਦਰਸੀ ਬੇਗਰਜ਼ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧੀਨ ਸਾਰੀ ਜ਼ਿਮੇਦਾਰੀ ਸੌਂਪੀ ਜਾਵੇ ਤੇ ਉਨ੍ਹਾਂ ਦੇ ਸਲਾਹ ਮਸ਼ਵਰੇ ਨਾਲ ਉਹ ਸਾਰਾ ਕਾਰਜ ਕਰਨ ਤਾਂ ਪੰਥ ਦੀ ਚੜ੍ਹਦੀ ਕਲਾ ਅਵਸ਼ਯ ਹੋਵੇਗੀ।ਪਰ ਮਾਸਟਰ ਜੀ ਆਨ ਮਤੀ ਪ੍ਰਚਲਤ ਸਿਆਸਤ ਦੇ ਅਧੀਨ ਇਹ ਕਰਨ ਤੋਂ ਅਸਮਰਥ ਰਹੇ। ਸੋ ਹੁਣ ਸਾਰੇ ਪੰਥ ਵਿਚ ਆਪੋ ਧਾਪੀ ਪਈ ਹੋਈ ਹੈ। ਵਖੋ ਵਖ ਸੰਪਰਦਾਵਾਂ ਤੇ ਜਥੇ ਆਪਸ ਵਿਚ ਖਹਿ ਖਹਿ ਕਰ ਰਹੇ ਹਨ।ਕਿਉਂ ? ਇਸ ਲਈ ਕਿ ਪੰਥ ਨੇ ਪੰਚਾਇਣ ਦੀ ਸੇਵਾ ਕੇਵਲ ਅੰਮ੍ਰਿਤ ਸੰਚਾਰ ਤੱਕ ਹੀ ਸੀਮਤ ਕਰ ਦਿਤੀ ਹੈ।ਪੰਥ ਦੀ ਸਮੁਚੀ ਅਗਵਾਈ ਆਨਮਤੀਆਂ ਦੀ ਰੀਸੋ ਘੜੀਸੋ ਆਪੋ ਆਪਣੀ ਸਿਆਣਪ, ਚਤੁਰਾਈ ਤੇ ਚੌਧਰਪੁਣੇ ਦੇ ਅਧੀਨ ਵਖੋ ਵਖ ਨੇਤਾ ਕਰ ਰਹੇ ਹਨ। ਇਸੇ ਲਈ ਮੌਜੂਦਾ ਪੰਥਕ ਦਸ਼ਾ ਦੇਖ ਕੇ ਹਰ ਸੂਝਵਾਨ ਪੰਥ ਦਰਦੀ ਫ਼ਿਕਰਮੰਦ ਹੈ।

ਇਸ ਸਬੰਧੀ ਇਕ ਖਾਸ ਧਿਆਨਯੋਗ ਗੱਲ ਇਹ ਹੈ ਕਿ ਗੁਰਦੇਵ ਜੀ ਨੇ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧੀਨ ਜੋ ਜ਼ਿੰਮੇਂਦਾਰੀ ਸੌਂਪੀ ਸੀ ਉਹ ਬਿਨਾ ਕਿਸੇ ਸੀਮਾਂ ਦੇ ਨਹੀਂ ਸੀ।ਪੰਥ ਨੂੰ ਇਹ ਇਖਤਿਆਰ ਬਿਲਕੁਲ ਨਹੀ ਸੀ ਦਿਤਾ ਕਿ ਪੰਥ ਜਿਵੇਂ ਚਾਹੇ ਦੁਨਿਆਵੀ ਸਿਆਸਤ ਦੀਆਂ ਜ਼ਿੰਮੇਂਦਾਰੀਆਂ ਨੂੰ ਨਿਬਾਹੇ। ਜਿਵੇ ਕਿ ਅੱਗੇ ਜ਼ਿਕਰ ਆ ਚੁਕਾ ਹੈ ਕਿ ਜੋਤੀ ਜੋਤ ਸਮਾਉਨ ਸਮੇਂ ਦਸ਼ਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਗਿਆਨ ਵਾਨ ਆਤਮਰਸੀਏ " ਪੰਚ ਪਰਵਾਨ " ਜਨਾਂ ਨੂੰ ਪੰਥ ਦੀ ਪਰਧਾਨਗੀ ਸੌਂਪੀ ਸੀ ਨਾ ਕਿ ਸਮੁਚੀ ਸਿੱਖ ਜਨਤਾ ਨੂੰ। ਇਸ ਤਰਾਂ ਪੱਕੇ ਤੌਰ ਤੇ ਇਹ ਵਿਧਾਨ ਬਣਾ ਦਿਤਾ ਕਿ ਗੁਰੂ ਪੰਥ ਆਪਣੇ ਸਾਰੇ ਕਾਰਜ ਗੁਰੂ ਗ੍ਰੰਥ ਸਾਹਿਬ ਦੇ ਅਧੀਨ ਪੰਜਾਂ ਪਿਆਰਿਆਂ ਰਾਹੀਂ ਨਿਬਾਹੇ।ਕਿਸੇ ਵੀ ਗੁਰਸਿਖ ਸਭਾ ਸੁਸਾਇਟੀ ਜਾਂ ਜਥੇਬੰਦੀ ਦੇ ਕਿਸੇ ਇਕ ਵਿਅਕਤੀ ਨੂੰ ਪਰਧਾਨਗੀ ਸੌਂਪਣਾ ਗੁਰੂ ਵਿਧਾਨ ਦੇ ਉਲਟ ਹੈ ਅਤੇ ਇਸੇ ਵਿਧਾਨ ਦੀ ਉਲੰਘਣਾ ਦੇ ਕਾਰਣ ਪੰਥ ਨਿਘਰਦੀ ਕਲਾ ਵਿਚ ਜਾ ਰਿਹਾ ਹੈ। ਗੁਰੂ ਪੰਥ ਆਪਣੇ ਵਿਲਖਣ ਗੁਰਮਤਿ ਵਿਧਾਨ ਨੂੰ ਤਿਆਗ ਕੇ, ਆਨਮਤੀਆਂ ਦੇ ਸਿਆਸੀ ਢੰਗਾਂ ਨੂੰ ਅਪਣਾ ਕੇ (ਭਾਵ ਬਿਪਰਨ ਕੀ ਰੀਤ ਦੇ ਅਨੁਸਾਰੀ ਹੋ ਕੇ) ਪੰਚਾਇਣ ਦੀ ਚੋਣ ਦਾ ਢੰਗ ਵੀ ਦਰਸਾ ਦਿਤਾ ਸੀ। "ਪੰਚ ਪਰਧਾਨ" ਜਨਾਂ ਦੀ ਚੋਣ ਲੋਕ ਮਤ (ਵੋਟਾਂ) ਨਾਲ ਨਹੀਂ ਹੋ ਸਕਦੀ। ਇਹ ਚੋਣ ਤਾਂ ਜੀਵਣਮੁਕਤ, ਮਰਜੀਵੜੇ, ਆਤਮਰਸੀਏ, ਆਪਾ ਸਮਰਪਣ ਕਰਨ ਵਾਲੇ ਸਿੰਘਾਂ ਦੀ ਹੋਣੀ ਹੈ ਜੋ ਕਿਸੇ ਪਦਵੀ, ਧਨ, ਐਸ਼ਵਰਜ, ਲਾਲਚ ਅਧੀਨ ਕੋਈ ਫੈਸਲਾ ਨਹੀ ਕਰਦੇ। ਐਸੇ ਬੇਗਰਜ਼ ਨੇਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਧੁਰ ਕੀ ਬਾਣੀ


www.AKJ.Org

ਅਨੁਸਾਰ ਫੈਸਲੇ ਕਰਨਗੇ। ਆਮ ਜੰਤਾ ਨੂੰ ਇੰਨੀ ਸੋਝੀ ਕਿਵੇਂ ਹੋ ਸਕਦੀ ਹੈ ਜੋ ਐਸੇ ਪੰਚਾਂ ਦੀ ਚੋਣ ਬਹੁਗਿਣਤੀ ਨਾਲ ਕਰ ਸਕਣ। ਲੋਕਮਤ ਅਨੁਸਾਰ ਤਾਂ ਢਿਲੇ ਮਠੇ ਕਮਜ਼ੋਰ ਨੇਤਾ ਹੀ ਚੁਣੇ ਜਾਂਦੇ ਹਨ ਕਿਉਂ ਜੋ ਬਹੁ ਗਿਣਤੀ ਐਸੇ ਕਮਜ਼ੋਰ ਲੋਕਾਂ ਦੀ ਹੀ ਹੁੰਦੀ ਹੈ। ਧਾਰਮਿਕ ਆਗੂ ਬਹੁ ਗਿਣਤੀ ਨਾਲ ਨਹੀਂ, ਕਰੜੀ ਅਜਮਾਇਸ਼ ਨਾਲ ਚੁਣੇ ਜਾਣੇ ਚਾਹੀਦੇ ਹਨ।

ਇਸੇ ਲੇਖ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਨ 1950 ਈ: ਵਿਚ ਲਿਖੀ ਪੁਸਤਕ "ਗੁਰਮਤਿ ਅਧਿਆਤਮ ਕਰਮ ਫਿਲਾਸਫੀ" ਵਿਚ ਦਿਤੇ ਵਿਚਾਰਾਂ ਨਾਲ ਸਮਾਪਤ ਕੀਤਾ ਜਾਂਦਾ ਹੈ ਜੋ ਕਿ ਹੁਣ ਦੇ ਹਾਲਾਤ ਤੇ ਇੰਨ ਬਿੰਨ ਢੁਕਦੇ ਹਨ:

"ਮਲੇਛ ਰਾਜ ਦੇ ਸਦੀਆਂ ਬਧੋ ਉਲਟ ਪੈਣ ਕਰਕੇ ਅਤੇ ਇਸ ਮਲੇਛੀ ਹਕੂਮਤ ਦੀ ਗੁਲਾਮੀ ਕਰਨਹਾਰੇ ਸਿਖ ਸ਼ਕਲ ਦੇ ਗੁਲਾਮਾਂ ਅੰਦਰ ਮਲੇਛਤਾ ਛਾ ਗਈ ਹੈ।...ਜਿਨ੍ਹਾਂ ਦੇ ਕਰਮ ਧਰਮ ਚਜ ਅਚਾਰ ਸਭ ਮਲੇਛਾਂ ਵਾਲੇ ਹਨ।ਸਿਰਫ ਬੁਰਕਾ ਹੀ ਬੁਰਕਾ ਸਿਖੀ ਦਾ ਹੈ।ਨਾਮ ਨਿਧਾਨ ਤਿਨ੍ਹਾਂ ਦੇ ਨੇੜੇ ਨਹੀਂ।......ਅਹੰਮਤ ਮਤਸਰੀ ਬਣੇ ਹੋਏ ਆਪਣੀ ਕੌਮ ਦੇ ਅੰਗਾਂ ਨੂੰ ਹੀ ਵੱਢ-ਵੱਢ ਕੇ ਖਾ ਰਹੇ ਹਨ। ਇਕ ਦੂਜੇ ਦੇ ਵੈਰੀ ਹੋ ਗਏ ਹਨ। ਖਾਲਸਈ ਗੈਰਤ ਤਿਨ੍ਹਾਂ ਦੇ ਅੰਦਰ ਰਾਈ ਮਾਤਰ ਭੀ ਨਹੀਂ ਰਹੀ।........ਪੰਥ ਅੰਦਰ ਜੋ ਫੋਕਟ ਚੌਧਰਤਾ ਦੇ ਧੜੇ ਬਣ ਰਹੇ ਹਨ ਇਹ ਸਭ ਏਸ ਕਰਕੇ ਹਨ ਕਿ ਇਨਾਂ ਅੰਦਰ ਮਹਾਂ ਮਲੇਛਤਾ ਛਾਈ ਹੋਈ ਹੈ ਜੋ ਮਿਟਾਈ ਮਿਟਦੀ ਨਹੀਂ। ਖੁਦ ਮਿਟ ਜਾਣਗੇ ਤਾਂ ਮਿਟੇਗੀ। ਪੰਥ ਵਿਚੋਂ ਇਹ ਮਲੇਛ ਅੰਸ ਖੈ ਹੋ ਜਾਵੇਗੀ।.......ਓੜਕ ਨਾਮ ਨਿਧਾਨੀਆਂ ਦੀ ਹੀ ਹਰ ਮੈਦਾਨ ਫਤਿਹ ਹੋਣੀ ਹੈ। ਨਾਮ ਨਿਧਾਨ ਕਮਾਈ ਵਾਲੇ ਪੰਜਾਂ ਦੇ ਹਥ ਜਦੋਂ ਪੰਥ ਦੀ ਡੋਰ ਆਵੇਗੀ ਤਦੋਂ ਇਹ ਮਲੇਛੀ ਅੰਸ ਆਪੇ ਖੈ ਹੋ ਜਾਵੇਗੀ।" ਆਸ ਹੈ ਸਮੁਚਾ ਖਾਲਸਾ ਪੰਥ ਹਰ ਖੇਤਰ ਵਿੱਚ "ਪੰਚ ਪਰਧਾਨ" ਦੇ ਗੁਰਮਤਿ ਗਾਡੀ ਰਾਹ ਨੂੰ ਅਪਣਾ ਕੇ ਗੁਰੂ ਨਾਨਕ -ਦਸ਼ਮੇਸ਼-ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਖਸ਼ੇ ਤੇਜ਼ ਪ੍ਰਤਾਪ ਦਾ ਪਾਤ੍ਰ ਬਣ ਕੇ ਹਰ ਮੈਦਾਨ ਫਤਹ ਪ੍ਰਾਪਤ ਕਰਨ ਯੋਗ ਹੋਵੇਗਾ।

---

(ਪੰਨਾ ੧੧ ਦੀ ਬਾਕੀ)

ਕਰਨਾ ਪਵੇਗਾ ਕਿ ਅਸੀਂ ਪਿਛਲੇ ਸਾਲਾਂ ਵਿਚ ਕੀ ਗੁਆਇਆ ਤੇ ਕੀ ਖੱਟਿਆਂ ਹੈ? ਅਸੀਂ ਆਪਣੇ ਜਨਮ ਦਿਵਸ ਦੀ ਤੀਸਰੀ ਸ਼ਤਾਬਦੀ ਦੇ ਮੌਕੇ ਤੇ ਸਮੁੱਚੇ ਪੰਥ ਨੂੰ ਅੰਮ੍ਰਿਤਧਾਰੀ ਵੇਖਣ ਦਾ ਟੀਚਾ ਮਿਥਿਆ ਹੋਇਆ ਹੈ। ਅੱਜ ਸਾਨੂੰ ਹਿਸਾਬ ਕਿਤਾਬ ਕਰਕੇ ਵੇਖਣਾ ਪਵੇਗਾ ਕਿ ਇਸ ਟੀਚੇ ਦੀ ਪ੍ਰਾਪਤੀ ਲਈ ਕੀ ਕੁੱਝ ਕਰਨ ਦੀ ਜਰੂਰਤ ਹੈ। ਕੀ ਛੱਡਣਾ ਹੈ ਤੇ ਕੀ ਅਪਨਾਉਣਾ ਹੈ?

---

## ਰੁਬਾਈ

ਸੱਚ ਦੀ ਗੱਲ ਕੌਣ ਕਰਦਾ ਅੱਜ ਕੱਲ੍ਹ।
ਸੱਚ ਦੀ ਖਾਤਿਰ ਕੌਣ ਮਰਦੈ ਅੱਜ ਕੱਲ੍ਹ।
ਝੂਠ ਦਾ ਵਿਉਪਾਰ ਚੱਲਦੈ ਹਰ ਤਰਫ਼।
ਸੱਚ ਦਾ ਦਮ ਕੌਣ ਭਰਦੈ ਅੱਜ ਕੱਲ੍ਹ।

(ਤੇਗ ਬਹਾਦਰ ਸਿੰਘ ਤੇਗ)

# ਪੰਜੇ ਪੰਜ

1. ਪੰਜ ਤੱਤ :-ਹਵਾ, ਪਾਣੀ, ਧਰਤੀ, ਅਗਨੀ, ਆਕਾਸ਼।
(ਪੰਚ ਤਤੁ ਮਿਲਿ ਕਾਇਆ ਕੀਨੀ, ਪੰਨਾ 1030)
2. ਪੰਜ ਵਿਸ਼ੇ ਵਿਕਾਰ (ਚੋਰ):-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।
(ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ, ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ।
3. ਪੰਜ ਸ਼ੁੱਭ ਗੁਣ (ਬਾਣ):-ਸਤ, ਸੰਤੋਖ, ਦਇਆ, ਧਰਮ, ਧੀਰਜ।
(ਸਤੁ, ਸੰਤੋਖੁ, ਦਇਆ, ਧਰਮ, ਸੀਗਰੁ ਬਨਾਵਉ। ਪੰਨਾ
4. ਪੰਜ ਗਿਆਨ ਇੰਦਰੇ:-ਅੱਖਾਂ, ਕੰਨ, ਨਾਸਾਂ, ਜੀਭ, ਸਪਰਸ਼।
5. ਪੰਜ ਸ਼ਬਦ: ੳ)ਪੰਜ ਵਾਜਿਆਂ ਦੇ ਸ਼ਬਦ :
ਪੰਜ ਵਾਜੇ ਇਹ ਹਨ-
1) ਤਾਰ ਤੇ ਤੰਦ ਵਾਲੇ : ਸਿਤਾਰ, ਰਬਾਬ ਆਦਿ।
2) ਚੰਮ ਨਾਲ ਮੜ੍ਹੇ ਹੋਏ : ਢੋਲਕ, ਮ੍ਰਿਦੰਗ ਆਦਿ।
3) ਧਾਤ ਦੇ : ਘੰਟਾ, ਛੈਣੇ ਆਦਿ।
4) ਨਾਦ : ਘੜਾ ਆਦਿ।
5) ਫੂਕ ਨਾਲ ਵਜਾਉਣ ਵਾਲੇ : ਸੰਖ, ਬਾਂਸਰੀ, ਬੀਨ ਆਦਿ।
ਅ) ਜੋਗੀਆਂ ਦੇ ਕਲਪੇ ਹੋਏ ਦਸਮ ਦੁਆਰ ਦੇ ਪੰਚ (ਪੰਜ) ਸ਼ਬਦ :-
ਸੰਖ, ਮ੍ਰਿਦੰਗ, ਕਿੰਗਰੀ, ਮੁਰਲੀ ਤੇ ਵੀਣਾਂ ਦੀ ਧੁਨ।
ੲ) ਗੁਰਮਤਿ ਦੇ ਪੰਚ ਸ਼ਬਦ : ਗੁਰਮੰਤ੍ਰ (ਵਾਹਿਗੁਰੂ) ਦੀ ਅਨਹਦ ਧੁਨੀ।
6. ਪੰਚਾਮ੍ਰਿਤ : ਆਟਾ, ਮਿੱਠਾ, ਘਿਉ, ਪਾਣੀ, ਅਗਨੀ ਦੁਆਰਾ ਤਿਆਰ ਕੀਤਾ ਕੜ੍ਹਾਹ-ਪ੍ਰਸ਼ਾਦ।
ਖਾਂਡ, ਘ੍ਰਿਤ, ਚੂਨ, ਜਲ, ਪਾਵਕ, ਇਕਤ੍ਰ ਭਏ, ਪੰਚ ਮਿਲ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ। (ਭਾਈ ਗੁਰਦਾਸ ਜੀ)
ਪੰਜ ਇਸ਼ਨਾਨਾ : ਦੋ ਹੱਥ, ਦੋ ਪੈਰ ਤੇ ਇੱਕ ਮੂੰਹ ਦਾ ਧੋਣਾ (ਇਸ਼ਨਾਨ)।
8. ਪੰਜ ਸਰ (ਪਵਿੱਤਰ ਸਰੋਵਰ): ਅੰਮ੍ਰਿਤਸਰ, ਰਾਮ-ਸਰ, ਕੌਲ-ਸਰ, ਸੰਤੋਖ-ਸਰ, ਬਿਬੇਕ- ਸਰ।
9. ਪੰਜ ਤਖਤ: ਅਕਾਲ ਤਖਤ (ਅੰਮ੍ਰਿਤਸਰ), ਕੇਸ-ਗੜ੍ਹ, (ਅਨੰਦਪੁਰ ਸਾਹਿਬ), ਦਮਦਮਾ ਸਾਹਿਬ (ਤਲਵੰਡੀ ਸਾਬੋ), ਪਟਨਾ ਸਾਹਿਬ (ਬਿਹਾਰ), ਹਜ਼ੂਰ ਸਾਹਿਬ (ਨੰਦੇੜ)।
10. ਪੰਜ ਪਿਆਰੇ: ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ।
11. ਪੰਜ ਕਕਾਰ: ਕੱਛ (ਕਛਹਿਰਾ), ਕੜਾ, ਕ੍ਰਿਪਾਨ, ਕੰਘਾ, ਕੇਸਕੀ (ਛੋਟੀ ਦਸਤਾਰ)।
12. ਪੰਜ ਬਾਣੀਆਂ: ਜਪੁ, ਜਾਪੁ, ਸਵੱਯੇ (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ, ਅਨੰਦ ਸਾਹਿਬ।
("ਹਮਰੀ ਕਰੋ ਹਾਥ ਦੈ ਰੱਛਾ" ਤੋਂ ਲੈ ਕੇ "ਦੁਸ਼ਟ ਦੋਖ ਤੇ ਲੇਹੁ ਬਚਾਈ" ਤੱਕ)।



www.AKJ.Org

# ਖਾਲਸਾ ਅਕਾਲ ਪੁਰਖ ਕੀ ਫ਼ੌਜ

(ਪ੍ਰਿ. ਹਰਬੰਸ ਸਿੰਘ, ਲੁਧਿਆਣਾ)

ਖਾਲਸਾ ਅਕਾਲ ਪੁਰਖ ਕੀ ਫ਼ੌਜ, ੴ ਦੀ ਫ਼ੌਜ, ਸਤਿਨਾਮ ਵਾਲੇ ਕਰਤਾ ਪੁਰਖ, ਨਿਰਭਉ, ਨਿਰਵੈਰ ਅਕਾਲ ਮੂਰਤਿ, ਅਜੂਨੀ ਸੈਭੰ ਦੀ ਫ਼ੌਜ।

ਖਾਲਸਾ ਸ਼ਾਹਾਂ ਦੇ ਸ਼ਾਹ ਭੂਪਾਂ ਦੇ ਭੂਪ ਅਤੇ ਵੱਡਿਆਂ ਤੋਂ ਵੱਡੇ ਦੀ ਫ਼ੌਜ, ਖਾਲਸਾ ਉਸ ਦੀ ਫ਼ੌਜਜੋ ਬੇਅੰਤ ਹੈ, ਅਥਾਹ ਹੈ ਅਗਾਧ ਹੈ, ਤ੍ਰਿਮਾਨ (ਤਿੰਨ ਕਾਲ ਅਤੇ ਤਿੰਨੋਂ ਵਿਚ ਪੂਜਯ) ਹੈ, ਤ੍ਰਿਬਰਗ (ਤਿੰਨਾਂ ਗੁਣਾਂ - ਰਜ, ਤਮ, ਸਤ ਦਾ ਸਮੁਦਾਏ) ਹੈ ਅਤੇ ਸਰਬ ਸ਼ਕਤੀਮਾਨ ਹੈ। ਖਾਲਸਾ ਅਕਾਲ ਪੁਰਖ ਦੀ ਫ਼ੌਜ, ਅਕਾਲੀ ਫ਼ੌਜ, ਨਿਰਾਲੀ ਫ਼ੌਜ, ਖਾਲਸਿਆਂ ਦੀ ਫ਼ੌਜ, ਖਾਲਸ (ਸੱਚੇ ਸੁੱਚੇ) ਇਨਸਾਨਾਂ ਦੀ ਫ਼ੌਜ। ਖਾਲਸਾ ਸੰਤ ਸਿਪਾਹੀਆਂ ਦੀ ਫ਼ੌਜ, ਭਗਤੀ ਤੇ ਸ਼ਕਤੀ ਵਾਲੇ ਨਿਰਮਲ ਪੰਥੀਆਂ ਦੀ ਫ਼ੌਜ।

ਖਾਲਸਾ ਰਾਜ ਜੋਗੀਆਂ ਦੀ ਫ਼ੌਜ, ਮੀਰੀ ਪੀਰੀ ਵਾਲਿਆਂ ਦੀ ਫ਼ੌਜ, ਸੇਵਾਦਾਰਾਂ ਤੇ ਜਥੇਦਾਰਾਂ ਦੀ ਫ਼ੌਜ, ਦੂਲੇ ਸਰਦਾਰਾਂ ਦੀ ਫ਼ੌਜ। ਖਾਲਸਾ ਸਿਰਲੱਥ ਸੂਰਮਿਆਂ ਦੀ ਫ਼ੌਜ। ਸਰਬੰਸ ਦਾਨੀ "ਆਪੇ ਗੁਰ, ਆਪੇ ਚੇਲਾ", ਕਲਗੀਆਂ ਵਾਲੇ ਗੁਰੂ, ਮਰਦ ਅਗੰਮੜਾ ਸਿਪਹ-ਸਲਾਰ ਦੀ ਫ਼ੌਜ। ਖਾਲਸਾ ਨਿਸ਼ਕਾਮ ਸੇਵਕਾਂ, ਪਰਉਪਕਾਰੀ ਆਪਾ-ਵਾਰੂ ਮਰਜੀਵੜਿਆਂ ਦੀ ਫ਼ੌਜ, ਖਾਲਸਾ "ਸਤਿ" ਦੀ ਅਲਮਬਰਦਾਰ (ਝੰਡਾ ਉਠਾਉ) ਫ਼ੌਜ, ਸਤਿ ਦਾ ਰਾਜ ਸਥਾਪਤ ਕਰਨ ਅਤੇ ਜ਼ੁਲਮ ਜਬਰ ਦਾ ਨਿਸ਼ਾਨ ਮਿਟਾਣ ਵਾਲੀ ਫ਼ੌਜ, ਖਾਲਸਾ ਫ਼ੌਜ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗਜਾਉਣ ਵਾਲੀ ਅਥਵਾ "ਸਤਿ ਦੀ ਜੈ ਜੈਕਾਰ" ਬੁਲਾਉਣ ਵਾਲੀ ਫ਼ੌਜ।

ਖਾਲਸਾ ਫ਼ੌਜ ਦਾ ਸੁਪਰੀਮ ਕਮਾਂਡਰ ਖੁਦ ਆਪ ਸਰਬ-ਸ਼ਕਤੀਮਾਨ ਅਕਾਲ ਪੁਰਖ ਬਣਿਆ ਅਤੇ ਜਰਨੈਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਥਾਪਿਆ। ਅਕਾਲ ਪੁਰਖ ਨੇ ਆਪਣੇ ਮਰਦ-ਅਗੰਮੜੇ ਜਰਨੈਲ ਦੀ ਨਾਨਕ ਨਿਰਮਲ ਪੰਥ ਵਿਚੋਂ ਅਕਾਲੀ ਫ਼ੌਜ ਖੜ੍ਹੀ ਕਰਨ ਦੀ ਡਿਊਟੀ ਲਗਾਈ ਕਿਉਂ ਜੋ ਜਾਲਮ ਦਾ ਨਾਸ਼ ਕਰਨ ਵਾਸਤੇ ਅਤੇ "ਸਤਿ" ਦਾ ਰਾਜ ਬਹਾਲ ਕਰਨ ਵਾਸਤੇ ਅਜਿਹੀ ਫ਼ੌਜ ਦੀ ਲੋੜ ਸੀ। ਜਰਨੈਲ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਫ਼ੌਜ ਵਿਚ ਭਰਤੀ ਹੋਣ ਵਾਸਤੇ ਦੂਰ ਨੇੜੇ, ਦੇਸ਼ ਪ੍ਰਦੇਸ਼ ਵਿਚ ਖਬਰਾਂ ਕਰ ਦਿੱਤੀਆਂ। ਖਾਲਸਾ ਫ਼ੌਜ ਦਾ ਖੜ੍ਹਾ ਕਰਨ ਦਾ ਦਿਨ 1699 ਈਸਵੀ ਦੀ ਵੈਸਾਖੀ ਵਾਲੇ ਦਿਨ ਦੂਰੋਂ ਦੂਰੋਂ ਨਾਨਕ - ਨਿਰਮਲ ਪੰਥੀਏ ਅਨੰਦਪੁਰ ਸਾਹਿਬ ਇਕੱਠੇ ਹੋਏ। ਕੇਸਗੜ੍ਹ ਸਾਹਿਬ ਵੱਡਾ ਭਾਰੀ ਦੀਵਾਨ ਸਜਿਆ। ਦੀਵਾਨ ਦੇ ਲਾਗੇ ਇੱਕ ਤੰਬੂ ਲੱਗਿਆ ਹੋਇਆ ਸੀ, ਢਾਡੀ ਵਾਰਾਂ ਪੜ੍ਹ ਰਹੇ ਸਨ:

"ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ।" (ਮ: ੧)

ਦੀਵਾਨ ਵਿਚ ਆਉਣ ਵਾਲਿਆ ਦੇ ਕੰਨਾਂ ਵਿਚ ਸ਼ਬਦ ਗੂੰਜ ਰਹੇ ਸਨ:

ਪਹਿਲਾਂ ਮਰਣੁ ਕਬੂਲਿ,
ਜੀਵਨ ਕੀ ਛਡਿ ਆਸਿ।
ਹੋਹੁ ਸਭਨਾ ਕੀ ਰੇਣੁਕਾ,
ਤਉ ਆਉ ਹਮਾਰੈ ਪਾਸਿ। (ਸਲੋਕ ਮ: ੫)

ਸੂਰਮੇ ਆਪਣੇ ਘਰਾਂ ਤੋਂ ਖਾਲਸਾ ਫ਼ੌਜ ਵਿਚ ਭਰਤੀ ਹੋਣ ਵਾਸਤੇ ਆਏ ਹੋਏ ਸਨ। ਉਡੀਕ ਕਰ ਰਹੇ ਸਨ ਜਰਨੈਲ ਦੀ ਕਿ ਕਦੋਂ ਆਏ ਅਤੇ ਭਰਤੀ ਸ਼ੁਰੂ ਕਰੇ। ਅਕਾਲ ਪੁਰਖ ਵਲੋਂ ਲਗਾਈ ਡਿਊਟੀ ਨਿਭਾਉਣ ਲਈ ਗੁਰੂ ਸਾਹਿਬ ਦੀਵਾਨ ਵਿਚ ਆਏ ਪਰ ਅੱਜ ਉਹਨਾ ਦਾ ਰੰਗ ਅਸਾਧਾਰਨ ਸੀ। ਅੱਜ ਉਹਨਾਂ ਦੀ ਕਿਰਪਾਨ ਗਾਤਰੇ ਵਿਚ ਨਹੀਂ ਸੀ ਸਗੋਂ ਅਲਫ ਨੰਗੀ ਹੱਥ ਵਿਚ ਚੁੱਕੀ ਹੋਈ, ਪੀਲਾ ਚੋਲਾ, ਨੀਲੀ ਪੀਲੀ ਦੂਹਰੀ ਦਸਤਾਰ, ਖੰਡਾ ਚੱਕਰ, ਕਲਗੀ, ਸ਼ਸਤਰ ਆਦਿ ਸਜੇ ਹੋਏ, ਅੱਖਾਂ ਚੜ੍ਹੀਆਂ ਹੋਈਆਂ, ਚਿਹਰਾ ਸੂਰਜ ਵਾਂਗ ਦਗਦਗ ਕਰਦਾ। ਦੀਵਾਨ ਵਿਚ ਆਉਂਦਿਆਂ ਨੇ ਹੀ ਬੜੇ ਰੋਹਬ ਭਰੇ ਲਹਿਜੇ ਵਿਚ ਕਿਹਾ, "ਇੱਕ ਸਿਰ ਚਾਹੀਦਾ ਹੈ।" ਇਹ ਸੁਣ ਕੇ ਲੋਕਾਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਲੋਕੀਂ ਠਠੰਬਰ ਗਏ, ਦੀਵਾਨ ਵਿਚੋਂ ਕੋਈ ਉੱਤਰ ਨਾ ਮਿਲਿਆ। ਗੁਰੂ ਸਾਹਿਬ ਨੇ ਦੂਜੀ ਵਾਰ ਫ਼ਿਰ ਇਸੇ ਹੀ ਤਰ੍ਹਾਂ ਲਲਕਾਰ ਮਾਰੀ ਪਰ ਫ਼ਿਰ ਵੀ ਕੋਈ ਨਾ ਉਠਿਆਂ। ਜਦ ਤੀਜੀ ਵਾਰ ਗੁਰੂ ਸਾਹਿਬ ਨੇ ਸਿਰੀ ਸਾਹਿਬ ਹਿਲਾਉਂਦਿਆਂ ਬੜੇ ਹੀ ਰੋਹਬ ਵਿਚ ਆਖਿਆ, "ਮੈਨੂੰ ਇੱਕ ਸਿਰ ਦੀ ਲੋੜ ਹੈ, ਹੈ ਕੋਈ ਸਿੱਖ ਜੋ ਆਪਣਾ ਸੀਸ ਭੇਟ ਕਰੇ?" ਇਹ ਸੁਣਦੇ ਹੀ ਲਾਹੌਰ ਦਾ ਭਾਈ ਦਇਆ ਰਾਮ ਖੱਤਰੀ ਗਲ ਪੱਲਾ ਪਾ ਹੱਥ ਬੰਨ੍ਹ ਖਲੋ ਗਿਆ ਅਤੇ ਬੋਲਿਆ, "ਸੱਚੇ ਪਾਤਸ਼ਾਹ! ਜੇ ਦਾਸ ਦਾ ਸਿਰ ਆਪ ਦੇ ਲੇਖੇ ਲੱਗ ਜਾਵੇ ਤਾਂ ਧੰਨ ਭਾਗ ਸਮਝਾਗਾਂ, ਇਹ ਸੀਸ ਹਾਜ਼ਰ ਹੈ।" ਗੁਰੂ ਸਾਹਿਬ ਅਗਾਂਹ ਵਧੇ, ਭਾਈ ਦਇਆ ਰਾਮ ਨੂੰ ਬੜੇ ਰੋਹਬ ਨਾਲ ਬਾਹੋਂ ਪਕੜ ਕੇ ਨਾਲ ਦੇ ਤੰਬੂ ਵਿਚ ਲੈ ਗਏ। ਥੋੜ੍ਹੀ ਦੇਰ ਬਾਅਦ ਤੰਬੂ ਵਿਚ ਖੜੱਕ ਦੀ ਆਵਾਜ਼ ਆਈ: ਖ਼ੂਨ ਦਾ ਪਰਨਾਲਾ ਤੰਬੂ ਵਿਚੋਂ ਬਾਹਰ ਆਇਆ ਤੇ ਗੁਰੂ ਸਾਹਿਬ ਤੰਬੂ ਵਿਚੋਂ ਖ਼ੂਨ ਨਾਲ ਲਿਬੜੀ ਹੋਈ ਸਿਰੀ ਸਾਹਿਬ ਹੱਥ ਫ਼ੜੀ ਫਿਰ ਦੀਵਾਨ ਵਿਚ ਆ ਗਏ। ਦੀਵਾਨ ਵਿਚ ਆ ਕੇ ਗੁਰੂ ਸਾਹਿਬ ਨੇ ਫਿਰ ਇੱਕ ਸਿਰ ਦੀ ਮੰਗ ਕੀਤੀ। ਡਰਾਕਲ ਅਤੇ ਕੜਾਹ ਖਾਣੇ ਤਾਂ ਖਿਸਕਣੇ ਸ਼ੁਰੂ ਹੋ ਗਏ ਪਰ ਪ੍ਰੇਮ ਦੇ ਪੁਤਲੇ ਗੁਰੂ ਦੀ ਸ਼ਰਣ ਬੈਠੇ ਰਹੇ। ਇਸ ਵਾਰ ਹਸਤਨਾਪੁਰ ਦੇ ਧਰਮ ਦਾਸ ਨੇ ਆਪਣਾ ਸੀਸ ਭੇਟ ਕੀਤਾ। ਗੁਰੂ ਸਾਹਿਬ ਉਸਨੂੰ ਭੀ ਉਸੇ ਹੀ ਤੰਬੂ ਵਿਚ ਲੈ ਗਏ ਜਿੱਥੇ ਪਹਿਲਾਂ ਭਾਈ ਦਇਆ ਰਾਮ ਨੂੰ ਲੈ ਗਏ ਸੀ। ਤੰਬੂ ਅੰਦਰ ਪਹਿਲੇ ਵਾਲਾ ਹੀ ਕੌਤਕ ਵਰਤਿਆ-ਕਿਰਪਾਨ ਦੇ ਵਾਰ ਦੀ ਖੜੱਕ ਕਰਨ ਦੀ ਆਵਾਜ਼ ਆਈ ਅਤੇ ਖ਼ੂਨ ਤੰਬੂ ਵਿਚੋਂ ਬਾਹਰ ਵਹਿ ਤੁਰਿਆ। ਗੁਰੂ ਸਾਹਿਬ ਖ਼ੂਨ ਨਾਲ ਲਿਬੜੀ ਹੋਈ ਸਿਰੀ ਸਾਹਿਬ ਲੈ ਕੇ ਉਸੇ ਹੀ ਰੋਹਬ ਵਿਚ ਫਿਰ ਦੀਵਾਨ ਵਿਚ ਆਏ ਅਤੇ ਇੱਕ ਹੋਰ ਸੀਸ ਦੀ ਮੰਗ ਕੀਤੀ। ਇਸੇ ਹੀ ਤਰ੍ਹਾਂ ਉਹਨਾਂ ਨੇ ਇੱਕ ਇੱਕ ਕਰਕੇ ਕੁੱਲ ਪੰਜ ਸੀਸ ਮੰਗੇ। ਕੁਰਬਾਨੀ ਦਿਆਂ ਪੁਤਲਿਆਂ ਭਾਈ ਦਇਆ ਰਾਮ ਅਤੇ ਭਾਈ ਧਰਮ ਦਾਸ ਤੋਂ ਬਾਅਦ ਗੁਜਰਾਤ ਦੀ ਦਵਾਰਕਾ ਨਗਰੀ ਦੇ ਭਾਈ ਮੋਹਕਮ ਚੰਦ, ਜਗਨ ਨਾਥ ਪੁਰੀ ਦੇ ਭਾਈ



www.AKJ.Org

ਹਿੰਮਤ ਚੰਦ ਅਤੇ ਬਿਦਰ ਦੇ ਭਾਈ ਸਾਹਿਬ ਚੰਦ ਨੇ ਵਾਰੋ ਵਾਰੀ ਆਪਣੇ ਸੀਸ ਭੇਟ ਕੀਤੇ। ਆਪਣਾ ਆਪ ਗੁਰੂ ਦੇ ਹਵਾਲੇ ਕਰਕੇ ਅਕਾਲੀ ਫ਼ੌਜ ਦੇ ਪਹਿਲੇ ਪੰਜ ਫ਼ੌਜੀਆਂ ਵਿਚ ਗਿਣੇ ਗਏ, ਉਹ ਆਪਣੀ ਅਦੁੱਤੀ ਕੁਰਬਾਨੀ ਅਤੇ ਆਪਾ-ਅਰਪਨ ਸਦਕਾ ਗੁਰੂ ਨੂੰ ਭਾ ਗਏ ਅਤੇ ਪਿਆਰੇ ਲੱਗਣ ਕਾਰਨ "ਪਿਆਰੇ" ਕਹਿਲਾਏ।

ਦੀਵਾਨ ਦੇ ਲਾਗਲੇ ਤੰਬੂ ਵਿਚ ਅਕਾਲੀ ਫ਼ੌਜ ਦੀ ਭਰਤੀ ਸ਼ੁਰੂ ਹੋਈ। ਭਰਤੀ ਹੋਣ ਵਾਲਿਆਂ ਨੂੰ ਪੀਲੇ ਪੁਸ਼ਾਕਿਆਂ ਵਾਲੀ ਫ਼ੌਜ ਦੀ ਵਰਦੀ ਦਿੱਤੀ ਗਈ। ਉਹੀ ਵਰਦੀ ਜਿਹੜੀ ਉਸ ਦਿਨ ਗੁਰੂ ਗੋਬਿੰਦ ਸਿੰਘ ਜੀ ਆਪ ਪਹਿਨ ਕੇ ਆਏ ਸਨ। ਸਿਰ ਦੂਹਰੀ ਪੀਲੀ ਅਤੇ ਸੁਰਮਈ ਦਸਤਾਰ, ਗਾਤਰੇ ਕਿਰਪਾਨ, ਹੱਥ ਕੜਾ, ਕੇਸਾਂ ਵਿਚ ਕੰਘਾ ਅਤੇ ਤੇੜ ਕਛਹਿਰਾ। ਰੇਬਦਾਰ ਕਛਹਿਰਾ ਜਤ ਦਾ ਧਾਰਨੀ ਹੋਣ ਵਾਸਤੇ, ਕੰਘਾ ਕੇਸਾਂ ਦੀ ਸਫ਼ਾਈ ਵਾਸਤੇ, ਛੋਟੀ ਦਸਤਾਰ (ਕੇਸਕੀ) ਵੱਡੀ ਦਸਤਾਰ ਨੂੰ ਵਾਲਾਂ ਦੀ ਬੰਧਿਆਈ ਅਤੇ ਹਰ ਸਮੇਂ ਕੇਸਾਂ ਨੂੰ ਮਿੱਟੀ ਘੱਟੇ ਤੋਂ ਬਚਾਉਣ ਲਈ, ਕੜਾ ਹੱਥ ਦਾ ਕੰਗਣ ਹਰ ਵੇਲੇ ਚਿਤਾਵਨੀ ਦੇਣ ਲਈ ਤਾਂ ਜੋ ਹੱਥ ਬੁਰੇ ਕੰਮ ਨੂੰ ਨਾ ਉਠੇ, ਕਿਰਪਾਨ ਸਵੈ-ਰੱਖਿਆ ਅਤੇ ਜ਼ੁਲਮ ਦਾ ਨਾਸ ਕਰਨ ਲਈ। ਨਵੇਂ ਭਰਤੀ ਹੋਏ ਜਵਾਨਾਂ ਨੂੰ ਹੁਕਮ ਹੋਇਆ ਕਿ ਸਾਬਤ ਸੂਰਤ ਅਤੇ ਸਿਰ ਦਸਤਾਰ ਰੱਖਣੀ, ਸਰੀਰ ਦੇ ਰੋਮ ਨਹੀਂ ਉਤਾਰਨੇ: ਪਰ-ਇਸਤਰੀ ਜਾਂ ਪਰ-ਪੁਰਸ਼ ਨਾਲ ਸੰਗ ਨਹੀਂ ਕਰਨਾ, ਤਬਾਕੂ ਨਹੀਂ ਵਰਤਣਾ ਅਤੇ ਕੁੱਠਾ ਨਹੀ ਖਾਣਾ, ਨਾਮ ਜੱਪਣਾ, ਵੰਡ ਛਕਣਾ ਅਤੇ ਧਰਮ ਦੀ ਕਿਰਤ ਕਰਨੀ, ਰਹਿਤ ਬਹਿਤ ਵਿਚ ਪੱਕੇ ਰਹਿਣਾ ਅਤੇ ਕੁਰਹਿੱਤਾਂ ਤੋਂ ਬਚਣਾ, ਖਾਲਸ ਅਰ ਸਚਿਆਰੇ ਰਹਿਣਾ ਅਤੇ ਪਰਉਪਕਾਰੀ ਜੀਵਨ ਰੱਖਣਾ।

ਅਕਾਲੀ ਫ਼ੌਜ ਹੋਣ ਦੀ ਰਸਮ "ਪਾਹੁਲ ਜਾਂ ਅੰਮ੍ਰਿਤ ਛੱਕਣ" ਦੇ ਨਾਂ ਨਾਲ ਮਸ਼ਹੂਰ ਹੋਈ। ਜਿਹੜਾ ਭੀ ਕੋਈ ਖਾਲਸਾ ਫ਼ੌਜ ਦਾ ਮੈਂਬਰ ਬਣਨਾ ਚਾਹੁੰਦਾ ਉਹ ਆਪਣੇ ਪੰਜੇ ਕਕਾਰ ਧਾਰਨ ਕਰਕੇ ਅਤੇ ਇਸ਼ਨਾਨ ਕਰਕੇ ਗੁਰੂ ਦੇ ਦਰਬਾਰ ਪੰਜਾਂ ਪਿਆਰਿਆਂ ਦੇ ਜਾ ਪੇਸ਼ ਹੁੰਦਾ। ਜੇ ਫਿੱਟ ਅਥਵਾ ਯੋਗ ਸਮਝਿਆਂ ਜਾਂਦਾ ਤਾਂ ਜਹਾਜ਼ੇ ਚੜ੍ਹ ਜਾਂਦਾ, ਨਹੀਂ ਤਾਂ ਉਸਨੂੰ ਆਪਣੀਆਂ ਊਣਤਾਈਆਂ ਪੂਰੀਆਂ ਕਰਨ ਵਾਸਤੇ ਚਿਤਾਵਨੀ ਮਿਲ ਜਾਂਦੀ।

ਖਾਲਸਾ ਫ਼ੌਜ ਵਿਚ ਭਰਤੀ ਹੋਣ ਤੇ ਮਰਦਾਂ ਦੇ ਨਾਮ "ਸਿੰਘ" ਅਤੇ ਇਸਤਰੀਆਂ ਦੇ ਨਾਮ "ਕੌਰ" ਕਰਕੇ ਬੁਲਾਏ ਜਾਂਦੇ। ਖਾਲਸਾ ਫ਼ੌਜ ਵਿਚ ਭਰਤੀ ਹੋ ਕੇ ਪਹਿਲੇ ਮਰਜੀਵੜੇ ਸਿੱਖ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਕਹਿਲਾਏ। ਉਹਨਾਂ ਦੇ ਪਿਛਲੇ ਜਾਤ-ਗੋਤ ਖਤਮ ਹੋ ਗਏ ਅਤੇ ਅਕਾਲੀ ਫ਼ੌਜ ਦੇ ਸੂਰਮੇ ਸਿੰਘ, ਖਾਲਸਾ ਬਣ ਗਏ।

ਖਾਲਸੇ ਨੂੰ ਅਕਾਲੀ ਫ਼ੌਜ ਵਿਚ ਭਰਤੀ ਹੋਣ ਸਮੇਂ ਦੋ ਚੀਜ਼ਾ ਗੁਰੂ ਦੇ ਦੁਆਰਿਓ ਪ੍ਰਾਪਤ ਹੋਈਆਂ:

(ੳ) ਪੰਜ ਕਕਾਰ- ਖਾਲਸਾ ਵਰਦੀ ਦੇ ਮੁੱਖ ਚਿੰਨ੍ਹ

(ਅ) ਅੰਮ੍ਰਿਤ ਨਾਮ- ਜੀਵਨ ਧੁਰ।

ਕਕਾਰ ਧਾਰਨ ਕਰਕੇ ਗੁਰੂ ਦਾ ਸਿੱਖ ਫ਼ੌਜੀ ਵਰਦੀ ਵਿਚ ਆ ਗਿਆ ਅਤੇ ਬਾਕੀਆਂ ਨਾਲੋਂ ਵਿਲੱਖਣ ਭਾਸਣ ਲੱਗਾ। ਖਾਲਸਾ ਇੱਕ ਦਮ ਪਹਿਚਾਣਿਆਂ ਜਾਂਦਾ ਇਹਨਾਂ ਕਕਾਰਾਂ ਸਦਕਾ। ਜੇ ਕਦੇ ਕੋਈ ਆਪਣੇ ਆਚਰਣ ਤੋਂ ਗਿਰਿਆ ਹੋਇਆ ਕੰਮ ਕਰਨਾ ਸੋਚਦਾ ਤਾਂ ਉਸਦੇ ਕਕਾਰ ਇੱਕਦਮ ਹੁਸ਼ਿਆਰ, ਖਬਰਦਾਰ ਰਹਿਣ ਲਈ ਚੇਤੰਨ ਕਰ ਦਿੰਦੇ ਅਤੇ ਇਸ ਤਰ੍ਹਾਂ ਉਹ ਮਾੜਾ ਕੰਮ ਕਰਨੋ ਸ਼ਰਮਾ ਜਾਂਦਾ। ਸਿੱਖੀ ਆਚਰਨ ਨੂੰ ਕਾਇਮ ਰੱਖਣ ਲਈ ਕਕਾਰ ਪਹਿਰੇਦਾਰ ਦਾ ਕੰਮ ਦਿੰਦੇ ਅਤੇ ਗੁਰੂ ਕੇ ਸਿੱਖਾਂ ਨੂੰ ਉਪਾਧੀਆਂ, ਬਿਆਧੀਆਂ, ਤੋਂ ਬਚਾਈ ਰੱਖਦੇ।

ਅੰਮ੍ਰਿਤ ਦੇ ਮੂੰਹ ਵਿਚ ਪੈਣ ਨਾਲ ਗੁਰਮੰਤ੍ਰ ਹਿਰਦੇ ਵਿਚ ਵਸ ਗਿਆ ਅਤੇ ਲਿਵ ਅਕਾਲ ਪੁਰਖ ਨਾਲ ਲੱਗ ਗਈ, ਆਤਮਾ ਨੂੰ ਪਰਮ-ਆਤਮਾ (ਪਰਮਾਤਮਾ) ਨਾਲ ਜੋੜਨ ਦਾ ਸਾਧਨ ਬਣ ਗਿਆ। ਸੱਚਖੰਡ ਦੇ ਅਨੰਦਮਈ ਅਨਹਦ ਸੋਹਿਲੇ ਸੁਣਨ ਦਾ ਅਵਸਰ ਮਿਲ ਗਿਆ, ਵਿਸ਼ੇ ਵਿਕਾਰਾਂ ਦੇ ਸਵਾਦਾਂ ਨਾਲੋਂ ਕਈ ਕਰੋੜ ਗੁਣਾਂ ਵੱਧ ਅਨੰਦ ਵਾਲਾ ਰਸ ਮਾਨਣ ਦਾ ਮੌਕਾ ਮਿਲ ਗਿਆ। ਹਰ ਵੇਲੇ ਅਨੰਦੋ ਅਨੰਦ ਅਤੇ ਚੜ੍ਹਦੀ ਕਲਾ ਵਿਚ ਰਹਿਣ ਦੀ ਕੁੰਜੀ ਮਿਲ ਗਈ।

ਅਕਾਲੀ ਫ਼ੌਜ ਦੇ ਸਿਪਾਹੀ "ਖਾਲਸਾ" ਦੀ ਪਰਖ ਵਾਸਤੇ ਇਹ ਕਸਵੱਟੀ ਨਿਰਧਾਰਤ ਕੀਤੀ ਗਈ:

"ਜਾਗਤਿ ਜੋਤ ਜਪੈ ਨਿਸਬਾਸਰ
ਏਕ ਬਿਨਾਂ ਮਤ ਨੈਕ ਨ ਆਨੈ,
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ
ਗੌਰ ਮੜ੍ਹੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਯਾ ਤਪ ਸੰਯਮ,
ਏਕ ਬਿਨਾ ਨਹਿ ਏਕ ਪਛਾਨੈ,
ਪੂਰਨ ਜੋਤਿ ਜਗੈ ਘਟ ਮੈਂ,
ਤਬ ਖਾਲਸਾ ਤਾਹਿ ਨਖਾਲਸ ਜਾਨੈ।1। (੩੩ ਸ੍ਵੈਯੇ ੫੧੦)

ਖਾਲਸਾ ਅਕਾਲ ਪੁਰਖ ਨੂੰ ਦਿਨ ਰਾਤ ਸਿਮਰੇ, ਇੱਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਨੂੰ ਜਰਾ ਜਿੰਨਾ ਭੀ ਧਿਆਨ ਵਿਚ ਨਾ ਲਿਆਵੇ, ਆਪਣੇ ਆਪ ਨੂੰ ਅਕਾਲ ਪੁਰਖ ਦੇ ਪ੍ਰੇਮ ਵਿਚ ਦ੍ਰਿੜ੍ਹ ਨਿਸ਼ਚੇ ਨਾਲ ਲੀਨ ਹੋਵੇ। ਸੰਜਮੀ ਬ੍ਰਤ, ਕਬਰਾਂ, ਮਸਾਣਾਂ, ਮੱਠਾ ਨੂੰ ਕਦੇ ਭੁੱਲ ਕੇ ਵੀ ਨਾ ਮੰਨੇ। ਤੀਰਥਾਂ ਦਾ ਇਸ਼ਨਾਨ, ਦਾਨ ਪੁੰਨ ਕਰਨਾ, ਦਇਆ ਪਾਲਣੀ, ਤਪੱਸਿਆ ਕਰਨੀ, ਧਰਮ ਦੇ ਨਿਯਮ ਪਾਲਣ ਦੇ ਯਤਨ ਆਦਿਕ ਕਰਮ ਕਰਨੇ, ਇਕ ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਇਹਨਾ ਕਰਮਾਂ ਨੂੰ ਨਾ ਪਛਾਣੇ ਅਥਵਾ ਤੁੱਛ ਸਮਝੇ, ਜਦ ਸਿਮਰਨ ਦੁਆਰਾ ਸੁਰਤਿ ਸ਼ਬਦ ਦੇ ਮੇਲ ਨਾਲ ਅਕਾਲ ਪੁਰਖ ਦੀ ਜੋਤ (ਪ੍ਰਕਾਸ਼) ਮਨ ਅੰਦਰ ਜਗਮਗਾ ਉੱਠੇ ਤਦ ਗੁਰਸਿੱਖ (ਖਾਲਸਾ) ਅਤਿਅੰਤ ਖਾਲਸ ਹੋਇਆ ਸਮਝੋ।

ਖਾਲਸੇ ਨੂੰ ਹੁਕਮ ਹੋਇਆ ਕਿ ਇੱਕ ਅਕਾਲ ਪੁਰਖ ਤੋਂ ਛੁੱਟ ਹੋਰ ਕਿਸੇ ਮੜ੍ਹੀ ਮਸਾਣੀ ਨੂੰ ਨਹੀਂ ਮੰਨਣਾ ਸਗੋਂ ਅਕਾਲ ਪੁਰਖ ਦੀ ਜੋਤ ਨੂੰ ਆਪਣੇ ਹਿਰਦੇ ਅੰਦਰ ਲਟਲਟ ਜਗਾਉਣਾ,

"ਪੂਰਨ ਜੋਤਿ ਜਗੈ ਘਟ ਮੈਂ,
ਤਬ ਖਾਲਸ ਤਾਹਿ ਨਖਾਲਸ ਜਾਨੈ।'

ਅਤੇ ਭਰਮ ਭੇਖਾਂ ਵਿਚ ਨਹੀਂ ਪੈਣਾ:- (ਬਾਕੀ ਪੰਨਾ ੨੪ ਤੇ)



www.AKJ.Org

## ਖਾਲਸਾ, ਕਾਜ਼ੀ ਨੂਰ ਮੁਹੰਮਦ ਦੀਆਂ ਨਜ਼ਰਾਂ ਵਿੱਚ

ਕਾਜ਼ੀ ਨੂਰ ਮੁਹੰਮਦ ਫ਼ਾਰਸੀ ਦਾ ਸ਼ਾਇਰ ਸੀ। 1765 ਈਸਵੀ ਵਿੱਚ ਅਹਿਮਦ ਸ਼ਾਹ ਦੁਰਾਨੀ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਪੰਜਾਬ ਤੇ ਚੜ੍ਹ ਆਇਆ। ਕਲਾਤ ਦਾ ਨਵਾਬ ਨਸੀਰ ਖਾਂ ਉਸ ਦਾ ਮਦਦਗਾਰ ਬਣ ਕੇ ਨਾਲ ਆਇਆ। ਨਵਾਬ ਕਾਜ਼ੀ ਨੂਰ ਮੁਹੰਮਦ ਨੂੰ ਆਪਣੇ ਨਾਲ ਲਿਆਇਆ ਤਾਂ ਜੋ ਉਸ ਨੂੰ ਸਿੰਘਾਂ ਵਿਰੁਧ ਲੜਦੇ ਤੇ ਉਸ ਦੀ ਬਹਾਦਰੀ ਦੇ ਜੌਹਰ ਦੇਖ ਕੇ ਕਾਜ਼ੀ ਉਸ ਦਾ ਜੰਗ ਨਾਮਾ ਲਿਖੇ। ਕਾਜ਼ੀ ਨੂਰ ਮੁਹੰਮਦ ਦੇ ਦਿਲ ਵਿੱਚ ਸਿੰਘਾਂ ਪ੍ਰਤੀ ਬਹੁਤ ਨਫ਼ਰਤ ਸੀ। ਉਹ ਸਿੰਘਾਂ ਨੂੰ ਸੱਗ (ਕੁੱਤ), ਰੂ-ਸਿਆਹ (ਕਾਲੇ ਮੂੰਹ ਵਾਲੇ), ਖੂਕ ਖੋਰ ਖੰਜ਼ੀਰ (ਸੂਰ ਤੇ ਸੂਰ ਖਾਣੇ), ਬਦ-ਸਰਿਸ਼ਤ (ਭੈੜੀ ਖੋ ਵਾਲੇ), ਬਦ-ਰਗ (ਭੈੜੇ), ਜ਼ਿਸ਼ਤ ਰੂਹ (ਬੁਰੇ ਮੂੰਹ ਵਾਲੇ), ਕਾਫ਼ਰ ਨਜਸ (ਗੰਦੇ), ਪਲੀਦ (ਨਾਪਾਕ) ਆਦਿ ਕਹਿੰਦਾ ਸੀ। ਪਰ ਜਦੋਂ ਕਾਜ਼ੀ ਨੇ ਸਿੰਘਾਂ ਨੂੰ ਦੁਰਾਨੀਆਂ ਤੇ ਬਲੋਚਾਂ ਨਾਲ ਲੜਦੇ ਉਹਨਾਂ ਦੀ ਬਹਾਦਰੀ ਦੇ ਜੌਹਰ ਦੇਖੇ ਤਾਂ ਉਸ ਦੀਆਂ ਅੱਖਾਂ ਖੁੱਲ੍ਹ ਗਈਆਂ। ਜਿਹੜਾ ਕਾਜ਼ੀ ਸਿੰਘਾਂ ਨੂੰ ਗਾਲ੍ਹਾਂ ਕੱਢਦਾ ਨਹੀਂ ਸੀ ਥੱਕਦਾ, ਹੁਣ ਉਹ ਸਿਫ਼ਤਾਂ ਕਰਦਾ ਨਹੀਂ ਸੀ ਅੱਕਦਾ। ਆਪਣੇ ਲਿਖੇ ਜੰਗ-ਨਾਮੇ ਵਿਚ ਉਹ ਬਲੋਚਾਂ ਅਤੇ ਅਫ਼ਗਾਨਾਂ ਦੀਆਂ ਆਉਣ ਵਾਲੀਆਂ ਨਸਲਾਂ ਨੂੰ ਸਿੰਘਾਂ ਕੋਲੋਂ ਗੁਣ ਸਿੱਖਣ ਤੇ ਉਹਨਾਂ ਕੋਲੋਂ ਬਚ ਕੇ ਰਹਿਣ ਬਾਬਤ ਇਉਂ ਕਹਿੰਦਾਂ ਹੈ-

ਸੱਗਾਂ (ਕੁੱਤਿਆਂ) ਭਾਵ ਸਿੰਘਾਂ ਨੂੰ "ਸੱਗ " ਨਾ ਕਹੋ ਕਿਉਂ ਕਿ ਇਹ ਵਾਕਈ ਸ਼ੇਰ ਹਨ ਅਤੇ ਸੂਰਮਗਤੀ ਦੇ ਮੈਦਾਨ ਵਿਚ ਸ਼ੇਰਾਂ ਵਾਂਗੂੰ ਹੀ ਦਲੇਰ ਹਨ। ਰਣ-ਤੱਤੇ ਦਾ ਉਹ ਸੂਰਮਾ ਜੋ ਜੰਗ ਵਿਚ ਬੁੱਕੇ ਤੇ ਗੱਜੇ ਉਹ ਕਿਵੇਂ " ਸੱਗ " ਹੋ ਸਕਦਾ ਹੈ?

ਜੇ ਤੈਨੂੰ ਲੜਾਈ ਦਾ ਹੁਨਰ ਸਿੱਖਣ ਦੀ ਇੱਛਾ ਹੈ ਤਾਂ ਜੰਗ ਦੇ ਮੈਦਾਨ ਵਿੱਚ ਇਨ੍ਹਾਂ ਦੇ ਸਾਹਮਣੇ ਹੋ, ਉਹ ਤੈਨੂੰ ਲੜਾਈ ਦੇ ਅਜੇਹੇ ਢੰਗ ਸਿਖਾਉਣਗੇ ਕਿ ਸਾਰੇ ਵਾਹ ਵਾਹ ਪਏ ਕਹਿਣਗੇ

ਐ ਤਲਵਾਰ-ਧਾਰੀ ਸੂਰਮੇ। ਜੇ ਤੇਰੇ ਵਿੱਚ ਲੜਾਈ ਸਿੱਖਣ ਦੀ ਚਾਹ ਹੈ ਤਾਂ ਇਹਨਾਂ ਪਾਸੋਂ ਸਿਖ ਕਿ ਕਿਵੇਂ ਸੂਰਬੀਰਾਂ ਵਾਂਗ ਵੈਰੀ ਦੇ ਸਨਮੁਖ ਹੋਣਾ ਚਾਹੀਦਾ ਹੈ, ਆਪਾਣਾ ਕੰਮ ਕਰ ਕੇ ਤੇ ਲੜਾਈ ਵਿੱਚੋਂ ਕਿਵੇਂ ਆਪਣੇ ਆਪ ਨੂੰ ਵੈਰੀ ਤੋਂ ਸਾਫ਼ ਬਚਾ ਲਈਦਾ ਹੈ। "ਸਿੰਘ" ਸ਼ਬਦ ਬਾਰੇ ਸਮਝ ਲੈ ਕਿ ਇਹ ਇਨ੍ਹਾਂ ਦਾ ਲ਼ਕਬ (ਉਪ-ਨਾਮ) ਹੈ। ਇਹ ਨਿਆਉਂ ਤੋਂ ਦੂਰ ਦੀ ਗੱਲ ਹੈ ਭਾਵ ਇਹ ਇਨਸਾਫ਼ ਦੀ ਗੱਲ ਨਹੀਂ ਕਿ ਇਸ ਸ਼ਬਦ (ਸਿੰਘ) ਨੂੰ ਸੱਗ (ਕੁੱਤਾ) ਪੜ੍ਹਿਆ ਜਾਏ।

ਐ ਨੌਜਵਾਨ. । ਜੇ ਤੈਨੂੰ ਹਿੰਦੀ ਬੋਲੀ ਦੀ ਵਾਕਫ਼ੀ ਨਹੀਂ ਤਾਂ ਸੁਣ , "ਸਿੰਘ" ਦੇ ਅਰਥ "ਸ਼ੇਰ" ਹਨ। ਲੜਾਈ ਸਮੇਂ ਤਾਂ ਇਹ ਸੱਚ-ਮੁੱਚ ਹੀ ਸ਼ੇਰ ਹੁੰਦੇ ਹਨ ਤੇ ਮੌਜ ਮੇਲੇ ਸਮੇਂ ਹਾਤਮ (ਅਫ਼ਸਰ) ਤੋਂ ਵੀ ਵੱਧ ਹੁੰਦੇ ਹਨ। ਜਦ ਇਹ ਹੱਥ ਵਿੱਚ ਹਿੰਦੋਸਤਾਨ ਦੀ ਬਣੀ ਤੇਗ ਫੜ ਲੈਂਦੇ ਹਨ ਤਾਂ ਹਿੰਦ ਤੇ ਸਿੰਧ ਦੇਸ਼ ਤੱਕ ਮਾਰਦੇ ਲਿਤਾੜਦੇ ਚਲੇ ਜਾਂਦੇ ਹਨ। ਕੋਈ ਆਦਮੀ ਇੰਨ੍ਹਾਂ ਦੇ ਸਾਹਮਣੇ ਅੜ ਨਹੀਂ ਸਕਦਾ ਭਾਵੇਂ ਉਹ ਕਿੱਡਾ ਵੀ ਬਲਵਾਨ ਸੂਰਮਾ ਕਿਉਂ ਨਾ ਹੋਵੇ। ਜਦ ਇਹ ਹੱਥਾਂ ਵਿੱਚ ਨੇਜ਼ੇ ਫੜ ਲੈਂਦੇ ਹਨ ਤਾਂ ਦੁਸ਼ਮਣ ਦੀ ਫੌਜ ਵਿਚ ਭਾਜੜਾਂ ਪਾ ਦਿੰਦੇ ਹਨ। ਜਦ ਉਹ ਨੇਜ਼ੇ ਦਾ ਸਿਰਾ ਅਸਮਾਨ ਵਲ ਚੁੱਕਦੇ ਹਨ ਤਾਂ ਜੇ ਕਾਫ਼ ਪਹਾੜ (ਕੋਹ ਕਾਫ਼) ਵੀ ਹੋਵੇ ਤਾਂ ਉਸ ਨੂੰ ਵੀ ਚੀਰ ਫਾੜ ਦਿੰਦੇ ਹਨ।

ਜਦ ਇਹ ਤਾਸਕੰਦ ਦੀ ਬਣੀ ਮਜ਼ਬੂਤ ਕਮਾਨ ਤੇ ਚਿੱਲਾ ਚੜ੍ਹਾਉਂਦੇ ਹਨ ਅਤੇ ਵੈਰੀ ਦੀ ਜਾਨ ਕੱਢ ਲੈਣ ਵਾਲਾ ਤੀਰ ਉਸ ਵਿਚ ਜੋੜ ਲੈਂਦੇ ਹਨ , ਤੇ ਜਦ ਉਨ੍ਹਾਂ ਦੀ ਕਮਾਨ ਦਾ ਚਿੱਲਾ (ਖਿਚਿਆ ਹੋਇਆ ਤੀਰ ਤੇ ਖਿਚੀ ਹੋਈ ਤੰਦ) ਕੰਨ ਤੱਕ ਪੁਜਦਾ ਹੈ ਤਾਂ ਦੁਸ਼ਮਣ ਦਾ ਸਰੀਰ ਕੰਬਣ ਲੱਗ ਜਾਂਦਾ ਹੈ। ਜਦ ਇੰਨ੍ਹਾਂ ਦਾ ਸਫਾ-ਜੰਗ (ਟਾਕੂਆ) ਜ਼ਰ੍ਹਾ ਬਕਤਰ (ਸੰਜੋਅ) ਉੱਤੇ ਵਜਦਾ ਹੈ ਤਾਂ ਦੁਸ਼ਮਣ ਦੇ ਸਰੀਰ ਦਾ ਜ਼ਰ੍ਹਾ ਬਕਤਰ ਉਸ ਦਾ ਕੱਫਣ ਬਣ ਜਾਂਦਾ ਹੈ । ਸਰੀਰ ਪਖੋਂ ਇੰਨ੍ਹਾਂ ਚੋਂ ਹਰ ਇਕ ਪਹਾੜ ਦਾ ਇੱਕ ਟੁਕੜਾ ਹੈ, ਰੁਆਬ-ਦਾਬ ਵਿਚ ਹਰ ਕੋਈ ਪੰਜਾਹ ਮਨੁੱਖਾਂ ਤੋਂ ਵੀ ਵੱਧ ਹੈ। ਜਿਹੜਾ ਬਹਿਰਾਮ-ਗੋਰ ਜੰਗਲੀ ਗਧਿਆਂ ਨੂੰ ਸ਼ਿਕਾਰ ਕਰ ਕੇ ਮਾਰ ਲੈਂਦਾ ਸੀ ਅਤੇ ਸ਼ੇਰਾਂ ਨੂੰ ਪੈ ਕੇ ਉਨ੍ਹਾਂ ਦੀਆਂ ਚੀਕਾਂ ਕਢਾ ਛੱਡਦਾ ਸੀ, ਜੇ ਉਹ ਬਹਿਰਾਮ ਗੋਰ ਇਨ੍ਹਾਂ ਦੇ ਸਾਹਮਣੇ ਹੋ ਜਾਏ ਤਾਂ ਉਹ ਵੀ ਇੰਨ੍ਹਾਂ ਅੱਗੇ ਸਿਰ ਝੁਕਾ ਦੇਵੇਗਾ।

ਇਹ ਲੜਾਈ ਵੇਲੇ ਹਥਿਆਰ ਛੱਡ ਕੇ ਜਦ ਬੰਦੂਕ ਹੱਥਾਂ ਵਿਚ ਲੈਂਦੇ ਹਨ ਤਾਂ ਸ਼ੇਰਾਂ ਵਾਂਗ ਬੁੱਕਦੇ, ਨਾਹਰੇ ਮਾਰਦੇ, ਛਾਲਾਂ ਮਾਰਦੇ ਮੈਦਾਨ ਵਿਚ ਆਣ ਨਿਤਰਦੇ ਹਨ, ਕਈਆਂ ਦੀਆਂ ਛਾਤੀਆਂ ਪਾੜ ਦਿੰਦੇ ਹਨ ਅਤੇ ਅਨੇਕਾਂ ਦਾ ਖ਼ੂਨ ਮਿੱਟੀ ਵਿਚ ਮਿਲਾ ਦਿੰਦੇ ਹਨ, ਤੂੰ ਇਉਂ ਕਹਿ ਕਿ ਇਹ ਬੰਦੂਕ ਪੁਰਾਣੇ ਸਮੇਂ ਵਿਚ ਇਨ੍ਹਾਂ ਸੱਗਾਂ ਦੀ ਕਾਢ ਕੱਢੀ ਹੋਈ ਹੈ, ਲੁਕਮਾਨ ਹਕੀਮ ਦੀ ਨਹੀਂ। ਬੰਦੂਕਚੀ ਤਾਂ ਭਾਵੇਂ ਹੋਰ ਵੀ ਬਥੇਰੇ ਹਨ ਪਰ ਇਸ ਦੇ ਚਲਾਉਣ ਦਾ ਹੁਨਰ ਇਨ੍ਹਾਂ ਨਾਲੋਂ ਵਧ ਕੇ ਹੋਰ ਕੋਈ ਨਹੀਂ ਜਾਣਦਾ। ਜੰਗ ਵਿਚ ਅੱਗੇ-ਪਿਛੇ, ਸੱਜੇ-ਖੱਬੇ ਇਹ ਸੈਂਕੜੇ ਹੀ ਗੋਲੀਆਂ ਚਲਾਈ ਜਾਂਦੇ ਹਨ, ਜੇ ਤੈਨੂੰ ਮੇਰੀ ਇਸ ਗੱਲ ਦਾ ਇਤਬਾਰ ਨਾ ਆਵੇ ਤਾਂ ਤੇਗਾਂ ਵਾਹੁਣ ਵਾਲੇ ਸੂਰਬੀਰਾਂ ਤੋਂ ਪੁੱਛ ਵੇਖ ! ਉਹ ਮੇਰੇ ਇਸ ਕਥਨ ਤੋਂ ਵੀ ਵਧ ਦੱਸਣਗੇ ਅਤੇ ਇਨ੍ਹਾਂ ਦੀ ਲੜਾਈ ਨੂੰ ਆਫ਼ਰੀਨ ਹੀ ਕਹਿਣਗੇ। ਮੇਰੀ ਇਸ ਗੱਲ ਦੇ ਗਵਾਹ ਉਹ ਤੀਹ ਹਜ਼ਾਰ ਬਹਾਦਰ ਜੰਗਜੂ (ਲੜਾਕੂ) ਹਨ ਜੋ ਇਨ੍ਹਾਂ ਸਾਹਮਣੇ ਹੋ ਕੇ ਮੈਦਾਨੇ-ਜੰਗ ਵਿੱਚ ਲੜੇ ਹਨ।

ਜੇ ਇਨ੍ਹਾਂ ਦੀਆਂ ਫ਼ੌਜਾਂ ਵਿੱਚ ਭਗਦੜ ਮਚ ਜਾਵੇ ਤਾਂ ਐ ਬੀਰ-ਬਹਾਦਰ ! ਇਸਨੂੰ ਭਗਦੜ ਨਾ ਸਮਝੀ ਕਿਉਂਕਿ ਲੜਾਈ ਸਮੇਂ ਇਹ ਵੀ ਇੰਨ੍ਹਾਂ ਦਾ ਇੱਕ ਦਾਉ (ਪੈਂਤਰਾ) ਹੈ। ਇਨ੍ਹਾਂ ਦੀ ਇਸ ਚਾਲ ਤੋਂ ਬਚੋਂ। ਇਨ੍ਹਾਂ ਦਾ ਦਾਉ ਇਸ ਲਈ ਭੁਰਦਾ ਹੈ ਕਿ ਵੈਰੀ ਹਾਵੀ ਹੋ ਕੇ ਗੁੱਸੇ ਵਿੱਚ ਬਿਫਰਿਆ ਹੋਇਆ ਇਨ੍ਹਾਂ ਦੇ ਪਿੱਛੇ ਦੌੜ ਕੇ ਲੱਗ ਤੁਰਦਾ ਹੈ ਤੇ ਆਪਣੇ ਲਸ਼ਕਰ ਦੀ ਸਹਾਇਤਾ ਤੋਂ ਦੂਰ ਨਿਕਲ ਜਾਂਦਾ ਹੈ। ਫਿਰ ਇਹ ਪਿੱਛੇ ਨੂੰ ਮੂੰਹ ਕਰਕੇ ਮੁੜ ਪੈਂਦੇ ਹਨ ਅਤੇ ਜੇ ਪਾਣੀ ਵੀ ਹੋਵੇ ਤਾਂ ਉਸ ਨੂੰ ਵੀ ਅੱਗ ਲਾ ਦਿੰਦੇ ਹਨ। ਉਨ੍ਹਾਂ ਦੇ ਲੜਾਈ ਦੇ ਹੁਨਰਾਂ ਤੋਂ ਬਿਨਾਂ ਇੱਕ ਹੋਰ ਗੱਲ ਵੀ ਸੁਣ ਜਿਸ ਕਰਕੇ ਇਹ ਹੋਰਨਾਂ ਸਭ ਸੂਰਬੀਰਾਂ ਨਾਲੋਂ ਅੱਗੇ ਹਨ, ਵੱਧ

( ਬਾਕੀ ਪੰਨਾ ੨੪ ਤੇ)



www.AKJ.Org

# ਸੋਈ ਪਿਆਰੇ ਮੇਲ

(ਪ੍ਰਿੰ: ਗੁਰਮੁਖ ਸਿੰਘ ਜੀ)

ਮਾਸਟਰ ਸੁੰਦਰ ਸਿੰਘ ਜੀ ਦੇ ਜਲੰਧਰ ਵਿਖੇ ਅਖੰਡ ਕੀਰਤਨੀ ਜਥੇ ਵਲੋਂ ਮਨਾਏ ਜਾਂਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੇ ਗੁਰਪੁਰਬ ਦੇ ਕੀਰਤਨ ਦੀਵਾਨਾਂ ਵਿੱਚ ਤਾਬੇ ਚੌਰ ਕਰਦੇ ਜਾਂ ਉੱਥੇ ਹੀ ਸਜੇ ਸਜਾਏ ਸਮਾਧੀ ਵਿੱਚ ਕਈ ਕਈ ਘੰਟੇ ਜੁੜੇ ਹੋਇਆਂ ਦੇ ਦਰਸ਼ਨ ਸੰਗਤਾਂ ਨੇ ਕੀਤੇ ਹੋਣਗੇ।

ਆਪ ਜੀ ਦਾ ਜਨਮ ਬਾਬਾ ਨਿਹਾਲ ਸਿੰਘ ਜੀ ਦੇ ਘਰ 1897 ਈ: ਵਿੱਚ ਪਿੰਡ ਸੱਜਦਵਾਲਾ ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ) ਵਿਖੇ ਹੋਇਆ। ਆਪ ਟੀਚਿੰਗ ਡਿਗਰੀ (S.A.V.) ਐਸ. ਏ. ਵੀ. ਪ੍ਰਾਪਤ ਕਰਕੇ ਹੈਡਮਾਸਟਰ ਦੀ ਪੋਸਟ ਉੱਤੇ ਜਾ ਲੱਗੇ। ਉਦੋਂ ਡਿਸਟ੍ਰਿਕਟ ਬੋਰਡ ਵਲੋਂ ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਚਲਾਏ ਜਾਂਦੇ ਸਨ। ਜਵਾਨੀ ਦੀ ਉਮਰ ਵਿੱਚ ਆਪ ਜੀ ਨੂੰ ਲਾਇਲਪੁਰ ਦੇ 24 ਨੰਬਰ ਚੱਕ ਜੜਾਂਵਾਲਾ ਵਿਖੇ ਡਿਸਟ੍ਰਿਕ ਬੋਰਡ ਦੇ ਪ੍ਰਾਇਮਰੀ ਸਕੂਲ ਵਿਖੇ ਹੈਡਮਾਸਟਰ ਦੀ ਪੋਸਟ ਤੇ ਲਗਾ ਦਿੱਤਾ ਗਿਆ। ਇਹ ਇੱਕ ਅਜੀਬ ਇਤਫਾਕ ਹੈ ਕਿ ਆਪ ਹੈਡਮਾਸਟਰ ਦੀ ਪੋਸਟ ਤੇ ਲਗੇ ਅਤੇ ਇਸੇ ਪਦਵੀ ਤੋਂ 1952 ਵਿੱਚ ਰੀਟਾਇਰ ਭੀ ਹੋਏ ਪਰ ਆਮ ਸੰਗਤਾਂ ਵਿੱਚ ਆਪ ਜੀ ਨੂੰ ਮਾਸਟਰ ਸੁੰਦਰ ਸਿੰਘ ਜੀ ਕਰਕੇ ਪੁਕਾਰਿਆ ਅਤੇ ਜਾਣਿਆ ਜਾਂਦਾ ਰਿਹਾ ਹੈ। ਆਪ ਜੀ ਨੇ ਬਚਪਨ ਵਿੱਚ ਹੀ ਅੰਮ੍ਰਿਤ ਪਾਨ ਕਰ ਲਿਆ ਸੀ ਕਿਉਂਕਿ ਉਦੋਂ ਸਕੂਲਾਂ ਵਿੱਚ ਪੜ੍ਹਦੇ ਜਾਂ ਕਾਲਜਾਂ ਵਿੱਚ ਪੜ੍ਹਦੇ ਸਿੱਖ ਬੱਚੇ ਅਜੋਕੇ ਸਿੱਖ ਬੱਚਿਆਂ ਵਾਂਗ ਬੇ-ਅੰਮ੍ਰਿਤੀਏ ਨਹੀਂ ਸੀ ਹੁੰਦੇ। ਸੋ ਜਦੋਂ ਉਹ ਜੜਾਂਵਾਲਾ ਵਿਖੇ ਬਤੌਰ ਹੈਡਮਾਸਟਰ ਆਪਣੀ ਡਿਊਟੀ ਤੇ ਹਾਜ਼ਰ ਹੋਏ ਤਾਂ ਪਿੰਡ ਦੀ ਪੰਚਾਇਤ ਉਹਨਾਂ ਦੀ ਰਹਿਤ-ਬਹਿਤ ਵੇਖ ਕੇ ਡਿਸਟ੍ਰਿਕਟ ਬੋਰਡ ਦੇ ਅਫ਼ਸਰਾਂ ਨੂੰ ਜਾ ਕੇ ਉਲਾਮਾ ਦਿੱਤਾ ਕਿ ਸਾਡੇ ਪਿੰਡ ਸਿੱਖ (ਸਿੰਘ ਸਭੀਆ) ਕਿਉਂ ਭੇਜ ਦਿੱਤਾ? ਉਹਨਾਂ ਦਿਨਾਂ ਵਿੱਚ ਸਾਧਾਂ-ਮਹੰਤਾਂ, ਨਿਰਮਲਿਆਂ ਉਦਾਸੀਆਂ ਆਦਿ ਨੇ ਇਹ ਰੌਲਾ ਪਾ ਰੱਖਿਆ ਸੀ ਕਿ ਇਹ ਸਿੰਘ ਸਭੀਏ ਸਿੱਖ ਧਰਮ ਦਾ ਸਤਿਆਨਾਸ ਕਰਨ ਤੇ ਤੁਲੇ ਹੋਏ ਹਨ, ਇਹ ਚੂੜੇ, ਚਮਾਰਾਂ, ਨਾਈਆਂ, ਅਤੇ ਛੀਬਿਆਂ ਨੂੰ ਭੀ ਅੰਮ੍ਰਿਤ ਛਕਾਅ ਛਕਾਅ ਕੇ ਪੰਥ ਵਿੱਚ ਰਲਾ ਰਹੇ ਹਨ। (ਇਹ ਤਾਂ ਚੂੜ ਸਭੀਏ ਹਨ) ਅੰਮ੍ਰਿਤਧਾਰੀ ਸਿੱਖ ਨੂੰ ਆਮ ਤੌਰ ਤੇ ਪਿੰਡਾਂ ਵਿੱਚ ਸਿੱਖ ਕਿਹਾ ਜਾਂਦਾ ਸੀ। ਹੁਣ ਭੀ ਕਈ ਥਾਈਂ ਇਵੇਂ ਹੀ ਹੈ। ਪਰ ਛੇਤੀ ਹੀ ਪਿੰਡ ਵਾਲਿਆਂ ਨੂੰ ਮਾਸਟਰ ਸੁੰਦਰ ਸਿੰਘ ਜੀ ਦੀ ਨਿਰਮਲ ਰਹਿਣੀ -ਬਹਿਣੀ ਕਾਰਣ ਆਪਣੀ ਰਾਇ ਬਦਲਣੀ ਪਈ। ਉਹਨਾਂ ਨੇ ਆਪ ਭੀ ਅਤੇ ਆਪਣੇ ਸਟਾਫ਼ ਨੂੰ ਪ੍ਰੇਰ ਕੇ ਵਿਦਿਆਰਥੀਆਂ ਨੂੰ ਖੂਬ ਮਿਹਨਤ ਕਰਾਉਣੀ ਜਿਸਦੇ ਫ਼ਲ-ਸਰੂਪ ਸਕੂਲ ਦੀ ਪੰਜਵੀਂ ਕਲਾਸ ਦਾ ਨਤੀਜਾ ਸੌ ਫੀਸਦੀ ਆਉਣ ਲੱਗ ਪਿਆ। ਜਿਹੜੇ ਵਿਦਿਆਰਥੀ ਆਪ ਜੀ ਦੇ ਸੰਪਰਕ ਵਿੱਚ ਆਏ ਚੰਗੇ ਗੁਰਸਿੱਖ ਬਣਦੇ ਗਏ। ਉਦੋਂ ਪੰਜਵੀਂ ਦਾ ਇਮਤਿਹਾਨ ਡਿਸਟ੍ਰਿਕ ਬੋਰਡ ਵਲੋਂ ਲਿਆ ਜਾਂਦਾ ਸੀ। ਆਪ ਦੇ ਆਪਣੇ ਬੱਚਿਆਂ ਦਾ ਕਹਿਣਾ ਹੈ ਕਿ ਜਦੋਂ ਅਸਾਂ ਕੁਝ ਹੋਸ਼ ਸੰਭਾਲੀ ਤਾਂ ਸਾਡੇ ਬਾਪੂ ਜੀ ਨਿੱਤ ਅੰਮ੍ਰਿਤ ਵੇਲੇ ਇਕ ਵਜੇ ਉੱਠ ਜਾਂਦੇ ਸਨ। ਸਾਵਧਾਨ ਹੋ ਕੇ ਚੱਦਰ-ਖੇਸ ਜਾਂ ਕੰਬਲ ਦੀ ਬੁੱਕਲ ਮਾਰ ਕੇ ਗੁਰਚਰਨਾਂ ਨਾਲ ਜੁੜ ਬੈਠਦੇ। ਫਿਰ ਉਹ ਚਾਰ ਪੰਜ ਘੰਟੇ ਇਸੇ ਤਰ੍ਹਾਂ ਸਮਾਧੀ ਸਥਿਤ ਰਹਿੰਦੇ। ਇਹ ਨਹੀਂ ਪਤਾ ਉਹ ਇਤਨੇ ਲੰਬੇ ਸਮੇਂ ਵਿੱਚ ਕੀ ਕਰਦੇ ਸਨ। ਇੱਕ ਵਾਰੀ ਉਹਨਾਂ ਦੀ ਅਤਿ ਨਿਕਟ ਸਤਸੰਗਣ ਭੈਣ ਜੀ ਨੇ ਇਹ ਪੁੱਛ ਹੀ ਲਿਆ ਕਿ ਤੁਸੀਂ ਇਤਨੀ ਲੰਬੀ ਸਮਾਧੀ ਦੌਰਾਨ ਕੀ ਪੜ੍ਹਦੇ ਹੋ? ਕਿਉਂਕਿ ਸਾਡਾ ਨਿੱਤਨੇਮ ਦਾ ਪਾਠ ਤਾਂ ਘੰਟੇ ਡੇਢ ਘੰਟੇ ਵਿੱਚ ਮੁੱਕ ਜਾਂਦਾ ਹੈ। ਉਹਨਾਂ ਨੂੰ ਉੱਤਰ ਵਿੱਚ ਆਪ ਨੇ ਕਿਹਾ ਸੀ ਕਿ ਬਾਣੀ ਦਾ ਪਾਠ ਕਰਦਿਆਂ ਮੇਰਾ ਅਮੋੜ ਮਨ ਘੜੀ ਘੜੀ ਗੁਰੂ ਦੀ ਹਜ਼ੂਰੀ ਨੂੰ ਛੱਡ ਕੇ ਫੁਰਨਿਆਂ ਦੇ ਘੋੜਿਆਂ ਤੇ ਚੜ੍ਹ ਕੇ ਹਵਾ ਹੋ ਜਾਂਦਾ ਹੈ। ਪਾਠ ਮੈਂ ਜਰੂਰ ਕਰ ਰਿਹਾ ਹੁੰਦਾ ਹਾਂ ਪਰ ਜਦੋਂ ਮਨ ਵਾਪਸ ਮੁੜਦਾ ਹੈ ਤਾਂ ਜਿੱਥੋਂ ਪਾਠ ਛੱਡ ਕੇ ਉਹ ਹਰਨ ਹੋਇਆ ਸੀ ਉਥੋਂ ਫਿਰ ਪਾਠ ਆਰੰਭ ਕਰੀਦਾ ਹੈ। ਇਸ ਕਰਕੇ ਮੈਨੂੰ ਬੜਾ ਸਮਾਂ ਲਗ ਜਾਂਦਾ ਹੈ। ਬਾਕੀ ਅੰਦਰਲੀ ਗੱਲ ਉਹਨਾਂ ਕਦੀ ਬਾਹਰ ਕੱਢੀ ਨਹੀਂ ਸੀ। ਇਸ ਤੋਂ ਸੰਕੇਤ ਮਿਲਦਾ ਹੈ ਕਿ ਆਪ ਨੇ ਇਹ ਗੱਲ ਪੱਕੀ ਧਾਰ ਲਈ ਹੋਈ ਸੀ ਕਿ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਜੇ ਗੁਰੂ ਮਹਾਰਾਜ ਦੇ ਚਰਨਾਂ ਨਾਲ ਸੁਰਤ ਜੋੜ ਕੇ ਹਜ਼ੂਰੀ ਵਿੱਚ ਨਹੀਂ ਕੀਤਾ ਜਾਂਦਾ ਤਾਂ ਉਹ ਕੇਵਲ ਇੱਕ ਕਰਮ-ਕਾਂਡ ਦੀ ਕਿਰਿਆ ਹੀ ਹੁੰਦਾ ਹੈ। ਭਗਤੀ ਮਾਰਗ ਸਤਿਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦਾ (੧੧ਵੀ: ੧੨ਵੀ: ਸ਼ਤਾਬਦੀ ਦਾ) ਆਰੰਭ ਹੋਇਆ ਹੋਇਆ ਸੀ। ਉਸ ਵਿੱਚ ਅਤੇ ਗੁਰਮਤਿ ਪ੍ਰੇਮਾ ਭਗਤੀ ਮਾਰਗ ਵਿੱਚ ਇੱਕ ਅੰਤਰ ਇਹ ਭੀ ਹੈ ਕਿ ਗੁਰਮਤਿ ਅੰਤਰ-ਆਤਮੇ ਸੁਰਤਿ ਰਾਹੀਂ ਬਾਣੀ ਅਤੇ ਨਾਮ ਦੇ ਅਭਿਆਸ ਤੇ ਜ਼ੋਰ ਦਿੰਦੀ ਹੈ ਜਦੋਂ ਕਿ ਦੂਜੇ ਪਾਸੇ ਦੇ ਭਗਤੀ ਮਾਰਗ ਵਿੱਚ ਬਾਹਰ ਮੁਖੀ ਕਿਰਿਆ ਕਰਮ ਦਿਸਦੇ ਹਨ-ਠਾਕੁਰਾਂ ਨੂੰ ਇਸ਼ਨਾਨ ਕਰਾਉਣਾ, ਭੋਗ ਲਗਵਾਉਣੇ ਆਦਿ। ਠਾਕੁਰ ਦਾ ਅਤੇ ਸੇਵਕ ਦਾ ਅੰਤਰ ਆਤਮੇ ਕੋਈ ਮੇਲ ਨਹੀਂ ਸੀ ਰੱਖਿਆ ਗਿਆ। ਮਾਲਾ ਦਾ ਜਾਪ ਭੀ ਗਿਣਤੀ ਕਰਕੇ ਕੀਤਾ ਜਾਂਦਾ ਹੈ। ਰੈਣ ਸਬਾਈ. ਕੀਰਤਨ ਸਮੇਂ ਆਪ ਨੇ ਸਾਰੀ ਰਾਤ ਇੱਕ ਚੌਂਕੜੇ ਨਾਲ ਗੁਰੂ ਮਹਾਰਾਜ ਦੇ ਤਾਬੇ ਸਜੇ ਰਹਿਣਾ। ਚਿਹਰੇ ਤੇ ਗਜ਼ ਗਜ਼ ਲਾਲੀਆਂ। ਸ਼ਾਇਦ "ਗੁਰਮੁਖ ਲਾਲੋ ਲਾਲ ਹੈ" ਦਾ ਸੰਕੇਤ ਇਸ ਅਵਸਥਾ ਨੂੰ ਦਰਸਾਉਂਦਾ ਹੈ। ਇੱਕ ਵਾਰੀ ਕਿਸੇ ਅਤਿ ਨਿਕਟ ਵਰਤੀ ਦੇ ਪੁੱਛਣ ਤੇ ਸੰਕੋਚਦੇ ਸੰਕੋਚਦੇ ਇਤਨਾਂ ਕੇ ਦੱਸਿਆ ਕਿ ਬਾਹਰਲੇ ਕੀਰਤਨ ਤੇ ਕੋਈ ਇਤਨਾਂ ਲੰਬਾ ਸਮਾਂ ਨਹੀਂ ਟਿਕ ਸਕਦਾ। ਅੰਤਰ ਆਤਮੇ ਭੀ ਕੀਰਤਨ ਸੁਣੀਦਾ ਹੈ। ਇਹ ਅੰਤਰਮੁਖੀ ਰਹੱਸਮਈ ਅਨੁਭਵ ਹਨ ਜਿਨ੍ਹਾਂ ਬਾਰੇ ਗੁਰਸਿੱਖ ਹਮੇਸ਼ਾ ਸੰਕੋਚ ਤੋਂ ਕੰਮ ਲੈਂਦੇ ਰਹੇ ਹਨ। ਜੱਥੇ ਦੇ ਪੁਰਾਤਨ ਸਿੰਘ ਇਹ ਕਹਿੰਦੇ ਸੁਣੇ ਹਨ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਧੁਰ ਤੋਂ ਕੀਰਤਨ ਸੁਣ ਕੇ ਵਿਸਮਾਦੀ ਰੰਗਾਂ ਤਰੰਗਾਂ ਵਿਚ ਕੀਰਤਨ ਕਰਦੇ ਹੁੰਦੇ ਸਨ। ਰਾਗ ਰਾਗਣੀਆਂ ਉਹਨਾਂ ਦੀ ਸੇਵਾ ਵਿਚ 'ਹੱਥ ਬੰਨ੍ਹ ਕੇ' ਖੜ੍ਹੀਆਂ ਰਹਿੰਦੀਆਂ ਸਨ। ਕਹਿਣ ਤੋਂ ਭਾਵ ਇਹ ਕਿ ਹਰ ਗੁਰਸਿੱਖ ਦੇ ਜੀਵਨ ਵਿਚ ਗੁਰਕਿਰਪਾ ਸਦਕਾ ਇਹੋ ਜਿਹਾ ਰਹੱਸਮਈ ਸਮਾਂ ਭੀ ਆਉਂਦਾ ਹੈ ਜਦੋਂ ਉਹ ਕਈ ਕਈ ਘੰਟੇ ਨਾਮ ਅਭਿਆਸ ਵਿਚ ਜਾਂ ਕੀਰਤਨ ਕਰਨ ਵਿਚ ਮਗਨ ਰਹਿੰਦਾ ਹੈ। ਸ਼ੁਕਰ ਹੈ ਮਾਸਟਰ



www.AKJ.Org

ਜੀ ਦੀ ਇਹ ਅਵਸਥਾ ਸਤਿਗੁਰਾਂ ਨੇ ਅੰਤਮ ਸੁਆਸਾਂ ਤਕ ਤੋੜ ਨਿਭਾਈ। ਸੇਵਕ ਦੀ ਓੜਕ ਤਕ ਪ੍ਰੀਤ। ਸਤਿਗੁਰੂ ਜੀ ਨੇ ਆਪ ਨਿਭਾਈ। ਜੇ ਆਰਥਕ ਪੱਖੋਂ ਵੇਖੀਏ ਤਾਂ ਆਪਣੇ ਪਰਿਵਾਰ ਤੋਂ ਇਲਾਵਾ ਆਪਣੀ ਇੱਕ ਵਿਧਵਾ ਭੈਣ ਦੇ ਪਰਿਵਾਰ ਦੀ ਪਾਲਣਾ ਦਾ ਸਮੁੱਚਾ ਬੋਝ ਹੈੱਡਮਾਸਟਰ ਲੱਗਣ ਤੋਂ ਥੋੜ੍ਹੇ ਚਿਰ ਬਾਅਦ ਹੀ ਆ ਪਿਆ ਸੀ ਪਰ ਆਪ ਨੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਸਾਰੀ ਉਮਰ ਗਰੀਬੀ ਦਾਅਵੇ ਵਿਚ ਹੀ ਵਿਚਰੇ। ਸੁਭਾਅ ਵਿਚ ਅਤਿ ਦੀ ਮਿਠਾਸ ਅਤੇ ਨਿਮਰਤਾ ਸੀ। ਕਿਸੇ ਨੂੰ ਕੌੜਾ ਬੋਲ ਕਦੀ ਨਹੀਂ ਬੋਲੇ , ਮਾਨੋ ਕ੍ਰੋਧ ਉਨ੍ਹਾਂ ਦੇ ਜੀਵਨ ਦਾ ਅੰਗ ਨਹੀਂ ਬਣ ਸਕਿਆ। ਆਪ ਘੱਟ ਬੋਲਦੇ ਸਨ। ਦੇਸ਼ ਦੀ ਵੰਡ ਤੋਂ ਬਾਅਦ ਆਪ ਜਲੰਧਰ ਆ ਕੇ ਵੱਸ ਗਏ ਸਨ। ਅਖੰਡ ਕੀਰਤਨ ਸਮਾਗਮਾਂ ਵਿਚ ਉਹ ਦੇਸ਼ ਦੀ ਵੰਡ ਤੋਂ ਪਹਿਲਾਂ ਹੀ ਜਾਂਦੇ ਹੁੰਦੇ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਨਿਕਟਤਾ ਉਹ ਪਹਿਲਾਂ ਤੋਂ ਹੀ ਪ੍ਰਾਪਤ ਕਰ ਚੁੱਕੇ ਸਨ। ਜਦੋਂ ਉਹ ਜਲੰਧਰ ਆ ਕੇ ਵਸੇ ਤਾਂ ਉਨ੍ਹਾਂ ਨੇ ਆਪਣੀਆਂ ਦੋ ਬੱਚੀਆਂ ਨੂੰ ਨਾਲ ਲੈ ਕੇ ਅੰਮ੍ਰਿਤ ਵੇਲੇ ਘਰ ਘਰ ਐਤਵਾਰ ਦਾ ਕੀਰਤਨ ਆਰੰਭ ਕੀਤਾ। ਇਉਂ ਹੌਲੀ ਹੌਲੀ ਸੰਗੀ ਸਾਥੀ ਨਾਲ ਰਲਦੇ ਗਏ। ਫਿਰ ਭਾਈ ਸਾਹਿਬ ਜੀ ਨੂੰ ਭੀ ਆਪ ਨੇ ਬੇਨਤੀ ਕੀਤੀ ਕਿ ਸਤਿਗੁਰ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਜਲੰਧਰ ਵਿਖੇ ਸਲਾਨਾ ਸਮਾਗਮ ਵਜੋਂ ਮਨਾਇਆ ਜਾਵੇ। ਇਹ ਬੇਨਤੀ ਪ੍ਰਵਾਨ ਹੋਈ ਅਤੇ ਉਦੋਂ ਤੋਂ ਹੁਣ ਤੱਕ ਇਹ ਗੁਰਪੁਰਬ ਜੰਲਧਰ ਵਿਖੇ ਹੀ ਮਨਾਇਆ ਜਾਂਦਾ ਹੈ। ਪਾਕਿਸਤਾਨ ਬਣਨ ਤੋਂ ਮਗਰੋਂ ਇਹ ਆਪ ਦੇ ਮਨ ਦਾ ਫੁਰਨਾ ਅਤੇ ਚਾਉ ਸੀ ਕਿ ਜਲੰਧਰ ਸ਼ਹਿਰ ਵਿਖੇ ਜੇ ਰੋਜ਼ਾਨਾ ਨਹੀਂ ਤਾਂ ਹਫ਼ਤਾਵਾਰੀ ਅਖੰਡ ਕੀਰਤਨੀ ਜਥੇ ਦੇ ਸਮਾਗਮ ਹੋਇਆ ਕਰਨ। ਕੁਦਰਤ ਨੇ ਇਨ੍ਹਾਂ ਦੇ ਇਸ ਫੁਰਨੇ ਨੂੰ ਸਾਕਾਰ ਕਰਨ ਲਈ ਕੀਰਤਨੀਏ ਸਿੰਘ ਅਤੇ ਸਿੰਘਣੀਆਂ ਇਨ੍ਹਾਂ ਦੀ ਸਹਾਇਤਾ ਲਈ ਭੇਜ ਦਿੱਤੇ। ਘਰ ਦੀਆਂ ਦੋ ਲੜਕੀਆਂ, ਇੱਕ ਗੁਆਂਢੀਆਂ ਦੀ ਲੜਕੀ, ਤਿੰਨਾਂ ਕੀਰਤਨੀਆਂ ਨੂੰ ਅੰਮ੍ਰਿਤ ਵੇਲੇ ਹਫ਼ਤਾ ਵਾਰੀ ਦੀਵਾਨਾਂ ਦੀ ਹਾਜ਼ਰੀ ਭਰਨ ਲਈ ਸਣੇ ਸਾਜ਼ਾਂ ਦੇ ਆਪ ਸਭ ਤੋਂ ਪਹਿਲਾਂ ਪੁੱਜ ਕੇ ਕੀਰਤਨ ਸਮੇਂ ਸਿਰ ਆਰੰਭ ਕਰਵਾਉਂਦੇ ਹੁੰਦੇ ਸਨ। ਤਬਲੇ ਵਾਲਾ ਸਿੰਘ ਭੀ ਉਨ੍ਹਾਂ ਦੇ ਮੁਹੱਲਾ ਸਰਾਜਗੰਜ ਦਾ ਪੜੋਸੀ ਸੀ ਅਤੇ ਰਿਕਸ਼ਾ ਚਲਾਉਂਦਾ ਹੁੰਦਾ ਸੀ। ਦੋ ਰਿਕਸ਼ਿਆਂ ਤੇ ਲਗਭਗ ਚਾਰ ਵਜੇ ਅੰਮ੍ਰਿਤ ਵੇਲੇ ਘਰੋਂ ਕੀਰਤਨੀਆਂ ਸਮੇਤ ਤੁਰ ਪੈਂਦੇ ਸਨ। ਕੀਰਤਨ ਦੀ ਗਹਿਮਾਂ-ਗਹਿਮ ਤਾਂ ਅੰਮ੍ਰਿਤ ਵੇਲੇ ਤੋਂ ਹੀ ਆਰੰਭ ਹੋ ਜਾਂਦੀ ਸੀ। ਇਉਂ ਆਪ ਨੇ ਦੇਸ਼ ਦੀ ਵੰਡ ਪਿਛੋਂ ਪਹਿਲੀ ਵਾਰ ਜਲੰਧਰ ਸ਼ਹਿਰ ਨੂੰ ਅੰਮ੍ਰਿਤਮਈ ਅਖੰਡ ਕੀਰਤਨ ਦਾ ਇੱਕ ਕੇਂਦਰ ਬਣਾਇਆ। ਇਸ ਦੇ ਵਿਸਥਾਰ ਵਜੋਂ ਆਪ ਨੇ ਕਰਤਾਰਪੁਰ, ਦਿਆਲਪੁਰ, ਕਪੂਰਥਲਾ, ਜਲੰਧਰ ਛਾਉਣੀ, ਕਾਕੀ ਪਿੰਡ ਆਦਿ ਨੂੰ ਭੀ ਇਸ ਕੇਂਦਰ ਨਾਲ ਜੋੜਿਆ। ਉਪਰੋਕਤ ਇਲਾਕੇ ਦੇ ਵਰਤਮਾਨ ਕੀਰਤਨੀਆਂ ਨੇ ਜਲੰਧਰ ਕੇਂਦਰ ਤੋਂ ਹੀ ਕੀਰਤਨ ਦੀ ਦਾਤ ਪ੍ਰਾਪਤ ਕੀਤੀ ਅਤੇ ਅੱਗੋਂ ਉਹ ਹੁਣ ਆਪੋ ਆਪਣੇ ਇਲਾਕਿਆਂ ਵਿਚ ਕੀਰਤਨ ਰਾਹੀਂ ਆਪਣੀ ਅਤੇ ਅਨੇਕਾਂ ਪਿਆਸੀਆਂ ਰੂਹਾਂ ਦੀ ਪਿਆਸ ਬੁਝਾ ਰਹੇ ਹਨ। ਇਉਂ ਆਪ ਜਲੰਧਰ ਦੇ ਇਲਾਕੇ ਦੇ ਸਰਬ ਪਰਵਾਨਤ ਜੀਵਨ ਪ੍ਰਯੰਤ ਜੱਥੇਦਾਰ ਬਣੇ ਰਹੇ। ਆਪ ਜੀ ਦੀ ਸੁਹਿਰਦਤਾ, ਦੂਰਅੰਦੇਸ਼ੀ, ਸੁਚੱਜੇ ਗੁਰਮਤੀ ਜੀਵਨ ਨੇ ਆਪ ਦੀ ਸ਼ਖਸ਼ੀਅਤ ਨੂੰ ਸਰਬ ਪ੍ਰੀਅਤਾ ਬਖਸ਼ੀ। ਸਿੱਖ ਸਮਾਜ ਵਿਚ ਅਤੇ ਇਸ ਤੋਂ ਬਾਹਰ ਭੀ ਆਪ ਜੀ ਦਾ ਸਤਿਕਾਰ ਬਣਿਆ ਹੋਇਆ ਸੀ। ਕਈ ਗਰੀਬ ਗੁਰਸਿੱਖ ਬੱਚਿਆਂ ਨੂੰ ਆਪ ਨੇ ਪੰਜਾਬ ਐਂਡ ਸਿੰਧ ਬੈਂਕ ਵਿਚ ਨੌਕਰੀਆਂ ਦਿਵਾਈਆਂ। ਆਪ ਜੀ ਵਿਚ ਅਤਿ ਦਰਜੇ ਦੀ ਮਿਠਾਸ ਅਤੇ ਸਾਦਗੀ ਸੀ। ਤੀਹ ਸਾਲਾਂ ਦੀ ਜੱਥੇਦਾਰੀ ਦਾ ਗੁਮਾਨ ਜਾਂ ਉੱਚ ਆਤਮਕ ਅਵਸਥਾ ਦੀ ਹਉਂ ਦਾ ਪ੍ਰਗਟਾਵਾ ਆਪ ਦੀ ਜ਼ਬਾਨ ਤੋਂ ਕਦੀ ਕਿਸੇ ਕਿਸਮ ਦੇ ਬਚਨਾਂ ਦੁਆਰਾ ਨਹੀਂ ਸੁਣਿਆ। ਗੁਰਪੁਰਬ ਦੇ ਸਮਾਗਮ ਦੀ ਸਮਾਪਤੀ ਤੋਂ ਮਗਰੋਂ, ਜਦੋਂ ਬਥੇਰੇ ਸੇਵਾਦਾਰ ਸੇਵਾ ਕਰਕੇ ਆਪਣੀ ਮਨਮਰਜ਼ੀ ਅਨੁਸਾਰ ਰਹਿੰਦੀ ਸੇਵਾ ਵਿਚੇ ਛੱਡ ਕੇ ਚਲੇ ਜਾਂਦੇ ਸਨ, ਉਦੋਂ ਮਾਸਟਰ ਜੀ ਅਖੀਰ ਤੱਕ ਬੈਠ ਕੇ ਜੱਥੇ ਦੇ ਸਾਜ਼ ਅਤੇ ਹੋਰ ਸਮਾਨ ਦੀ ਪੂਰੀ ਦੇਖ ਭਾਲ ਅਤੇ ਸਾਂਭ ਸੰਭਾਲ ਕਰਕੇ ਹੀ ਘਰ ਨੂੰ ਮੁੜਦੇ। ਮਾਸਸਟਰ ਜੀ ਦੇ ਅੰਤਮ ਸਮੇਂ ਜੋ ਕੌਤਕ ਵਰਤੇ ਉਹ ਇਹਨਾਂ ਸਤਰਾਂ ਦੇ ਲਿਖਾਰੀ ਨੇ ਅੱਖੀਂ ਵੇਖੇ। ਮੇਰੀ ਜ਼ਿੰਦਗੀ ਵਿਚ ਇਕ ਗੁਰਸਿੱਖ ਦਾ ਇਉਂ ਚੜ੍ਹਦੀਆਂ ਕਲਾ ਵਿਚ ਰਹਿ ਕੇ ਸੁਆਸ ਸੁਆਸ ਨਾਮ ਜਪਦਿਆਂ ਗੁਰਚਰਨਾਂ ਵਿਚ ਜਾ ਬਿਰਾਜਣਾ, ਇਕ ਅਲੌਕਿਕ ਦ੍ਰਿਸ਼ ਸੀ। ਮੱਧ-ਅਕਤੂਬਰ ਸੰਨ ੧੯੭੭ ਦੀ ਗੱਲ ਹੈ, ਕਰਨਲ ਦਲਜੀਤ ਸਿੰਘ ਅਤੇ ਭੈਣ ਜੀ ਹਰਸ਼ਰਨ ਕੌਰ ਦੀ ਬੇਟੀ ਦੇ ਅਨੰਦ ਕਾਰਜ ਸਮੇਂ ਇਹਨਾਂ ਦੇ ਮਿੱਠਾਪੁਰ ਵਾਲੇ ਬੁੰਗੇ ਵਿਖੇ ਤਿੰਨ ਸ੍ਰੀ ਅਖੰਡਪਾਠ ਸਾਹਿਬ ਦੇ ਲਗਾਤਾਰ ਪਾਠ ਰੱਖੇ ਗਏ ਜਿਨ੍ਹਾਂ ਵਿਚ ਮਾਸਟਰ ਸੁੰਦਰ ਸਿੰਘ ਜੀ ੮੦ ਸਾਲ ਦੀ ਉਮਰ ਵਿਚ ਬਿਨਾਂ ਐਨਕਾਂ (ਲਗਾਏ) ਦੇ ਦੋ ਘੰਟਿਆਂ ਦੀ ਪੂਰੀ ਰੌਲ ਦੀ ਸੇਵਾ ਲਈ ਹਾਜ਼ਰੀ ਭਰ ਰਹੇ ਸੀ। ਦੋ ਪਾਠਾਂ ਦੇ ਭੋਗ ਨਿਰਵਿਘਨ ਪੈ ਚੁਕੇ ਸਨ। ਤੀਸਰੇ ਪਾਠ ਦੀ ਸਮਾਪਤੀ ਅਨੰਦ ਕਾਰਜ ਵਾਲੇ ਦਿਨ ਹੀ ਸਵੇਰੇ 6 ਵਜੇ ਹੋਣੀ ਸੀ। ਦਾਸ ਭੀ ਅਨੰਦ ਕਾਰਜ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਪੁਜ ਗਿਆ ਸੀ। ਮਾਸਟਰ ਜੀ ਦਾ ਅਤੇ ਦਾਸ ਦਾ ਬਿਸਤਰ ਨਾਲ ਨਾਲ ਖੁਲ੍ਹੇ ਵੇਹੜੇ ਵਿਚ ਸਨ। ਰਾਤ ਦੇ ਇਕ ਵਜੇ ਆਪ ਉਠੇ ਅਤੇ ਦੋ ਵਜੇ ਦੀ ਰੌਲ ਦੇਣ ਲਈ ਇਸ਼ਨਾਨੇ ਸੋਧਨ ਲਈ ਆਪਣੇ ਬਸਤਰ ਆਦਿ ਲੈਣ ਲਈ ਆਪਣੇ ਕਮਰੇ ਵਿਚ ਗਏ। ਅਚਾਨਕ ਦਿਲ ਦਾ ਦੌਰਾ ਪਿਆ। ਦਰਦ ਕਾਫੀ ਹੋਣ ਲਗ ਪਿਆ। " ਵਾਹਿਗੁਰੂ ਵਾਹਿਗੁਰੂ " ਦਰਦ ਨਾਲ ਇਉਂ ਕਰ ਰਹੇ ਸੁਣੇ ਜਿਵੇਂ ਉਹਨਾਂ ਨੂੰ ਕਾਫੀ ਤਕਲੀਫ ਹੋ ਰਹੀ ਹੋਵੇ। ਮੇਰੀ ਜਾਗ ਖੁੱਲ੍ਹ ਗਈ। ਮੈਂ ਆਪਣਾ ਖੇਸ ਉਹਨਾਂ ਉੱਪਰ ਦੇ ਦਿਤਾ। ਮੈਨੂੰ ਕਹਿਣ ਲੱਗੇ ਅੰਦਰ ਅਟੈਚੀ ਵਿਚੋਂ ਮੇਰੀ ਦਵਾਈ ਦੀ ਸ਼ੀਸ਼ੀ ਲਿਆ ਕੇ ਦਵਾਈ ਮੇਰੇ ਮੂੰਹ ਵਿਚ ਪਾਉ। ਮੈਂ ਇਵੇਂ ਹੀ ਕੀਤਾ ਪਰ ਦਰਦ ਵਧਦੀ ਗਈ। ਮੈਂ ਕਰਨਲ ਸਾਹਿਬ ਅਤੇ ਭੈਣ ਜੀ ਨੂੰ ਜਗਾਇਆ ਤੇ ਸਾਰੀ ਵਿਥਿਆ ਦਸੀ। ਕਰਨਲ ਸਾਹਿਬ ਤਾਂ ਮਾਡਲ ਟਾਊਨ ਤੋਂ ਡਾਕਟਰ ਨੂੰ ਲੈਣ ਲਈ ਕਾਰ ਲੈ ਕੇ ਨੱਠ ਉਠੇ। ਇੱਧਰ ਸਾਰੇ ਸਿੰਘ (ਕੋਈ ੧੦-੧੨) ਸਾਵਧਾਨ ਹੋ ਕੇ ਮਾਸਟਰ ਜੀ ਦੇ ਬਿਸਤਰੇ ਦੇ ਪਾਸ ਬੈਠੇ ਗੁਰੂ ਗੁਰੂ ਜਪਣ ਲੱਗ ਪਏ। ਭੈਣ ਹਰਿਸ਼ਰਨ ਕੌਰ ਨੇ ਉਹਨਾਂ ਦਾ ਸੀਸ ਆਪਣੀ

( ਬਾਕੀ ਪੰਨਾ ੪੦ ਤੇ)



www.AKJ.Org

## ਦੇਸ ਫਿਰਿਓ ਕਰਿ ਭੇਸ ਤਪੋਧਨ

ਉਪਰੋਕਤ ਤੁਕ 'ਦੇਸ ਫਿਰਿਓ ਕਰਿ ਭੇਸ ਤਪੋਧਨ' ਦੇ ਅਰਥ ਹਨ 'ਦੇਸਾਂ-ਦੇਸਾਂਤਰਾਂ ਵਿਚ ਤਪੱਸਵੀਆਂ ਦਾ ਭੇਸ ਕਰ ਕੇ ਭਟਕਦਾ ਫਿਰਿਆ।' ਇਸ ਅਰਥ ਦੀ ਪੁਸ਼ਟੀ ਭਾਈ ਕਾਨ੍ਹ ਸਿੰਘ ਜੀ 'ਮਹਾਨ ਕੋਸ਼' ਵਿੱਚ ਇਉਂ ਲਿਖਦੇ ਹਨ-

ਤਪੋਧਨ ਸੰ: ਸੰਗਯਾ- ਜਿਸ ਨੇ ਤਪੱਸਿਆ ਨੂੰ ਹੀ ਮਹਾਧਨ ਸਮਝਿਆ ਹੈ, ਤਪਸ੍ਵੀ, ਤਪੀਆ, "ਦੇਸ ਫਿਰਿਓ ਕਰਿ ਭੇਸ ਤਪੋਧਨ"

(ਅਕਾਲ ਉਸਤਤਿ) – ਮਹਾਨ ਕੋਸ਼, ਦੂਜੀ ਛਾਪ, ਪੰਨਾ ੩੩੧

ਤਪੋਧਨ ਇਕੱਠਾ ਇਕੋ ਸ਼ਬਦ ਹੈ, ਜੋ ਸੰਸਕ੍ਰਿਤ ਤੋਂ ਆਇਆ ਹੈ ਅਤੇ ਭਾਈ ਕਾਨ੍ਹ ਸਿੰਘ ਜੀ ਅਨੁਸਾਰ ਇਸ ਦੇ ਅਰਥ 'ਤਪੱਸਵੀ' ਅਥਵਾ 'ਤਪੀਆ' ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਛਾਪੇ ਗਏ ਸ਼ਬਦਾਰਥ, ਦਸਮ ਗ੍ਰੰਥ ਸਾਹਿਬ (ਪੋਥੀ ਪਹਿਲੀ) ਵਿਚ ਵੀ ਇਹੋ ਪਾਠ ਦਿੱਤਾ ਹੋਇਆ ਹੈ ਅਤੇ "ਤਪੋਧਨ" ਦੇ ਅਰਥ ਤਪੱਸਵੀ, ਤਪੀਸਰ ਦੇ (ਭੇਸ) ਲਿਖੇ ਹੋਏ ਹਨ। ਪੂਰੀ ਤੁਕ ਇਉਂ ਹੈ-

ਦੇਸ ਫਿਰਿਓ ਕਰਿ ਭੇਸ ਤਪੋਧਨ,
ਕੇਸ ਧਰੇ ਨ ਮਿਲੇ ਹਰਿ ਪਿਆਰੇ ।।੧੦।।੨੫੨।।

(ਪਾ: ੧੦, ਤ੍ਵਪ੍ਰਸਾਦਿ ਸਵੱਯੇ (ਦੀਨਨ ਕੀ ਪ੍ਰਤਿਪਾਲ ਕਰੈ)

ਇਸ ਤੁਕ ਵਿਚ 'ਕੇਸ ਧਰੇ' ਤੋਂ ਭਾਵ ਹੈ ਲੰਮੀਆਂ ਜਟਾਂ ਧਾਰਨ ਨਾਲ, 'ਲੰਮੀਆਂ ਜਟਾਂ ਸਿਰ ਤੇ ਰਖਣ ਨਾਲ।' ਕਿਉਂਕਿ ਇਥੇ ਸਤਿਗੁਰੂ ਜੀ ਤਪੱਸਵੀਆਂ ਦਾ ਖੰਡਨ ਕਰ ਰਹੇ ਹਨ, ਇਸ ਕਰਕੇ ਇੱਥੇ ਤਪੱਸਵੀਆਂ ਦੇ ਕੇਸਾਂ ਤੋਂ ਮੁਰਾਦ ਉਨ੍ਹਾਂ ਦੀਆਂ ਜਟਾਂ ਰਖਣ ਤੋਂ ਹੈ। ਸਤਿਗੁਰੂ ਜੀ ਇਹ ਗੱਲ ਨਿਸਚੇ ਕਰਾ ਰਹੇ ਹਨ ਕਿ ਲੰਮੀਆਂ ਜਟਾਂ ਵਧਾ ਕੇ ਦੇਸਾਂ ਦੇਸਾਂਤਰਾਂ ਵਿੱਚ ਰਟਨ ਕਰਨ ਨਾਲ ਪਿਆਰੇ ਹਰੀ-ਪ੍ਰਭੂ ਜੀ ਨਹੀਂ ਮਿਲ ਸਕਦੇ, ਸਗੋਂ 'ਦੀਨ ਦਇਆਲ ਅਕਾਲ ਭਜੇ ਬਿਨ, ਅੰਤ ਕੋ ਅੰਤ ਕੇ ਧਾਮ ਸੁਧਾਰੇ' ਅਨੁਸਾਰ ਅੰਤ ਨੂੰ ਅਜਿਹੇ ਭੇਖੀ ਜਾਂ ਪਾਖੰਡੀ ਜਮਪੁਰੀ ਵਿਚ ਹੀ ਜਾਂਦੇ ਹਨ। ਇਸ ਭੇਖ ਅਤੇ ਪਾਖੰਡ ਕਿਰਿਆ ਨੂੰ ਨਿੰਦਦੇ ਹੋਏ ਸ੍ਰੀ ਦਸਮ ਗ੍ਰੰਥ ਵਿਚ ਇੱਕ ਸਵੱਈਆ ਇਸ ਅਰਥ ਨੂੰ ਬਿਲਕੁੱਲ ਸਪੱਸ਼ਟ ਕਰ ਰਿਹਾ ਹੈ, ਜੋ ਇਸ ਤਰ੍ਹਾਂ ਹੈ-

ਨਾ ਭਯੋ ਜੋ ਧਰ ਮੂੰਡ ਜਟਾ ਸੁ,
ਤਪੋਧਨ ਕੋ ਜਗ ਭੇਖ ਦਿਖਾਯੋ।।
ਨਾ ਭਯੋ ਜੁ ਕੋਊ ਲੋਚਨ ਮੂਦਿ,
ਭਲੀ ਬਿਧਿ ਸੌਂ ਹਰਿ ਕੋ ਗੁਨ ਗਾਯੋ।।
ਅਉਰ ਕਹਾ ਜੁ ਪੈ ਆਰਤੀ ਲੈ ਕਹਿ,
ਧੂਪ ਲਗਾਇ ਕੈ ਸੰਖ ਬਜਾਯੋ।।
'ਸਯਾਮ' ਕਹੈ ਤੁਮ ਹੀ ਕਹੋ,
ਬਿਨ ਪ੍ਰੇਮ ਕਿਹੂੰ ਬ੍ਰਿਜਨਾਇਕ ਪਾਯੋ।। ੨੨੩

(ਦਸਮ ਗ੍ਰੰਥ,ਕ੍ਰਿਸ਼ਨਾਵਤਾਰ)

ਇਸ ਸਵੱਯੇ ਵਿਚ ਤਾਂ ਸਾਫ਼ 'ਤਪੋਧਨ ਕੋ ਜਗ ਭੇਖ ਦਿਖਾਯੋ' ਦੇ ਨਾਲ ਹੀ 'ਕੇਸ' ਦੀ ਥਾਂ 'ਧਰ ਜਟਾਂ ਮੂੰਡ ਸੁ' ਦਰਜ ਹੈ। ਇਸ ਤੋਂ ਬਿਲਕੁੱਲ ਸਪੱਸ਼ਟ ਹੋ ਜਾਂਦਾ ਹੈ ਕਿ 'ਤ੍ਵਪ੍ਰਸਾਦਿ ਸਵੱਯਾ' ਵਿੱਚ 'ਕੇਸ' ਸ਼ਬਦ 'ਜਟਾਂ' ਲਈ ਵਰਤਿਆ ਹੋਇਆ ਹੈ। ਇਸ ਸਵੱਯੇ ਵਿਚ ਵੀ ਪਾਖੰਡ ਅਤੇ ਦਿਖਲਾਵੇ ਦੇ ਭੇਖ ਦਾ ਖੰਡਨ ਹੈ ਕਿ ਸਿਰ ਤੇ ਲੰਮੀਆਂ ਜਟਾਂ ਰੱਖ ਕੇ ਤਪੱਸਵੀਆਂ ਦਾ ਭੇਸ ਜਗਤ ਨੂੰ ਦਿਖਾਲਣ ਲਈ, ਅੱਖਾਂ ਮੀਟ ਕੇ ਖੂਬ ਬਣਾ-ਫ਼ਬਾ ਕੇ ਪ੍ਰਭੂ ਦੇ ਗੁਣ ਗਾਉਣੇ, ਦਿਖਾਲਣ ਲਈ ਜਾਂ ਧੂਫ ਦੀਪ ਲਗਾ ਕੇ ਤੇ ਸੰਖ ਵਜਾ ਕੇ ਆਰਤੀ ਉਤਾਰਨ ਨਾਲ, ਸਿਆਮ-ਸੁੰਦਰ ਪ੍ਰਭੂ ਨੂੰ ਨਹੀਂ ਪਾਇਆ ਜਾ ਸਕਦਾ। ਸੋ ਇਹਨਾਂ ਦੋਹਾਂ ਸਵੱਈਆ ਵਿਚ ਪਾਖੰਡ-ਭੇਖ ਦਾ ਖੰਡਨ ਹੈ, ਕੇਸ ਰੱਖਣ ਦਾ ਖੰਡਨ ਨਹੀਂ ਹੈ। ਵਾਹਿਗੁਰੂ ਜੀ ਦੀ ਬਖਸ਼ੀ ਦਾਤ ਕੇਸਾਂ ਨੂੰ ਅਸਲ ਰੂਪ ਵਿਚ ਰੱਖਣ ਤੇ ਕੋਈ ਕਿੰਤੂ ਨਹੀਂ ਹੈ। ਇਸ ਭੁਲੇਖੇ ਵਿਚ ਉਲਝ ਕੇ ਪਾਠ ਨੂੰ ਬਦਲਣ ਦੀ ਲੋੜ ਨਹੀਂ। ਭਗਤ ਕਬੀਰ ਜੀ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੋਂ ਕੁੱਝ ਸਦੀਆਂ ਪਹਿਲੋਂ ਹੋਏ ਹਨ। ਉਹਨਾਂ ਨੇ ਵੀ 'ਜਟਾਂ' ਦੇ ਅਰਥਾਂ ਵਿਚ 'ਕੇਸ' ਸ਼ਬਦ ਵਰਤਿਆ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਉਂ ਦਰਜ ਹੈ-

ਕਬੀਰ ਪ੍ਰੀਤਿ ਇਕ ਸਿਉ ਕੀਏ, ਆਨ ਦੁਬਿਧਾ ਜਾਇ।।
ਭਾਵੈਂ ਲਾਂਬੇ 'ਕੇਸ' ਕਰਿ ਭਾਵੈ ਘਰਰਿ ਮੁਡਾਇ।।25।।

(ਸਲੋਕ ਕਬੀਰ ਜੀ, ਪੰਨਾ ੧੩੬੫)

ਇਸ ਸਲੋਕ ਦੀ ਇਸ ਦੂਜੀ ਤੁਕ ਦਾ ਅਰਥ 'ਸ਼ਬਦਾਰਥ' ਵਿਚ ਇਉਂ ਦਰਜ ਹਨ-'ਚਾਹੇ ਜਟਾਂਧਾਰੀ ਸਨਿਆਸੀ ਹੋਵੇ।' ਸਾਰ ਸਿੱਟਾ ਸਾਫ਼ ਹੈ। ਮਹਾਨ ਕੋਸ਼ ਦੇ ਹਵਾਲੇ, ਦਸਮ ਗ੍ਰੰਥ ਵਿਚੋਂ ਦਿਤੇ ਰੂ-ਬਰੂ ਰਲਦੇ ਭਾਵ ਦੇ ਸਵੱਈਏ ਅਤੇ ਕਬੀਰ ਜੀ ਦਾ ਉਪਰੋਕਤ ਸਲੋਕ ਨਿਰਣਾ ਕਰ ਰਹੇ ਹਨ ਕਿ 'ਕੇਸ' ਦੇ ਅਰਥ ਜਟਾਂ ਵਧਾਉਣ ਤੋਂ ਹੈ ਅਤੇ ਇਸ ਭੇਖ ਦੇ ਕੀਤਿਆਂ ਪਿਆਰੇ ਪ੍ਰਭੂ ਪ੍ਰੀਤਮ ਨੂੰ ਨਹੀਂ ਮਿਲ ਸਕਦੇ। ਸੋ ਦਸਮ ਪਾਤਸ਼ਾਹ ਜੀ ਦੇ (ਦੀਨਨ ਕੀ ਪ੍ਰਤਿਪਾਲ ਕਰੈ) ਸਵੱਈਆਂ ਵਿਚ ਇਸ ਤੁਕ ਦਾ ਸਹੀ ਪਾਠ ਇਹੋ ਹੀ ਬਣਦਾ ਹੈ-

ਦੇਸ ਫਿਰਿਓ ਕਰਿ ਭੇਸ ਤਪੋਧਨ,
ਕੇਸ ਧਰੇ ਨਾ ਮਿਲੇ ਹਰਿ ਪਿਆਰੇ।।

ਕੁਝ ਵੀਰ ਇਸ ਭੁਲੇਖੇ ਵਿਚ ਫਸਕੇ (ਕਿ ਦਸਮ ਪਾਤਸ਼ਾਹ ਜੀ ਨੇ ਤਾਂ ਸਿਖ ਲਈ 'ਕੇਸ' ਲਾਜ਼ਮੀ ਕਰਾਰ ਦਿੱਤੇ ਹਨ, ਉਹ ਕਿਵੇਂ ਕਹਿ ਸਕਦੇ ਹਨ ਕਿ ਕੇਸ ਧਾਰਨ ਕਰਨ ਨਾਲ ਪਿਆਰੇ ਪ੍ਰਭੂ ਜੀ ਨਹੀਂ ਮਿਲ ਸਕਦੇ) ਇਸ ਤੁਕ ਦੇ ਪਾਠ ਨੂੰ ਹੀ ਬਦਲ ਕੇ ਇਉਂ ਛਾਪ ਕੇ ਗਲਤ ਰੂਪ ਵਿਚ ਪੇਸ਼ ਕਰ ਰਹੇ ਹਨ-

ਦੇਸ ਫਿਰਿਓ ਕਰਿ ਭੇਸ ਤਪੋ,
ਧਨ ਕੇ ਸਧਰੇ ਨ ਮਿਲੇ ਪਿਆਰੇ।।

ਪਰ ਵਿਚਾਰਨ ਵਾਲੀ ਗੱਲ ਹੈ ਕਿ ਸਾਰੇ ਸਵੱਈਏ ਵਿੱਚ ਅਨਿਕ ਪ੍ਰਕਾਰੀ ਭੇਖਾਂ ਦਾ ਖੰਡਨ ਕਰਕੇ ਇਹ ਗੱਲ ਪ੍ਰਗਟਾਈ ਹੈ ਕਿ ਦੀਨ ਦਿਆਲ ਪੁਰਖ ਦੇ ਸਿਮਰਨ ਤੋਂ ਬਿਨਾਂ ਇਹ ਸਭ ਭੇਖੀ ਲੋਕ ਅੰਤ ਨੂੰ ਜਮ-ਪੁਰੀ ਵਿਚ ਜਾਣਗੇ ਅਤੇ ਜਮਾਂ ਦੀ ਮਾਰ ਸਹਿਣਗੇ। ਸਹੀ ਅਰਥਾਂ ਅਤੇ ਸਹੀ ਭਾਵ ਨੂੰ ਸਮਝੇ ਤੋਂ ਬਿਨਾਂ ਇਸ ਤੁਕ ਦਾ ਸਹੀ ਰੂਪ ਬਦਲ ਕੇ ਬਜ਼ਾਰੀ ਦੁਕਾਨਦਾਰ ਤਾਂ ਗੁਟਕਿਆ ਪੋਥੀਆਂ ਵਿਚ ਛਾਪ ਹੀ ਰਹੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਪੰਥ ਦੀ ਨੁਮਾਇੰਦਾ ਸਮਾਤ, ਸ਼੍ਰੋਮਣੀ ਗੁ: ਪ੍ਰ: ਕਮੇਟੀ ਵੀ ਜੋ ਇਸੇ



www.AKJ.Org

ਭੁਲੇਖੇ ਵਿਚ ਫਸਕੇ ਪੋਥੀਆਂ ਅਤੇ ਗੁਟਕਿਆਂ ਵਿਚ ਕਿਤੇ ਇੱਕ ਰੂਪ ਵਿਚ ਕਿਤੇ ਦੂਜੇ ਰੂਪ ਵਿਚ ਛਾਪ ਕੇ ਸਿੱਖ ਸੰਗਤਾਂ ਨੂੰ ਟਪਲੇ ਵਿਚ ਪਾ ਰਹੀ ਹੈ ਜਿਵੇਂ ਇਸ ਨੂੰ ਪਤਾ ਹੀ ਨਹੀਂ ਕਿ ਇਸ ਦਾ ਸਹੀ ਰੂਪ ਕੀ ਹੈ। ਸ੍ਰੋਮਣੀ ਕਮੇਟੀ ਵਲੋਂ ਛਪੇ ਸੁੰਦਰ ਗੁੱਟਕੇ ਪਹਿਲੀਆਂ ਐਡੀਸ਼ਨਾਂ ਅਤੇ ਛੇਵੀਂ ਐਡੀਸ਼ਨ ਵਿਚ, ਅਕਾਲ ਉਸਤਤਿ (ਵਖਰੀ ਪੋਥੀ) ਪਹਿਲੀ ਐਡੀਸ਼ਨ ਵਿਚ, ਦਸਮ ਗ੍ਰੰਥੀ ਪਹਿਲੀ ਐਡੀਸ਼ਨ ਵਿਚ, ਅਕਾਲ ਉਸਤਤਿ (ਹਿੰਦੀ) ਪਹਿਲੀ ਅਤੇ ਦੂਜੀ ਐਡੀਸ਼ਨ ਵਿਚ ਪਾਠ ਛਪਿਆ ਹੋਇਆ ਹੈ-

ਦੇਸ ਫਿਰਿਓ ਕਰਿ ਭੇਸ ਤਪੋਧਨ
ਕੇਸ ਧਰੇ ਨ ਮਿਲੇ ਹਰਿ ਪਿਆਰੇ।।

ਪਰ ਇਸ ਭੁਲੇਖੇ ਵਿਚ ਫਸਕੇ ਪਾਠ ਬਦਲ ਕੇ ਸਭ ਥਾਈਂ ਛਾਪਣਾ ਸ਼ੁਰੂ ਕਰ ਦਿੱਤਾ ਹੈ-

ਦੇਸ ਫਿਰਿਓ ਕਰਿ ਭੇਸ ਤਪੋਧਨ,
ਕੇ ਸਧਰੇ ਨ ਮਿਲੇ ਹਰਿ ਪਿਆਰੇ।।

ਕੀ ਸ਼੍ਰੋਮਣੀ ਕਮੇਟੀ ਇਸ ਅਸਲੀਅਤ ਨੂੰ ਸਹੀ ਜਾਣਨ ਦਾ ਉਪਰਾਲਾ ਕਰੇਗੀ ਅਤੇ ਇਸ ਤੁਕ ਦਾ ਸਹੀ ਪਾਠ ਛਾਪ ਕੇ ਸਿਖ ਸੰਗਤਾਂ ਨੂੰ ਸਹੀ ਅਗਵਾਈ ਦੇਵੇਗੀ ? ਅਸੀਂ ਇਸ ਤੋਂ ਪਹਿਲਾਂ ਵੀ 'ਸੂਰਾ' ਜਨਵਰੀ 1984 ਵਿਚ 'ਕੇਸ ਧਰੇ ਨ ਮਿਲੇ ਹਰਿ ਪਿਆਰੇ' ਸਿਰਲੇਖ ਹੇਠ ਇਹ ਚਿਤਾਵਨੀ ਦਿੱਤੀ ਸੀ, ਪਰ ਕਿਸੇ ਨੇ ਵੀ ਇਸ ਤੇ ਵਿਚਾਰ ਕਰਨ ਦੀ ਖੇਚਲ ਨਹੀਂ ਕੀਤੀ।

(ਪੰਨਾ ੨੦ ਦੀ ਬਾਕੀ)

ਚੜ੍ਹ ਕੇ ਹਨ। ਇਹ ਕਦੇ ਵੀ ਕਿਸੇ ਨਾਮਰਦ (ਜੋ ਲੜਾਈ ਵਿੱਚ ਹਥਿਆਰ ਸੁੱਟ ਕੇ ਇੱਕ ਪਾਸੇ ਹੋ ਜਾਵੇ) ਨੂੰ ਨਹੀਂ ਮਾਰਦੇ ਅਤੇ ਨਾ ਹੀ ਮੈਦਾਨੇ-ਜੰਗ ਵਿੱਚੋਂ ਭੱਜ ਨਿੱਕਲੇ ਦੇ ਪਿੱਛੇ ਪੈ ਕੇ ਉਸ ਨੂੰ ਰੋਕਣ ਹੀ ਜਾਂਦੇ ਹਨ। ਲੁੱਟ-ਮਾਰ ਵੇਲੇ ਉਹ ਕਿਸੇ ਔਰਤ ਦਾ ਮਾਲ ਧਨ ਜਾਂ ਗਹਿਣਾ ਗੱਟਾ ਨਹੀਂ ਖੋਹੰਦੇ ਭਾਵੇਂ ਉਹ ਸਵਾਣੀ ਹੋਵੇ ਜਾਂ ਗੋਲੀ (ਨੌਕਰਾਣੀ)। ਇਨ੍ਹਾਂ ਸੱਗਾ ਵਿੱਚ ਵਿਭਚਾਰ ਵੀ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਭੈੜੀਆਂ ਰਗਾਂ ਵਾਲਿਆਂ ਨੂੰ ਚੋਰੀ ਦੀ ਆਦਤ ਹੈ। ਜਨਾਨੀ ਭਾਵੇਂ ਜਵਾਨ ਹੋਵੇ ਜਾਂ ਬੁੱਢੀ ਠੇਰੀ, ਉਸ ਨੂੰ ਕਹਿੰਦੇ ਹਨ, "ਬੁੱਢੀਏ! ਇੱਕ ਪਾਸੇ ਹੋ ਜਾਂ।" ਹਿੰਦੋਸਤਾਨੀ ਬੋਲੀ ਵਿੱਚ "ਬੁੱਢੀ" ਸ਼ਬਦ ਦੇ ਅਰਥ "ਵਡੇਰੀ ਉਮਰ ਵਾਲੀ" ਹਨ ਭਾਵ ਮਾਤਾ ਸਮਾਨ।

ਇਨ੍ਹਾਂ ਵਿੱਚ ਕੋਈ ਚੋਰ ਨਹੀਂ ਤੇ ਨਾ ਇਨ੍ਹਾਂ ਭੈੜੀਆਂ ਰਗਾਂ ਵਾਲਿਆਂ ਵਿੱਚ ਕੋਈ ਸੰਨ੍ਹ (ਪਾੜ) ਲਾਉਣ ਵਾਲਾ ਹੁੰਦਾ ਹੈ। ਵਿਭਚਾਰੀ ਅਤੇ ਸੰਨ੍ਹ ਲਾਉਣ ਵਾਲੇ ਨਾਲ ਇਹ ਦੋਸਤੀ ਨਹੀਂ ਪਾਉਂਦੇ।

ਪਰਭਾਤੇ ਪ੍ਰਭ ਨਾਮੁ ਜਪਿ, ਗੁਰ ਕੇ ਚਰਣ ਧਿਆਇ।।
ਜਨਮ ਮਰਣ ਮਲੁ ਉਤਰੈ, ਸਚੇ ਕੇ ਗੁਣ ਗਾਇ।।
(ਮ ੫ ਪੰਙ ੧੦੯੯)

(ਪੰਨਾ ੧੯ ਦੀ ਬਾਕੀ)

"ਖਾਲਸਾ ਖਾਸ ਕਹਾਵੈ ਸੋਈ
ਜਾਕੇ ਹਿਰਦੇ ਭਰਮ ਨਾ ਹੋਈ,
ਭਰਮ ਭੇਖ ਤੇ ਰਹੇ ਨਿਆਰਾ,
ਸੋ ਖਾਲਸਾ ਸਤਿਗੁਰੂ ਹਮਾਰਾ।" (ਸੈਨਾਪਤਿ ਕ੍ਰਿਤ ਗੁਰਸੋਭਾ)

ਖਾਲਸੇ ਨੂੰ ਨਿਆਰਾ ਰਹਿਣ ਵਾਸਤੇ ਹੁਕਮ ਹੋਇਆ:

"ਖਾਲਸਾ ਅਕਾਲ ਪੁਰਖ ਕੀ ਫ਼ੌਜ,
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ,
ਜਬ ਲਬ ਖਾਲਸਾ ਰਹੇ ਨਿਆਰਾ,
ਤਬ ਲਗ ਤੇਜ ਦੀਓ ਮੈਂ ਸਾਰਾ,
ਜਬ ਇਹ ਗਹੇ ਬਿਪਰਨ ਕੀ ਰੀਤ,
ਮੈਂ ਨਾ ਕਰੋ ਇਨ ਕੀ ਪ੍ਰਤੀਤ।" (ਸਰਬ ਲੋਹ ਗ੍ਰੰਥ ਚੋਂ

ਸਤਿਨਾਮ ਦਾ ਚੱਕਰ ਚਲਾਵਨ ਲਈ ਅਤੇ ਸਤਿ ਦਾ ਰਾਜ ਸਥਾਪਤ ਕਰਨ ਲਈ ਖਾਲਸੇ ਨੂੰ ਦੇਗ ਅਤੇ ਤੇਗ ਦੀ ਬਖਸ਼ਿਸ਼ ਹੋਈ। ਦੇਗ ਭੁੱਖ ਨੂੰ ਦੂਰ ਕਰਨ ਵਾਸਤੇ ਅਤੇ ਤੇਗ ਜ਼ੁਲਮ ਦਾ ਨਾਸ਼ ਕਰਨ ਵਾਸਤੇ। ਜ਼ੁਲਮ ਦੇ ਸਤਾਏ ਹੋਏ ਲੋਕਾਂ ਨੂੰ ਦੋ ਹੀ ਚੀਜ਼ਾਂ ਦੀ ਲੋੜ ਹੁੰਦੀ ਏ। ਭੁੱਖਿਆਂ ਨੂੰ ਰੋਟੀ ਅਤੇ ਜ਼ਾਲਮਾਂ ਕੋਲੋਂ ਉਹਨਾਂ ਦੀ ਜਾਨ ਬਚਾਉਣ ਵਾਸਤੇ ਤਲਵਾਰ, ਜਿਹੜੀ ਮਜ਼ਲੂਮ ਲਈ ਢਾਲ ਦਾ ਕੰਮ ਦੇਵੇ ਅਤੇ ਜ਼ਾਲਮ ਲਈ ਤੇਜ਼ ਕਟਾਰੀ। ਖਾਲਸੇ ਨੂੰ ਦੇਗ ਅਤੇ ਤੇਗ ਦੋਨਾਂ ਦੀ ਹੀ ਬਖਸ਼ਿਸ਼ ਹੋਈ। ਕੇਵਲ ਬਖਸ਼ਿਸ਼ ਹੀ ਨਹੀਂ ਹੋਈ ਸਗੋਂ "ਦੇਗ ਤੇਗ ਫ਼ਤਹਿ" ਦਾ ਵਰ ਵੀ ਮਿਲਿਆ। ਇਸ ਵਰ ਦਾ ਸਦਕਾ ਖਾਲਸਾ ਜੀ ਜਿੱਧਰ ਵੀ ਜਾਂਦਾ ਉਸ ਦੇ ਲੰਗਰ ਵਿਚ ਤੋਟ ਨਾ ਆਉਂਦੀ, ਲੰਗਰ ਅਤੁੱਟ ਵਰਤਦਾ ਅਤੇ ਜਿੱਧਰ ਵੀ ਚੜ੍ਹਾਈ ਕਰਦਾ, ਜਾ ਫ਼ਤਹਿ ਦੇ ਡੰਕੇ ਵਜਾਉਂਦਾ। ਜਿਸ ਵੈਸਾਖੀ ਵਾਲੇ ਦਿਨ ਖਾਲਸਾ ਫ਼ੌਜ ਖੜ੍ਹੀ ਕੀਤੀ ਗਈ ਉਸ ਦਿਨ ਖਾਲਸਾ ਪੰਥ (ਫ਼ੌਜ) ਦੀ ਚੜ੍ਹਦੀ ਕਲਾ ਵਾਸਤੇ ਅਕਾਲ ਪੁਰਖ ਜੀ ਅੱਗੇ ਅਰਦਾਸ ਕੀਤੀ ਗਈ ਜਿਸ ਵਿਚ ਹੇਠ ਲਿਖੀਆਂ ਮੰਗਾਂ ਮੰਗੀਆਂ ਗਈਆਂ:

1. ਸੰਬੂਹ ਖਾਲਸਾ ਜੀ ਕੋ ਨਾਮ ਚਿੱਤ ਆਵੇ।
2. ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ।
3. ਦੇਗ ਤੇਗ ਫਤਹਿ।
4. ਬਿਰਦ ਕੀ ਪੈਜ, ਪੰਥ ਕੀ ਜੀਤ।
5. ਗੁਰੂ ਖਾਲਸੇ ਜੀ ਕੇ ਬੋਲ ਬਾਲੇ ਹੋਵਣ।

ਅਕਾਲ ਪੁਰਖ ਦੇ ਹੁਕਮ ਨਾਲ ਖਾਲਸਾ ਫ਼ੌਜ ਸਥਾਪਤ ਹੋਈ। ਜਿਸ ਦਾ ਸੁਪਰੀਮ ਕਮਾਂਡਰ ਖੁਦ ਅਕਾਲ ਪੁਰਖ ਹੋਵੇ ਉਸਨੂੰ ਕਿਸ ਦੀ ਕਾਣ? "ਜਿਸ ਦਾ ਸਾਹਿਬ ਡਾਢਾ ਹੋਇ ਤਿਸੁ ਨੂੰ ਮਾਰਿ ਨਾ ਸਕੇ ਕੋਇ।" ਖਾਲਸਾ ਅਕਾਲ ਪੁਰਖ ਦੀ ਆਪਣੀ ਫ਼ੌਜ, ਸੋ ਖਾਲਸਾ ਅਕਾਲ ਪੁਰਖ ਦਾ। ਤਾਹੀਂਓ ਤੇ ਇੱਕ ਦੂਜੇ ਨੂੰ ਮਿਲਣ ਜਾਂ ਵਿਛੜਨ ਸਮੇਂ ਇਸ ਅਕਾਲੀ ਫ਼ੌਜ ਦੇ ਫ਼ੌਜੀ ਇਹ ਬੋਲਾ ਬੋਲਦੇ ਹਨ:"ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫ਼ਤਹਿ।"

ਭਾਵ ਇਹ ਕਿ ਖਾਲਸਾ ਵਾਹਿਗੁਰੂ (ਅਕਾਲ-ਪੁਰਖ) ਦਾ ਹੈ ਅਤੇ ਇਹਨਾ ਦੀ ਫ਼ਤਹਿ ਵਾਹਿਗੁਰੂ ਦੀ ਫ਼ਤਹਿ ਹੈ।


www.AKJ.Org

## ਆਰਤ, ਆਰਤਾ ਅਤੇ ਆਰਤੀ

(ਤੀਜੀ ਕਿਸ਼ਤ)

(ਮਾਲਿਕ ਸਿੰਘ, ਕੈਮਿਸਟ ਇੰਨਚਾਰਜ, ਮਿਲਕ ਪਲਾਂਟ, ਮੁਹਾਲੀ (ਪੰਜਾਬ)

"ਗੁਰਬਾਣੀ ਇਸੁ ਜਗ ਮਹਿ ਚਾਨਣੁ" ਅੰਦਰ ਜਿਤਨੇ ਵੀ ਭਗਤ, ਭੱਟ, ਜਾਂ ਹੋਰ ਮਹਾਂਪੁਰਸ਼ਾ ਦੀ ਬਾਣੀ ਅੰਕਤ ਹੈ, ਉਹਨਾਂਸਭਨਾ ਦੀ ਵਿਚਾਰਧਾਰਾ ਅਤੇ ਗੁਰੂ ਸਾਹਿਬਾਂ ਦੀ ਵਿਚਾਰਧਾਰਾਬਿਲਕੁੱਲ ਇਕ ਹੀ ਹੈ ਤੇ ਉਹ ਹੈ ਨਿਰਗੁਣ ਪ੍ਰਭੂ ਦੀ ਉਪਾਸਨਾ। ਸਾਰੇ ਹੀ ਮਹਾਂਪੁਰਸ਼ ਸੱਚੇ ਗਿਆਨ ਦੀ ਪ੍ਰਾਪਤੀ ਤੋਂ ਪਹਿਲਾਂ ਭਾਵੇਂ ਮੂਰਤੀ ਪੂਜਾ, ਦੇਵ ਪੂਜਾ, ਜਾਂ ਹੋਰ ਇਸੇ ਤਰ੍ਹਾਂ ਦੀ ਉਪਾਸਨਾ ਕਰਦੇ ਰਹੇ ਜਾਂ ਤੀਰਥਾਂ ਅਤੇ ਹੋਰ ਕਰਮ ਕਾਂਡਾਂ ਵਿਚ ਲੱਗੇ ਰਹੇ ਪਰ ਆਖਰ ਸਭ ਕੁਝ ਤਿਆਗ ਕੇ ਨਿਰਗੁਣ ਦੇ ਉਪਾਸਕ ਬਣੇ ਤੇ ਉਥੋਂ ਹੀ ਸੱਚਾ ਗਿਆਨ ਪ੍ਰਾਪਤ ਹੋਇਆ ਤੇ ਉਹਨਾਂ ਸਾਰੇ ਹੀ ਮਹਾਂਪੁਰਸ਼ਾਂ ਨੇ ਲੁਕਾਈ ਨੂੰ ਸਿੱਧਾ ਤੇ ਸੌਖਾ ਇੱਕੋ ਹੀ ਮਾਰਗ "ਨਿਰਗੁਣ ਦੀ ਉਪਾਸਨਾ" ਹੀ ਦ੍ਰਿੜ ਕਰਾਇਆ ਜਿਵੇਂ ਕਿ :-

ਰਹਿਓ ਸੰਤ ਹਉ ਟੋਲਿ ਸਾਧ ਬਹੁ ਤੇਰੇ ਡਿੱਠੇ"
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ।।
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ।।

ਇਸ ਤੋਂ ਛੁੱਟ ਸਾਡੇ ਸਾਮਣੇ ਸ੍ਰੀ ਗੁਰੂ ਅਮਰ ਦਾਸ ਜੀ ਦਾ ਗੁਰਸ਼ਰਨ ਵਿੱਚ ਆਣ ਤੋਂ ਪਹਿਲਾ ੨੦ ਵਾਰੀ ਤੀਰਥ ਯਾਤਰਾ ਕਰਨਾ ਅਤੇ ਫਿਰ ਇਸ ਦਾ ਤਿਆਗ ਕਰ ਕੇ ਨਿਰਗੁਣ ਦੀ ਉਪਾਸਨਾ ਵਿਚ ਲੱਗ ਕੇ ਗੁਰ-ਗੱਦੀ ਦੀ ਪ੍ਰਾਪਤੀ ਕਰਨਾ ਹੋਰ ਐਸੇ ਅਨੇਕਾਂ ਹੀ ਨਿਰਗੁਣ ਦੀ ਉਪਾਸਨਾ ਦੀ ਪ੍ਰੋੜਤਾ ਦੇ ਪ੍ਰਮਾਣ ਹਨ । ਹੁਣ ਦੇਖੀਏ ਕਿ ਆਰਤੀ ਦੇ ਸ਼ਬਦਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੇ ਭਗਤਾਂ ਦੇ ਸ਼ਬਦ, ਸਾਨੂੰ ਕਿਵੇਂ ਸਰਗੁਣ ਦੀ ਉਪਾਸਨਾ ਤੋਂ ਉੱਚਾ ਉਠਾ ਕੇ ਨਿਰਗੁਣ ਦੀ ਉਪਾਸਨਾ ਨਾਲ ਜੋੜਦੇ ਹਨ।

ਆਰਤੀ ਸਬੰਧਕ ਸਾਨੂੰ ਥੱਲੇ ਲਿਖੇ ਚਾਰ ਭਗਤਾਂ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਤ ਕੀਤੇ ਮਿਲਦੇ ਹਨ ਜੋ ਇਸ ਤਰ੍ਹਾਂ ਹਨ:-

1. ਭਗਤ ਰਵਿਦਾਸ ਜੀ ਦੀ ਵਿਚਾਰਧਾਰਾ

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।।**
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ।।੧।। ਰਹਾਉ।।
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ,
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।।
ਨਾਮੁ ਤੇਰਾ ਅੰਭੁਲਾ ਨਾਮ ਤੇਰੋ ਚੰਦਨੋਂ ,
ਘਸਿ ਜਪੇ ਲੇ ਤੁਝਹਿ ਕਉ ਚਾਰੇ।।੧।।
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ,
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ।।
ਨਾਮ ਤੇਰੇ ਕੀ ਜੋਤਿ ਲਗਾਈ,
ਭਇਓ ਉਜਿਆਰੋ ਭਵਨ ਸਗਲਾਰੇ।।੨।।
ਨਾਮ ਤੇਰੋ ਤਾਗਾ ਨਾਮੁ ਫੂਲ ਮਾਲਾ,
ਭਾਰ ਅਠਾਰਹ ਸਗਲ ਜੂਠਾਰੇ।।
........ਦਸ ਅਠਾ ਅਠਸਠੇ ਚਾਰੇ ਖਾਣੀ,
ਇਹੈ ਵਰਤਣਿ ਹੈ ਸਗਲ ਸੰਸਾਰੇ।।
ਕਹਿ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ।।੪।।੩।। (੬੯੪)

ਉਪਰੋਕਤ ਭਗਤ ਜੀ ਦੀ ਰਹਾਉ ਦੀ ਪੰਕਤੀ ਨਾਮੁ ਤੇਰੋ ਆਰਤੀ ਮਜਨੁ ਮੁਰਾਰੇ। ਹਰਿ ਕੇ ਨਾਮੁ ਬਿਨੁ ਝੂਠੇ ਸਗਲ ਪਸਾਰੇ। ਭਗਤ ਜੀ ਦਾ ਸਿਧਾਂਤ ਬਿਲਕੁੱਲ ਸਪੱਸ਼ਟ ਕਰਦੀ ਹੈ ਕਿ ਨਾਮ ਬਿਨਾਂ ਹੋਰ ਸਗਲ ਪਸਾਰੇ, ਅਡੰਬਰ, ਸੰਕਟ ਹਨ। ਬਾਕੀ ਸਾਰੇ ਸ਼ਬਦ ਵਿਚ ਆਪਣੇ ਸਿਧਾਂਤ ਨੂੰ ਸਪੱਸ਼ਟ ਕਰਦੇ ਹਨ ਕਿ ਨਾਮ ਹੀ ਮੇਰੀ ਸੱਚੀ ਆਰਤੀ ਹੈ, ਮੇਰੇ ਲਈ ਨਾਮ ਹੀ ਤੇਰਾ ਆਸਨ ਹੈ, ਨਾਮ ਹੀ ਚੰਦਨ ਹੈ ਤੇ ਨਾਮ ਹੀ ਚੰਦਨ ਘਸਾਉਣ ਲਈ ਸਿੱਲ ਹੈ, ਨਾਮ ਹੀ ਕੇਸਰ ਹੈ।ਨਾਮ ਹੀ ਪਾਣੀ, ਦੀਵਾ, ਵੱਟੀ ਤੇਲ, ਚਉਰ, ਫੁੱਲ ਆਦਿ ਹੈ।

ਅੱਗੇ ਜਾ ਕੇ ਭਗਤ ਜੀ ਹੋਰ ਸਪਸ਼ਟ ਕਰਦੇ ਹਨ ਕਿ ਹੇ ਪ੍ਰਭੂ ਸਾਰੇ ਜਗਤ ਪਦਾਰਥ ਤੇਰੇ ਹੀ ਬਣਾਏ ਹਨ ਮੈਂ ਤੇਰੇ ਅੱਗੇ ਕੀ ਅਰਪਨ ਕਰਾਂ। ਜਿੱਥੇ ਇਹ ਸ਼ਕਤੀ ਸੱਚਾਈ ਦਾ ਪ੍ਰਗਟਾਵਾ ਕਰਦੀ ਹੈ ਉਥੇ ਨਿਮ੍ਰਤਾ ਤੇ ਅਰਦਾਸ ਜੁਗਤੀ ਭੀ ਦਰਸਾਉਂਦੀ ਹੈ ਅਤੇ ਅਰਦਾਸ ਜੁਗਤੀ ਭੀ ਦੱਸਦੀ ਹੈ ਕਿ ਕੇਵਲ ਨਾਮ, ਸਿਫਤੋਂ ਸਲਾਹ ਕਰਨਾ ਹੀ ਸੱਚੀ ਭੇਟਾ ਹੈ। ਬਾਕੀ ਸਭ ਅਡੰਬਰ ਹੀ ਹਨ ਇਹ ਭੇਟਾ ਕਰਤਾਰ ਨੂੰ ਭਾਉਂਦੀ ਹੈ।ਇਸੇ ਦੀ ਪੁਸ਼ਟੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ" ਹੀ ਸੱਚੀ ਸੁੱਚੀ ਭੇਟਾ ਨਾਲ ਪ੍ਰਭੂ ਪ੍ਰਸੰਨ ਹੁੰਦਾ ਹੈ। ਪੁੰਨਾ : ਕਿਆ ਦੇਵਉ ਜਾ ਸਭੁ ਕਿਛੁ ਤੇਰਾ।

ਸਦ ਬਲਿਹਾਰਿ ਜਾਉਂ ਲਖ ਬੇਰਾ" (੮੮੭)

ਧੂਪ ਦੀਪ, ਫੁੱਲ ਦੁੱਧ ਆਦਿ ਦੀ ਭੇਟਾ ਦੀ ਵਿਰੋਧਤਾ, ਭਗਤ ਜੀ ਇੱਕ ਹੋਰ ਸ਼ਬਦ ਰਾਹੀਂ, ਇਸ ਤਰ੍ਹਾਂ ਕਰਦੇ ਹਨ:-

ਦੂਧੁਤ ਬਛਰੈ ਥਨਹੁ ਬਿਟਾਰਿਓ।।
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ। ੧।
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।।
ਅਵਰੁ ਨ ਫੂਲੁ ਅਨੂਪ ਨ ਪਾਵਉ।। ਰਹਾਉ।।
ਮੈਲਾਗਰ ਬੇਰ੍ਹੇ ਹੈ ਭੁਇਅੰਗਾ।।
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ।।੨
ਧੂਪੁ ਦੀਪ ਨਈ ਬੇਦਹਿ ਬਾਸਾ।।
ਕੈਸੇ ਪੂਜ ਕਰਹਿ ਤੇਰੀ ਦਾਸਾ ।।੩
ਤਨੁ ਮਨੁ ਅਰਪਉ ਪੂਜ ਚਰਾਵਉ।।
ਗੁਰ ਪ੍ਰਸਾਦਿ ਨਿਰੰਜਨੁ ਪਾਵਉ ।।੪
ਪੂਜਾ ਅਰਚਾ ਆਹਿ ਨ ਤੋਰੀ।।
ਕਹਿ ਰਵਿਦਾਸ ਕਵਨ ਗਤਿ ਮੋਰੀ ।।੫।।੧।(ਪੰਨਾ ਪ੨੫)

ਸੋ ਭਗਤ ਰਵਿਦਾਸ ਜੀ ਦੇ ਉਪਰੋਕਤ ਸ਼ਬਦਾ ਵਿਚ ਕਿਧਰੇ ਵੀ ਅਨਮਤਿ ਆਰਤੀ ਦੀ ਵਿਧੀ ਸੰਕੇਤ ਮਾਤ੍ਰ ਭੀ ਨਹੀਂ ਕਰਦੇ ਜਾਂ ਹਾਮੀ ਭਰਦੇ। ਭਗਤ ਸੈਣ ਜੀ ਦੀ


www.AKJ.Org

ਵਿਚਾਰਧਾਰਾ ਭਗਤ ਜੀ ਰਹਾਉ ਦੀ ਪੰਕਤੀ :

"ਮੰਗਲਾ ਹਰਿ ਮੰਗਲਾ। ਨਿਤ ਮੰਗਲੁ ਰਜਾ ਰਾਮ ਰਾਇ ਕੋ।। ਰਹਾਉ।।"

ਹੇ ਪ੍ਰਭ !ਮੇਰੇ ਅੰਤਰ ਆਤਮੇ ਤੇਰੀ ਮੇਹਰ ਦਾ ਸਦਕਾ, ਸਿਮਰਨ ਦਾ ਸਦਕਾ ਸਦਾ ਆਨੰਦ, ਹੀ ਆਨੰਦ, ਖੇੜਾ, ਖੁਸ਼ੀ ਹੀ ਖੁਸ਼ੀ, ਚਾਉ ਹੀ ਚਾਓ ਪ੍ਰਸੰਨਤਾ ਹੀ ਪ੍ਰਸੰਨਤਾ, ਠਾਠਾਂ ਮਾਰ ਰਿਹਾ ਹੈ। ਮੈਂ ਤੇਰੇ ਤੋਂ ਵਾਰਨੇ ਬਲਿਹਾਰੇ ਜਾਦਾਂ ਹਾਂ ਇਹ ਹੀ ਮੇਰੇ ਲਈ, ਧੂਪ,ਦੀਵਾ,ਘਿਉ,ਬੱਤੀ,ਤੇਲ... ਆਦਿ ਦੀ ਥਾਂ ਤੇ ਤੇਰਾ ਨਾਮ ਹੀ ਹੈ। ਸਾਰਾ ਸ਼ਬਦ ਇਸ ਤਰ੍ਹਾਂ ਹੈ:-

ਧੂਪ ਦੀਪ ਘ੍ਰਿਤ ਸਾਜਿ ਆਰਤੀ।।
ਵਾਰਨੇ ਜਾਉ ਕਮਲਾਪਤੀ ।।੧।।
ਮੰਗਲਾ ਹਰਿ ਮੰਗਲਾ।।
ਨਿਤ ਮਗੰਲੁ ਰਾਜਾ ਰਾਮ ਰਾਇ ਕੋ ।।੧।। ਰਹਾਉ।।
ਊਤਮੁ ਦੀਅਰਾ ਨਿਰਮਲ ਬਾਤੀ।।
ਤੁਹੀ ਨਿਰੰਜਨੁ ਕਮਲਾਪਤਿ ।।੨।।
ਰਾਮਾ ਭਗਤਿ ਰਾਮਾ ਨੰਦੁ ਜਾਨੈ।।
ਪੂਰਨ ਪਰਮਾਨੰਦੁ ਬਖਾਨੈ ।।੩।।
ਮਦਨ ਮੂਰਤਿ ਭੈ ਤਾਰਿ ਗੋਬਿੰਦੇ
ਸੈਨੁ ਭਣੈ ਭਜੁ ਪਰਮਾਨੰਦੇ ।।੪ (੬੯੫)

ਸੋ ਉਪਰੋਕਤ ਸ਼ਬਦ ਵਿਚ ਜਿਥੇ ਭਗਤ ਸੈਣ ਜੀ ਆਪਣੇ ਆਪ ਨੂੰ ਨਿਰਗੁਣ ਦਾ ਉਪਾਸ਼ਕ ਸਿੱਧ ਕਰਦੇ ਹਨ ਉਥੇ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਚੱਲਤ ਆਰਤੀ ਦੀ ਵਿਧੀ ਦੀ ਪੂਰਨ ਤੌਰ ਤੇ ਨਿਖੇਧੀ ਕੀਤੀ ਮਿਲਦੀ ਹੈ ਤੇ ਸੱਚੀ ਆਰਤੀ ਪ੍ਰਭੂ ਦਾ ਨਾਮ ਉਸ ਦੀ ਉਸਤਤਿ ਕਰਨਾ ਹੀ ਹੈ ਨ ਕਿ ਹੋਰ ਕਿਸੇ ਅਡੰਬਰ, ਕਰਮ ਕਾਂਡ ਵਿਚ ਗਲਤਾਨ ਹੋਣਾ ਹੈ।

ਭਗਤ ਕਬੀਰ ਜੀ ਦੀ ਵਿਚਾਰਧਾਰਾ

ਸੁੰਨ ਸੰਧਿਆਂ ਤੇਰੀ ਦੇਵ ਦੇਵਾਕਰ
ਅਧਪਤਿ ਆਦਿ ਸਮਾਈ।।
ਸਿਧ ਸਮਾਧਿ ਅੰਤੁ ਨਹੀਂ
ਪਾਇਆ ਲਾਗਿ ਰਹੇ ਸਰਨਾਈ ।।੧।।
ਲੇਹੁ ਆਰਤੀ ਹੋ ਪੁਰਖ ਨਿਰੰਜਨੁ
ਸਤਿਗੁਰ ਪੂਜਹੁ ਭਾਈ।।
ਠਾਢਾ ਬ੍ਰਹਮਾ ਨਿਗਮ ਬੀਚਾਰੈ,
ਅਲਖੁ ਨ ਲਖਿਆ ਜਾਈ ।।੧।। ਰਹਾਓ

ਉਪ੍ਰੋਕਤ ਭਗਤ ਕਬੀਰ ਜੀ ਦੇ ਪੂਰੇ ਸ਼ਬਦ ਦੀ ਵਿਆਖਿਆ ਡਾ: ਸਾਹਿਬ ਸਿੰਘ ਜੀ ਦੇ ਸ਼ਬਦਾ ਵਿਚ ਇਸ ਤਰ੍ਹਾਂ ਹੈ:-

ਹੇ ਭਾਈ! ਗੁਰੂ ਦੇ ਦਸੇ ਹੋਏ ਰਾਹ ਤੇ ਤੁਰੋ ਤੇ ਉਸ ਪ੍ਰਭੂ ਦੀ ਆਰਤੀ ਉਤਾਰੋ ਜੋ ਮਾਇਆ ਤੋਂ ਰਹਿਤ ਹੈ ਤੇ ਜੋ ਸਭ ਵਿਚ ਵਿਆਪਕ ਹੈ ਜਿਸ ਦੇ ਕੋਈ ਖਾਸ ਚੱਕਰ ਨਹੀਂ ਹਨ, ਜਿਸ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ ਤੇ ਜਿਸ ਦੇ ਦਰ ਤੇ ਖਲੋਤਾ ਬ੍ਰਹਮਾ ਵੇਦ ਵਿਚਾਰ ਕਰ ਰਿਹਾ ਹੈ।।ਰਹਾਉ।। ਹੇ ਦੇਵ! ਹੇ ਚਾਨਣ ਦੀ ਖਾਣ! ਹੇ ਜਗਤ ਦੇ ਮਾਲਕ! ਹੇ ਸਭ ਦੇ ਮੂਲ! ਹੇ ਸਰਬ ਵਿਆਪਕ ਪ੍ਰਭੂ! ਜੋਗ ਅਭਿਆਸ ਵਿਚ ਨਿਪੁੰਨ ਜੋਗੀਆਂ ਨੇ ਸਮਾਧੀਆਂ ਲਾ ਕੇ ਭੀ ਤੇਰਾ ਅੰਤ ਨਹੀਂ ਲੱਭਾ, ਉਹ ਆਖਰ ਤੇਰੀ ਸ਼ਰਨ ਲੈਂਦੇ ਹਨ। ਤੂੰ ਮਾਇਆ ਤੋਂ ਰਹਿਤ ਹੈ ਸੋ ਮਾਇਆ ਦੇ ਫੁਰਨਿਆ ਵਲੋਂ ਮਨ ਨੂੰ ਸਾਫ਼ ਰੱਖਣਾ ਤੇ ਤੇਰੇ ਚਰਨਾਂ ਵਿਚ ਹੀ ਜੁੜੇ ਰਹਿਣਾ, ਇਹ ਹੀ ਤੇਰੀ ਆਰਤੀ ਕਰਨੀ ਹੈ।੧। ਕੋਈ ਵਿਰਲਾ ਹੀ ਗਿਆਨਵਾਨ, ਪ੍ਰਭੂ ਦੀ ਆਰਤੀ ਦਾ ਭੇਤ ਸਮਝਦਾ ਹੈ। ਜਿਸ ਨੇ ਸਮਝਿਆ ਹੈ ਉਸ ਨੇ ਗਿਆਨ ਨੂੰ ਤੇਲ ਬਣਾਇਆ ਹੈ, ਨਾਮ ਨੂੰ ਵੱਟੀ ਤੇ ਸਰੀਰ ਵਿਚ ਨਾਮ ਦੇ ਚਾਨਣ ਨੂੰ ਹੀ ਦੀਵਾ ਬਣਾਇਆ ਹੈ। ਇਹ ਦੀਵਾ ਉਸ ਨੇ ਜਗਤ ਦੇ ਮਾਲਕ ਪ੍ਰਭੂ ਦੀ ਜੋਤਿ ਵਿਚ ਜੁੜ ਕੇ ਜਗਾਇਆ ਹੈ।।੨।। ਹੇ ਵਾਸਨਾ ਰਹਿਤ ਨਿਰੰਕਾਰ! ਹੇ ਸਾਰਿੰਗ ਪਾਣ! ਮੈਂ ਤੇਰੇ ਦਾਸ ਕਬੀਰ ਨੇ ਭੀ ਤੇਰੀ ਇਹੋ ਜਿਹੀ ਆਰਤੀ ਕੀਤੀ ਹੈ ਜਿਸ ਦੀ ਬਰਕਤ ਨਾਲ ਤੂੰ ਮੈਨੂੰ ਅੰਗ ਸੰਗ ਦਿਸ ਰਿਹਾ ਹੈ (ਤੇ ਮੇਰੇ ਅੰਦਰੋਂ ਇਕ ਐਸਾ ਆਨੰਦ ਬਣ ਰਿਹਾ ਹੈ, ਮਾਨੋ) ਪੰਜ ਹੀ ਕਿਸਮਾਂ ਦੇ ਸਾਜ ਮੇਰੇ ਅੰਦਰ ਇਕ ਰਸ ਵੱਜ ਰਹੇ ਹਨ।੩।।

(ਗੁਰੂ ਗ੍ਰੰਥ ਸਾਹਿਬ ਦਰਪਨ ਪੰਨਾ ੧੮੩)

ਭਗਤ ਪੀਪਾ ਜੀ ਦੀ ਵਿਚਾਰਧਾਰਾ---

ਕਾਯਉ ਦੇਵਾ ਕਾਇਉ ਦੇਵਲ
ਕਾਇਅਉ ਜੰਗਮ ਜਾਤੀ।।
ਕਾਇਅਉ ਧੂਪ ਦੀਪ ਨਈ ਬੇਦਾ
ਕਾਇਅਉ ਪੂਜਉ ਪਾਤੀ ।।੧।।

ਉਪ੍ਰੋਕਤ ਸ਼ਬਦ ਭਾਵੇਂ ਆਰਤੀ ਵਾਲੇ ਸ਼ਬਦਾਂ ਨਾਲ ਪੜ੍ਹਨ ਦਾ ਰਿਵਾਜ ਨਹੀਂ ਹੈ ਪਰ ਗਹੁ ਨਾਲ ਦੇਖਿਆ ਵਿਚਾਰਿਆ ਜਾਵੇ ਤਾਂ ਇਸ ਸ਼ਬਦ ਦਾ ਭਾਵਾਰਥ ਹੋਰ ਆਏ ਸਾਰੇ ਆਰਤੀ ਸ਼ਬਦਾ ਨਾਲ ਬਿਲਕੁੱਲ ਮਿਲਦਾ ਜੁਲਦਾ ਹੈ। ਸਾਡੇ ਸਾਮ੍ਹਨੇ ਆਰਤੀ ਦਾ ਸਹੀ ਉਪਦੇਸ਼ ਅਤੇ ਵਿਧੀ ਦਸਦਾ ਹੈ। ਚੰਗਾ ਹੋਏ ਕਿ ਇਹ ਸ਼ਬਦ ਭੀ ਅਸੀਂ ਆਰਤੀ ਦੇ ਸ਼ਬਦਾਂ ਨਾਲ ਪੜ੍ਹਨ ਦਾ ਯਤਨ ਕਰੀਏ। ਇਸ ਦਾ ਭਾਵਾਰਥ ਇਸ ਤਰ੍ਹਾਂ ਹੈ। "ਸੋ ਕਾਇਆ ਦੀ ਖੋਜ ਹੀ ਮੇਰਾ ਦੇਵਤਾ ਹੈ ਜਿਸਦੀ ਮੈਂ ਆਰਤੀ ਕਰਨੀ ਹੈ। ਸਰੀਰ ਦੀ ਖੋਜ ਹੀ ਮੇਰਾ ਮੰਦਰ ਹੈ। (ਜਿਥੇ ਮੈਂ ਸਰੀਰ ਅੰਦਰ ਵਸਦੇ ਪ੍ਰਭੂ ਦੀ ਆਰਤੀ ਕਰਦਾ ਹਾਂ) ਕਾਇਆਂ ਦੀ ਖੋਜ ਹੀ ਮੈਂ ਜੰਗਮ ਅਤੇ ਜਾਤ੍ਰ ਲਈ (ਤੀਰਥ ਦੀ ਜਾਤਾ ਹੈ) ਸਰੀਰ ਦੀ ਖੋਜ ਹੀ (ਮੇਰੇ ਲਈ ਮੇਰੇ ਅੰਦਰ ਵਸਦੇ ਦੇਵਤੇ ਲਈ) ਧੂਪ, ਦੀਪ ਤੇ ਨੈਵੇਦ ਹੈ, ਕਾਇਆ ਦੀ ਖੋਜ (ਕਰਕੇ) ਹੀ, ਮੈਂ, ਮਾਨੋਂ ਪੱਤਰ ਭੇਟ ਰਖ ਕੇ (ਆਪਣੇ ਅੰਦਰ ਵਸਦੇ ਇਸ਼ਟ ਦੇਵ ਦੀ) ਪੂਜਾ ਕਰ ਰਿਹਾ ਹੈ। ਇਸ ਸ਼ਬਦ ਵਿੱਚ ਭਗਤ ਜੀ ਮੂਰਤੀ ਪੂਜਾ ਦੀ ਖੰਡਨਾ ਕਰਦੇ ਹਨ 'ਤੇ ਆਖਦੇ ਹਨ ਕਿ ਮੰਦਰ ਵਿੱਚ ਅਸਥਾਪਨ ਕੀਤੇ ਦੇਵਤੇ ਨੂੰ ਧੂਪ ਦੀਵੇ ਤੇ ਨਾਈਵੇਦ (ਦੁੱਧ ਨਾਲ ਬਨੇ ਸਵਾਦਿਸ਼ਟ ਪਦਾਰਥ) ਪੱਤ੍ਰ ਆਦਿਕ ਦੀ ਭੇਟ ਰਖ ਕੇ ਪੂਜਣ ਦੀ ਥਾਂ ਸਰੀਰ ਅੰਦਰ ਵਸਦੇ ਰਾਮ ਨੂੰ

ਬਾਕੀ ਪੰਨਾ ੩੩ ਤੇ


www.AKJ.Org

# ਆਪੇ ਗੁਰ ਚੇਲਾ

(ਡਾ. ਕੁਲਦੀਪ ਕੌਰ)

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਈ. ਦੀ ਵਿਸਾਖੀ ਵਾਲੇ ਦਿਨ ਅਨੰਦਪੁਰ ਦੀ ਧਰਤੀ ਸੰਗਤਾਂ ਦੇ ਵਿਸ਼ਾਲ ਇਕੱਠ ਵਿਚੋਂ ਸੀਸ ਭੇਟ ਕਰਨ ਲਈ ਨਿਤਰੇ ਪੰਜ ਸਿੱਖਾਂ ਨੂੰ ਅਮ੍ਰਿਤ ਛਕਾ ਗੁਰਮੰਤਰ ਦੀ ਦਾਤ ਬਖਸ਼ੀ ਅਤੇ ਖਾਲਸਈ ਰਹਿਤ-ਬਹਿਤ ਦ੍ਰਿੜ੍ਹ ਕਰਾ ਆਪ ਦਾ ਰੂਪ ਖਾਲਸਾ ਸਜਾਇਆ। ਇਨ੍ਹਾਂ ਪੰਜਾਂ ਨੂੰ ਪਿਆਰਿਆਂ ਦਾ ਲਕਬ ਦੇ ਕੇ ਸਮੂਹ ਸੰਗਤ ਨੂੰ ਹਦਾਇਤ ਦਿੱਤੀ ਕਿ 'ਮੇਰੇ ਤੇ ਇਨ੍ਹਾਂ ਵਿਚ ਕੋਈ ਅੰਤਰ ਨਹੀਂ। ਇਹ ਮੇਰੇ ਪੰਜ ਪਿਆਰੇ ਹਨ, ਮੇਰਾ ਹੀ ਰੂਪ ਹਨ। ਇਨ੍ਹਾਂ ਦਾ ਹੁਕਮ ਮੇਰਾ ਹੁਕਮ ਹੀ ਸਮਝਿਆ ਜਾਵੇ।' ਇਸ ਉਪਦੇਸ਼ ਨੂੰ ਦ੍ਰਿੜ੍ਹ ਕਰਾਉਣ ਲਈ ਅਨੋਖਾ ਕੌਤਕ ਵਰਤਾਇਆ। ਗੁਰੂ ਜੀ ਨੇ ਹੱਥ ਜੋੜ ਨਿਮਰਤਾ ਸਹਿਤ ਉਨ੍ਹਾਂ ਅੱਗੇ ਅਰਜੋਈ ਕਰਕੇ ਅਮ੍ਰਿਤ ਦੀ ਦਾਤ ਦੀ ਮੰਗ ਕਰਦਿਆਂ ਆਖਿਆ : 'ਖਾਲਸਾ ਜੀ! ਤੁਸੀਂ ਮੇਰੇ ਬਣੇ ਹੋ। ਹੁਣ ਮੈਨੂੰ ਆਪਣੇ ਤੋਂ ਵੱਖਰਾ ਨਾ ਰੱਖੋ। ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ, ਆਪਣਾ ਬਣਾਉ ਅਤੇ ਸਿੱਖੀ ਦੇ ਦਾਇਰੇ ਵਿਚ ਲੈ ਆਓ।'

ਇਹ ਜੋਦੜੀ ਗੁਰੂ ਹੁਕਮ ਸਮਾਨ ਪ੍ਰਵਾਨ ਹੋਈ ਅਤੇ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਗੁਰੂ ਜੀ ਨੂੰ ਉਸੇ ਵਿਧੀ ਨਾਲ ਛਕਾਇਆ ਗਿਆ ਜਿਵੇਂ ਉਨ੍ਹਾਂ ਨੇ ਆਪ ਛਕਾਇਆ ਸੀ। ਰਹਿਤ ਕੁਰਹਿਤ ਬਾਰੇ ਵੀ ਸਾਰੇ ਉਪਦੇਸ਼ ਦਿਤੇ ਗਏ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇੱਕ ਹੋਰ ਹੁਕਮ ਵੀ ਹੋਇਆ ' ਹੇ ਗੋਬਿੰਦ ਸਿੰਘ! ਜਦੋਂ ਖਾਲਸਾ ਪੰਥ ਸੱਚੇ ਦਿਲੋਂ ਯਾਦ ਕਰੇ ਤੈਨੂੰ ਦਰਸ਼ਨ ਦੇਣੇ ਪੈਣਗੇ।' ਗੁਰੂ ਜੀ ਨੇ ਇਹ ਹੁਕਮ ਵੀ ਸਿਰ ਮੱਥੇ ਪਰਵਾਨ ਕੀਤਾ।'

ਇਹ ਘਟਨਾ ਅਸਚਰਜਤਾ ਭਰਪੂਰ ਵਿਸਮਾਦਿਕ ਘਟਨਾ ਸੀ। ਵਿਸਮਯ ਹੋਏ ਭਾਈ ਗੁਰਦਾਸ (ਸਿੰਘ) ਜੀ ਨੇ ਕਿਸੇ ਅਨੋਖੇ ਵੇਸ ਵਿਚ ਇਕ ਵਾਰ ਰਚੀ ਜਿਸ ਦੀਆਂ੨੦ ਪਉੜੀਆਂ ਦੀ ਅੰਤਮ ਤੁਕ ਵਿਚ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ" ਕਹਿਕੇ ਕਿਸੇ ਮਸਤ ਅਲਮਸਤ ਅਵਸਥਾ ਵਿਚ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ। ਇਸ ਪੰਕਤੀ ਨੇ ਸਿੱਖ ਸ਼ਰਧਾਲੂਆਂ ਦੇ ਹਿਰਦਿਆਂ ਉੱਤੇ ਅਜਿਹੀ ਛਾਪ ਲਾਈ ਕਿ ਇਹ ਪੰਕਤੀ ਇਕ ਕਾਵਿ ਪੰਕਤੀ ਨਾ ਰਹਿ ਕੇ ਦਸਮੇਸ਼ ਪਿਤਾ ਦੇ ਕਿਰਦਾਰ ਦਾ ਇਕ ਬਿੰਬ ਹੋ ਨਿਬੜੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਗੁਰੂ ਅਤੇ ਚੇਲਾ' ਅਥਵਾ 'ਗੁਰੂ ਅਤੇ ਸਿੱਖ' ਦੇ ਪਰਸਪਰ ਸਬੰਧ ਨੂੰ ਭਲੀ ਭਾਂਤ ਦਰਸਾਇਆ ਗਿਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਇਸ ਸਿੱਧਾਂਤ ਦੀ ਭਰਪੂਰ ਵਿਆਖਿਆ ਮਿਲਦੀ ਹੈ। ਭਾਵੇਂ 'ਗੁਰੂ ਚੇਲਾ' ਦਾ ਸਿਧਾਂਤ ਵਿਸ਼ੇਸ਼ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੀ ਜੋੜਿਆ ਜਾਂਦਾ ਹੈ ਪਰੰਤੂ ਗੁਰਬਾਣੀ ਤੇ ਗੁਰੂ ਇਤਿਹਾਸ ਨੂੰ ਪੜ੍ਹਨ ਤੇ ਵਿਚਾਰਨ ਨਾਲ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇਸ ਸਿਧਾਂਤ ਦੀ ਸਥਾਪਨਾ ਤੇ ਪਾਲਣਾ ਹੁੰਦੀ ਰਹੀ ਹੈ :-

ਆਪੇ ਗੁਰ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ।।
(ਬਿਲਾਵਲ ਮਹਲਾ ੩, ਪੰਨਾ -੭੯੭)

ਆਪੇ ਗੁਰ ਚੇਲਾ ਹੈ ਆਪੇ ਆਪੇ ਹਰਿ ਪ੍ਰਭ ਚੋਜ ਵਿਡਾਨੀ।।
(ਧਨਾਸਰੀ ਮਹਲਾ ੪, ਪੰਨਾ - ੬੬੯)

ਤੂ ਆਪੇ ਗੁਰ ਚੇਲਾ ਹੈਂ ਆਪੇ ਗੁਰ ਵਿਚੁ ਦੇਹ ਤੁਝਹਿ ਧਿਆਈ।।
(ਰਾਗ ਸੂਹੀ ਅਸਟਪਦੀ ਮਹਲਾ ੪ ਪੰਨਾ-੭੫੮)

ਗੁਰ ਸਿਖ ਸਿਖ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ।।
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ।।
(ਆਸਾ ਛੰਤ ਮਹਲਾ ੪ ਪੰਨਾ - ੪੪੪)

ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਉਪਾਇ ਸਮਾਇਆ।।
(ਭਾਈ ਗੁਰਦਾਸ ਜੀ, ਵਾਰ ੨੪, ਪਉੜੀ-੯)

ਗੁਰੂ ਚੇਲਾ ਪਰਵਾਣੁ ਕਰ, ਚਾਰ ਵਰਣ ਲੈ ਪੈਰੀ ਪਾਇਆ।।
(ਭਾਈ ਗੁਰਦਾਸ ਜੀ, ਵਾਰ ੨੪, ਪਉੜੀ-੧੨)

ਗੁਰ ਚੇਲਾ ਚੇਲਾ ਗੁਰੂ ਗੁਰਸਿਖੁ ਸਦਾਵੈ।।
(ਭਾਈ ਗੁਰਦਾਸ ਜੀ, ਵਾਰ-੨੮, ਪਉੜੀ-੧੬)

ਆਦਿ ਪੁਰਖ ਆਦੇਸ਼ ਹੈ ਅਲਖ ਨਿਰੰਜਨ ਨੇਹੁ ਨਿਵੇਲਾ।।
ਚੇਲੇ ਤੇ ਗੁਰ ਗੁਰੂ ਤੇ ਚੇਲਾ।।
(ਭਾਈ ਗੁਰਦਾਸ ਜੀ, ਵਾਰ-੨੬, ਪਉੜੀ-੧੭)

ਗੁਰ ਇਤਿਹਾਸ ਵਲ ਪਰਤੀਏ । ਗੁਰਗੱਦੀ ਉੱਤੇ ਸ਼ਸ਼ੋਭਿਤ ਗੁਰ ਵਿਅਕਤੀ ਆਪਣੀ ਸੰਸਾਰਕ ਯਾਤਰਾ ਦੌਰਾਨ ਸਯੋਗ ਅਧਿਕਾਰੀ ਅਤੇ ਆਪਾ ਸਮਰਪਿਤ ਸਿਖ ਦੀ ਪਰਖ ਕਰਕੇ ਗੁਰਿਆਈ ਦੀ ਜ਼ੁੰਮੇਵਾਰੀ ਸੌਂਪ ਦਿੰਦੇ ਰਹੇ। ਪ੍ਰਕ੍ਰਿਆ ਦੀ ਕਸੌਟੀ 'ਸਤਿਗੁਰ ਅਗੇ ਸੀਸ ਭੇਟ ਦਿਉਂ ਦਾ ਸਿਧਾਂਤ ਹੀ ਹੁੰਦਾ ਸੀ। ਪੂਰਨ ਤੌਰ ਤੇ ਆਪਾ ਸਮਰਪਨ, ਆਪਣੀ ਇੱਛਾ ਨੂੰ ਗੁਰੂ ਦੀ ਇੱਛਾ ਅਧੀਨ ਕਰਨਾ, ਗੁਰੂ ਅੱਗੇ ਸੀਸ ਝੁਕਾਉਣ ਪਿਛੋਂ ਸ੍ਵੈ ਬੁਧੀ ਨੂੰ ਹੁਕਮ ਦੇ ਕੁੰਡੇ ਨਾਲ ਬੰਨ੍ਹ ਕੇ 'ਹੁਕਮ ਰਜਾਈ ਚਲਣਾ' ਦੇ ਆਦਰਸ਼ ਨੂੰ ਅਮਲੀ ਰੂਪ ਵਿਚ ਅਪਨਾਉਣ ਵਾਲੇ ਸਿੱਖ ਨੂੰ ਹੀ ਗੁਰਗੱਦੀ ਦੇ ਯੋਗ ਸਮਝਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਭਾਈ ਲਹਿਣਾ ਜੀ ਨੂੰ ਦਿੱਤੀ : -

ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।
ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰ ਛਤ੍ਰ ਫਿਰਾਇਆ।
ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ ਆਚਰ ਜੇ ਆਚਰਜ ਦਿਖਾਇਆ।
ਕਾਇਆ ਪਲਟ ਸਰੂਪੁ ਬਣਾਇਆ।
(ਭਾਈ ਗੁਰਦਾਸ ਜੀ ਵਾਰ ਪਹਿਲੀ, ਪਉੜੀ-੪੫)

ਜਾਣੀ ਜਾਣ ਸਤਿਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਪਹਿਲੀ ਮਿਲਣੀ ਵੇਲੇ ਹੀ ਪਛਾਣ ਲਿਆ ਸੀ ਕਿ ਗੁਰਗਦੀ ਦਾ ਵਾਰਸ ਆ ਪਹੁੰਚਿਆ ਹੈ। ਘੋੜੀ ਤੇ ਚੜ੍ਹ ਕੇ ਆਏ ਲਹਿਣੇ ਦਾਰ ਦੀ ਘੋੜੀ ਦੀ ਵਾਗ ਫੜ ਕੇ ਟਿਕਾਣੇ ਪਹੁੰਚਿਆ। ਉਪਰੰਤ ਗੁਰੂ ਰੂਪ ਵਿਚ ਦਰਸ਼ਨ ਦੇ ਕੇ ਨਿਹਾਲ ਕੀਤਾ।


www.AKJ.Org

ਪਸਚਾਤਾਪ ਕਰ ਰਹੇ ਭਾਈ ਲਹਿਣਾ ਜੀ ਨੂੰ ਨਿਮ੍ਰਤਾ ਅਤੇ ਪਿਆਰ ਭਿੱਜੇ ਬੋਲਾਂ ਰਾਹੀਂ ਪਛਤਾਵੇ ਦੇ ਸਾਗਰ ਵਿਚੋਂ ਬਾਹਰ ਧੂ ਕਢਿਆ, ਝਾੜਿਆ, ਪੂੰਝਿਆ, ਸੰਵਾਰਿਆ, ਸਿੰਗਾਰਿਆ ਤੇ ਲਿਸ਼ਕਾਇਆ। ਚੰਗੀ ਤਰ੍ਹਾਂ ਪਰਖ ਕੀਤੀ ਅਤੇ ਆਪਣੀ ਪਾਰਸ ਛੁਹ ਨਾਲ ਸਿਖ ਤੋਂ ਗੁਰੂ ਬਣਾ ਦਿਤਾ ਅਤੇ ਆਪਣੀ ਗੁਰੂ ਪਦਵੀ ਨੂੰ ਸਿਖ ਰੂਪ ਵਿਚ ਲੈ ਆਂਦਾ। ਸੰਸਾਰ ਯਾਤਰਾ ਪੂਰੀ ਕਰਨ ਤੋਂ ਪਹਿਲਾ ਹੀ ਗੁਰੂ ਜੋਤ ਦਾ ਪ੍ਰਵੇਸ਼ ਭਾਈ ਲਹਿਣਾ ਜੀ ਵਿਚ ਕਰਾ ਕੇ, ਚੇਲੇ ਨੂੰ ਗੁਰੂ ਬਣਾ ਉਸਦੇ ਚੇਲੇ ਬਣ ਗਏ :-

ਗੁਰ ਚੇਲੇ ਰਹਿਰਾਸ ਕੀਈ ਨਾਨਕ ਸਲਾਮਤ ਥੀਵਦੇ।
ਸਹਿ ਟਿੱਕਾ ਦਿਤੋ ਸੁ ਜੀਵਦੇ। (ਵਾਰ ਸੱਤਾ ਬਲਵੰਡ)

ਗੁਰੂ ਨਾਨਕ ਦੇ ਅੰਗ ਦੀ ਪਾਰਸ ਛੁਹ ਨਾਲ ਭਾਈ ਲਹਿਣਾ ਗੁਰੂ ਅੰਗਦ ਬਣੇ। ਗੁਰੂ ਨਾਨਕ ਦੀ ਆਗਿਆ ਨਾਲ ਗੁਰੂ ਅੰਗਦ ਦੇਵ ਜੀ ਨੇ 'ਬੈਠ ਖਡੂਰੇ ਜੋਤ ਜਗਾਈ।' ਸਿਖ ਰੂਪ ਧਾਰਨ ਕਰ ਗੁਰੂ ਨਾਨਕ ਦੇਵ ਜੀ ਚਾਰ ਮਹੀਨੇ ਸੰਸਾਰ ਵਿਚ ਵਿਚਰਦੇ ਰਹੇ ਅਤੇ ਸਮੇਂ ਸਮੇਂ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਜਾਂਦੇ ਰਹੇ। 'ਆਪੇ ਗੁਰ ਚੇਲਾ' ਹੋਣ ਦੀ ਇਹ ਪਹਿਲੀ ਮਿਸਾਲ ਸੀ। ਭਾਵੇਂ ਸਤਿਗੁਰੂ ਜੀ ਨੇ ਪਹਿਲੀ ਮਿਲਣੀ ਵੇਲੇ ਹੀ ਗੁਰੂ ਅੰਗਦ ਦੇਵ ਜੀ ਨੂੰ ਪਛਾਣ ਲਿਆ ਸੀ, ਫਿਰ ਵੀ ਪੂਰੀ ਪਰਖ ਤੋਂ ਪਿਛੋਂ ਹੀ ਗੁਰਿਆਈ ਦੀ ਬਖ਼ਸ਼ਿਸ਼ ਕੀਤੀ। ਆਪਣੇ ਪੁੱਤਰਾਂ, ਨਾਮ ਰਸੀਏ ਨਿਸ਼ਕਾਮ ਸਿੱਖ ਸੇਵਕਾ ਅਤੇ ਸਮੂਹ ਸਿੱਖ ਸੰਗਤ ਦੇ ਸਨਮੁੱਖ ਕਈ ਪ੍ਰਕਾਰ ਦੇ ਕੌਤਕ ਰਚਾ ਕੇ ਭਾਈ ਲਹਿਣਾ ਜੀ ਦੀ ਆਪਾ ਸਮਰਪਿਤ ਸਖ਼ਸ਼ੀਅਤ ਨੂੰ ਉਘਾੜਨਾ ਜਰੂਰੀ ਸਮਝਿਆ। ਫਿਰ: ਲਹਣੇ ਧਰਿਓਨਿ

ਛਤ ਸਿਰ ਅਸਮਾਨ ਕਿਆੜਾ ਛਿਕਿਓਨੁ।
ਜੋਤ ਸਮਾਈ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ।
ਸਿਖਾਂ ਪੁਤ੍ਰਾਂ ਘੋਖਿ ਕੇ ਸਭ ਉਮਤਿ ਵੇਖਹੁ ਜਿ ਕਿਓਨੁ।
ਜਾਂ ਸੁਧੋਸੁ ਤਾ ਲਹਿਣਾ ਟਿਕਿਓਨੁ। ( ਵਾਰ ਸਤਾ ਬਲਵੰਤ)

ਬੱਸ ਫਿਰ ਕੀ ਸੀ ? ਸਾਰੀਆਂ ਸ਼ਕਤੀਆਂ ਗੁਰੂ ਅੰਗਦ ਦੇਵ ਜੀ ਵਿਚੋਂ ਪ੍ਰਕਾਸ਼ਤ ਹੋਣ ਲਗੀਆਂ।'ਗੁਰਮਤਿ ਪ੍ਰਕਾਸ਼' ਦਾ ਕਾਰਜ ਨਿਭਾਉਂਦਿਆਂ ਹੋਇਆਂ ਜਦੋ ਗੁਰੂ ਅੰਗਦ ਦੇਵ ਜੀ ਦੀ ਜੋਤ ਦਾ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਵਿਚ ਅਭੇਦ ਹੋਣ ਦਾ ਸਮਾਂ ਆ ਪਹੁੰਚਿਆ ਤਾਂ ਆਪਨੇ ਆਪਣੇ ਸਿੱਖ 'ਅਮਰਦਾਸ' ਅਗੇ ਸੀਸ ਝੁਕਾ ਕੇ ਨਮਸ ਕਾਰ ਕੀਤੀ। ਅਨਿੰਨ ਸੇਵਕ ਗੁਰਿਆਈ ਦਾ ਅਧਿਕਾਰੀ ਬਣਿਆ। 'ਅੰਗਦ' 'ਅਮਰ' ਦਾ ਭੇਦ ਮਿਟ ਗਿਆ :-

ਗੁਰ ਬੈਠਾ ਅਮਰ ਸਰੂਪ ਹੋਇ ਗੁਰਮੁਖਿ ਪਾਈ ਦਾਤ ਇਲਾਹੀ
(ਭਾਈ ਗੁਰਦਾਸ ਜੀ.ਵਾਰ ਪਹਿਲੀ.ਪਉੜੀ-੪੬)

ਸਮੂਹ ਸੰਗਤ ਦੇ ਸਾਮ੍ਹਣੇ ਇਹ ਕੌਤਕ ਵਰਤਾ ਕੇ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੀ ਬਖ਼ਸ਼ਿਸ਼ ਕੀਤੀ :

ਰਹਰਾਸੀ ਰਹਰਸਿ ਹੇ ਪੈਰੀ ਪੈ ਜਗੁ ਪੈਰੀ ਪਾਇਆ।
ਗੁਰਮੁਖ ਸੁਖ ਫਲ ਅਮਰ ਪਦੁ,
ਅੰਮ੍ਰਿਤ ਬ੍ਰਿਖ ਅੰਮ੍ਰਿਤ ਫਲ ਲਾਇਆ।
ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਉਪਾਇ ਸਮਾਇਆ।
(ਭਾਈ ਗੁਰਦਾਸ ਜੀ.ਵਾਰ-੨੪.ਪਉੜੀ-੯)

ਸਤਾ ਬਲਵੰਤ ਦੇ ਕਥਨ ਅਨੁਸਾਰ ਗੁਰੂ ਨਾਨਕ ਵਾਲਾ ਤਖ਼ਤ ਅਤੇ ਗੁਰੂ ਨਾਨਕ ਵਾਲੀ ਕਚਹਿਰੀ ਵਿਚ ਹੀ ਫ਼ੈਸਲਾ ਸੁਣਾਇਆ ਗਿਆ। ਗੁਰੂ ਪਿਤਾ ਗੁਰੂ ਅੰਗਦ ਦੇਵ ਜੀ ਅਤੇ ਦਾਦਾ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਅਨੁਸਾਰ ਚੱਲਣ ਵਾਲੇ ਸੇਵਕ ਸਿਖ ਨੂੰ ਗੁਰਿਆਈ ਦਾ ਤਾਜ ਪਹਿਨਾਇਆ ਗਿਆ :-

" ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ।
ਪਿਯੂ ਦਾਦੇ ਜੇ ਵਿਹਾ ਪੋਤਾ ਪਰਵਾਣੁ।"

ਇਸੇ ਤਰ੍ਹਾਂ 'ਪਰਬਤ ਮੇਰਾਣਿ' ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿਖ 'ਰਾਮਦਾਸ' ਨੂੰ ਜੋ ਜਵਾਈ ਹੁੰਦਿਆਂ ਵੀ ਨਿਰਮਾਣ ਹੋ ਸਿਖੀ ਦੀ ਘਾਲਣਾ ਘਾਲਦੇ ਰਹਿੰਦੇ ਸਨ, ਪੰਚ ਭੌਂਕਿਤ ਸਰੀਰ ਵਿਚ ਹੁੰਦਿਆਂ ਹੀ, ਪਰਮਾਤਮ ਰੂਪ ਵਿਚ ਸਮਾ ਜਾਣ ਤੋਂ ਕੁਝ ਸਮਾਂ ਪਹਿਲਾ ਮੱਥਾ ਟੇਕਿਆ, ਸ਼ਬਦ ਦੀ ਥਾਪਨਾ ਦਿਤੀ, ਆਪ ਸਿਖ ਰੂਪ ਵਿਚ ਆਏ ਅਤੇ ਗੁਰੂ ਜੋਤ ਦਾ ਨਿਵਾਸ 'ਸਿਖ ਰਾਮਦਾਸ' ਵਿਚ ਕਰਾਇਆ। ਸਾਰੀ ਸੰਗਤ ਅਤੇ ਆਪਣੇ ਪੁਤਰਾਂ ਨੂੰ ਵੀ ਗੁਰੂ ਰਾਮਦਾਸ ਜੀ ਦੇ ਚਰਨਾਂ ਤੇ ਸੀਸ ਨਿਵਾਉਣ ਦਾ ਆਦੇਸ਼ ਦਿੱਤਾ:

ਗੁਰੂ ਅਮਰਹੁ ਗੁਰ ਰਾਮਦਾਸ
ਜੋਤੀ ਜੋਤ ਜਗਾਇ ਜੁਹਾਰਾ
ਭਾਈ ਗੁਰਦਾਸ ਜੀ. ਵਾਰ-੨੪. ਪਉੜੀ -੧੪

ਧੰਨ ਧੰਨ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ।
ਪੂਰੀ ਹੋਈ ਕਰਾਮਾਤਿ ਆਪ ਸਿਰਜਣ ਹਾਰੇ ਧਾਰਿਆ।
ਸਿਖੀ ਅਤੇ ਸੰਗਤੀ ਪਾਰਬ੍ਰਹਮ ਕਰਿ ਨਮਸਕਾਰਿਆ।
ਨਾਨਕ ਤੂ ਲਹਣਾ ਤੂ ਹੈ ਗੁਰੂ ਅਮਰੁ ਤੂ ਵੀਚਾਰਿਆ।
ਗੁਰੁ ਡਿਠਾ ਤਾ ਮਨੁ ਸਾਧਾਰਿਆ। (ਵਾਰ ਸਤਾ ਬਲਵੰਤ)

ਇਸੇ ਮਰਯਾਦਾ ਅਨੁਸਾਰ ਚੌਥੇ ਪਾਤਸ਼ਾਹ ਨੇ ਸੁਯੋਗ ਸਿਖ ਅਰਜਨ ਦੇਵ ਜੀ ਨੂੰ ਉਚੇਚੇ ਤੌਰ ਤੇ ਲਾਹੌਰੋਂ ਬੁਲਾ ਕੇ ਗੁਰਗਦੀ ਬਖ਼ਸ਼ੀ, ਸ਼ਬਦ ਦੀ ਥਾਪਨਾ ਦਿਤੀ, ਬਾਬਾ ਬੁੱਢਾ ਜੀ ਨੇ ਤਿਲਕ ਲਗਾਇਆ। ਇਸ ਪਿਛੋ ਦੋ ਦਿਨ ਗੋਬਿੰਦਵਾਲ ਪੁਹੰਚ ਸਰੀਰ ਤਿਆਗਿਆ ਅਤੇ ਜੋਤ ਪਰਮਜੋਤ ਵਿਚ ਮਿਲ ਗਈ। ਸਾਰੀ ਸੰਗਤ ਨੂੰ ਪਹਿਲਾਂ ਹੀ ਆਗਿਆ ਕਰ ਦਿਤੀ ਗਈ ਸੀ ਹੁਣ 'ਅਰਜਨ' ਨੂੰ ਗੁਰੂ ਅਰਜਨ ਸਮਝਣਾ। ਇਨ੍ਹਾਂ ਵਿਚੋ ਹੀ ਪਹਿਲੇ ਚਾਰ ਗੁਰਾਂ ਦੇ ਦਰਸ਼ਨ ਕਰਨੇ। ਇਹ ਕਹਿਕੇ ਤੇ ਹੋਰ ਉਪਦੇਸ਼ ਕਰਕੇ ਫਿਰ ਗੁਰਗਦੀ ਦੇ ਮਾਲਕ ਅਗੇ ਸੀਸ ਝੁਕਾਇਆ। 'ਚੇਲਾ' ਫਿਰ ਗੁਰੂ ਰੂਪ ਵਿਚ ਪ੍ਰਗਟ ਹੋਇਆ ਅਤੇ 'ਗੁਰੂ' ਸਿਖ ਬਣ ਕੇ ਇਸ ਸੰਸਾਰ ਤੋਂ ਲੋਪ ਹੋ ਗਿਆ: -

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ।
ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮ ਖਲੋਆ।
(ਵਾਰ ਸਤਾ ਬਲਵੰਤ)

ਗੁਰੂ ਰਾਮ ਦਾਸ ਜੀ ਦੇ ਪੁੱਤਰ ਅਰਜਨ ਦੇਵ ਸਿਖ ਰੂਪ ਵਿਚ ਲਾਹੌਰ ਗਏ ਸਨ। ਪਿਤਾ ਗੁਰੂ ਦੇ ਹੁਕਮ ਨਾਲ ਵਾਪਸ


www.AKJ.Org

ਆਏ ਅਤੇ ਗੁਰ ਬਖ਼ਸ਼ਿਸ਼ ਨਾਲ 'ਪਰਮੇਸ਼ਰ ਦੀ ਹੁੰਡੀ' ਗੁਰਿਆਈ ਪ੍ਰਾਪਤ ਕੀਤੀ। ਅਸਚਰਜ ਕੌਤਕ ਹੈ, ਸ਼ਹਾਦਤ ਦੇਣ ਵੀ ਲਾਹੌਰ ਪਹੁੰਚਣਾ ਸੀ। ਜਾਣ ਤੋਂ ਪਹਿਲਾਂ ਆਪ ਗੁਰਿਆਈ 'ਹਰਿ ਗੋਬਿੰਦ' ਜੀ ਨੂੰ ਬਖ਼ਸ਼ਿਸ਼ ਕਰ ਗਏ। ਬਾਬਾ ਬੁੱਢਾ ਜੀ ਸਮੇਤ ਹੋਰ ਮੁਖੀ ਸਿਖਾਂ ਨੂੰ ਬੁਲਾ ਕੇ ਸਰਬੱਤ ਸੰਗਤ ਦੇ ਸਾਮ੍ਹਣੇ ਭਵਿਖ ਲਈ ਉਪਦੇਸ਼ ਦਿਤੇ। ਪੰਚਮ ਪਿਤਾ ਛੇਵੇ ਗੁਰੂ ਅਗੇ ਸੀਸ ਝੁਕਾ, ਆਪ ਸ਼ਹਾਦਤ ਦਾ ਜਾਮ ਪੀਣ ਲਈ ਫਿਰ ਸਿਖ ਰੂਪ ਵਿਚ ਲਾਹੌਰ ਪਹੁੰਚ ਗਏ। 'ਆਪੇ ਗੁਰ ਚੇ ਲਾਂ'ਦਾ ਸਿਧਾਂਤ ਕਿਵੇਂ ਅੱਗੇ ਹੀ ਅੱਗੇ ਚਲ ਰਿਹਾ ਹੈ।

'ਛਠਮ ਪੀਰ ਬੈਠਾ ਗੁਰ ਭਾਰੀ' ਨੇ ਵੀ ਇਸੇ ਸਿਧਾਂਤ ਦੀ ਪਾਲਣਾ ਕੀਤੀ। ਆਪ ਕੀਰਤਪੁਰ ਸਾਹਿਬ ਨਿਵਾਸ ਕਰ ਰਹੇ ਸਨ। ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆਇਆ ਤਾਂ ਆਪ ਨੇ ਸੰਗਤਾਂ ਨੂੰ ਉਚੇਚੇ ਤੌਰ ਤੇ ਸੱਦਾ ਪੱਤਰ ਭੇਜੇ। ਤਿੰਨ ਦਿਨ ਨਾਮ ਬਾਣੀ ਦਾ ਪਰਵਾਹ ਚਲਦਾ ਰਿਹਾ। ਚੌਥੇ ਦਿਨ 'ਆਸਾ ਦੀ ਵਾਰ' ਦੇ ਕੀਰਤਨ ਪਿਛੋਂ ਮੀਰੀ ਪੀਰੀ ਦੇ ਮਾਲਕ ਆਪਣੇ ਸਿੰਘਾਸਣ ਤੋਂ ਉੱਠੇ। ਆਪਣੀ ਥਾਂ 'ਹਰਿ ਰਾਏ' ਜੀ ਨੂੰ ਬਿਠਾਇਆ। ਮਰਯਾਦਾ ਅਨੁਸਾਰ ਗੁਰਿਆਈ ਦੀ ਬਖ਼ਸ਼ਿਸ਼ ਕੀਤੀ। ਸ਼ਬਦ ਦੀ ਥਾਪਨਾ ਦਿੱਤੀ, ਪੰਜ ਪੈਸੇ ਤੇ ਨਾਰੀਏਲ ਰੱਖ ਕੇ ਮੱਥਾ ਟੇਕਿਆ, ਪਰਿਕਰਮਾ ਕੀਤੀ ਅਤੇ ਸਾਰੀ ਸੰਗਤ ਨੂੰ ਆਦੇਸ਼ ਦਿਤਾ ਕਿ 'ਹਰਿ ਰਾਏ' ਜੀ ਨੂੰ ਮੇਰਾ ਰੂਪ ਜਾਣਨਾ। ਗੁਰੂ ਨਾਨਕ ਦੀ ਜੋਤ ਨੇ ਹੁਣ ਇਨ੍ਹਾਂ ਵਿਚ ਪ੍ਰਵੇਸ਼ ਕਰ ਲਿਆ ਹੈ। ਸਾਡੇ ਦਰਸ਼ਨ ਹੁਣ ਇਨ੍ਹਾਂ ਰਾਹੀਂ ਹੀ ਹੋਣਗੇ।

ਇਸੇ ਤਰਾਂ ਗੁਰੂ ਹਰਿ ਰਾਏ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਗੁਰਗੱਦੀ ਬਖ਼ਸੀ। ਸ਼ਬਦ ਦੀ ਥਾਪਨਾ ਦੇ ਕੇ ਸੀਸ ਝੁਕਾਇਆ ਅਤੇ ਆਪ ਸਿਖ ਰੂਪ ਹੋ ਸੰਗਤਾਂ ਵਿਚ ਬਿਰਾਜੇ। ਉਸ ਤੋਂ ਪਿਛੋਂ ਆਪ ਬਾਣੀ ਦਾ ਪਾਠ ਕਰਨ ਅਤੇ ਸੁਣਨ ਵਿਚ ਸਮਾਂ ਬਿਤਾਉਂਦੇ ਰਹੇ।

ਅਸ਼ਟਮ ਬਲਬੀਰਾ ਸ੍ਰੀ ਹਰਿ ਕ੍ਰਿਸ਼ਨ ਜੀ ਨੇ ਦਿੱਲੀ ਵਿਚ ਹੁੰਦਿਆ ਸੀਤਲਾ ਅੰਗੀਕਾਰ ਕਰਨ ਦਾ ਕੌਤਕ ਰਚਾ ਕੇ, ਬਿਸਤਰ ਵਿਚ ਲੇਟਿਆਂ ਹੀ 'ਬਾਬਾ ਬਕਾਲੇ' ਕਹਿ ਕੇ ਹੱਥ ਨਾਲ ਪਰਿਕਰਮਾ ਕੀਤੀਆਂ ਅਤੇ ਸੀਸ ਝੁਕਾਉਣ ਦਾ ਸੰਕੇਤ ਦਿਤਾ। ਭਾਈ ਮੱਖਣ ਸ਼ਾਹ ਲੁਬਾਣੇ ਨੇ ਬਕਾਲਾ ਵਿਚ ਮੰਜੀਆਂ ਲਾ ਕੇ ਬੈਠੇ ਸੋਢੀਆਂ ਦੀ ਪਰਖ ਕਰਨ ਪਿਛੋਂ ਨੌਂਵੇਂ ਗੁਰੂ ਵਿਚ ਨਾਨਕ ਜੋਤ ਦੇ ਦਰਸ਼ਨ ਕਰਨ ਉਪਰੰਤ ਗੁਰੂ ਦੀ ਲੱਭਤ ਬਾਰੇ ਹੋਕੇ ਦੇ ਕੇ ਸਿਖ ਸੰਗਤਾਂ ਨੂੰ ਭੁਲੇਖੇ ਵਿਚੋਂ ਕੱਢਿਆ। ਨੌਂਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਵੀ ਸ਼ਹੀਦ ਹੋਣ ਵਾਸਤੇ ਦਿੱਲੀ ਜਾਣ ਤੋਂ ਪਹਿਲਾਂ ਬਾਲ ਗੋਬਿੰਦ ਰਾਏ ਵਿਚ ਗੁਰੂ ਜੋਤ ਦਾ ਪ੍ਰਵੇਸ਼ ਕਰਾ ਗਏ ਸਨ। ਇਸ ਤਰ੍ਹਾਂ ਪਹਿਲਾਂ ਸਾਰੇ ਗੁਰੂ ਸਾਹਿਬਾਨ ਸਿਖ ਹੋ ਕੇ ਵਿਚਰੇ, ਸਿਖੀ ਦੀ ਅਤੁੱਟ ਘਾਲਣਾ ਘਾਲੀ, ਫਿਰ ਗੁਰਗਦੀ ਉਤੇ ਸੁਸ਼ੋਭਿਤ ਹੋਏ। ਜਗਤ ਉਧਾਰਨ ਹਿਤ ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਪੰਥਕ ਮਹਲ ਦੀ ਉਸਾਰੀ ਵਿਚ ਯੋਗਦਾਨ ਪਾਉਣ ਉਪਰੰਤ ਸੁਯੋਗ ਸਿਖ ਨੂੰ ਗੁਰਿਆਈ ਬਖ਼ਸ਼ ਕੇ ਆਪ ਸਿਖ ਰੂਪ ਵਿਚ ਹੀ ਸਚ ਖੰਡ ਪਧਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਿਧਾਂਤ ਨੂੰ ਹੋਰ ਅੱਗੇ ਤੋਰਿਆ। ਗੁਰੂ ਨਾਨਕ ਗੁਰ ਗੋਬਿੰਦ ਸਿੰਘ ਦੀ ਗੋਦ ਵਿਚ ਖੇਡਕੇ ਸਿੱਖੀ ਸੰਪੂਰਣਤਾ ਦੀਆਂ ਸਿਖਰਾਂ ਨੂੰ ਛੂਹ ਰਹੀ ਸੀ। ਇਕ ਸਿਖ ਦੀ ਥਾਂ ਸਿਖੀ ਦੇ ਸਮੂਹਕ ਰੂਪ ਨੂੰ ਗੁਰੂ ਪਦ ਪ੍ਰਦਾਨ ਕਰਨ ਦੀ ਵਿਉਂਤ ਘੜੀ ਗਈ। ਇਹ ਰੂਪ ਪੰਜ ਪਿਆਰਿਆਂ ਵਿਚ ਸਾਖਿਆਤ ਹੋਇਆ। 'ਸ਼ਬਦ ਗੁਰੂ' ਅਤੇ 'ਬਾਣੀ ਗੁਰੂ ਗੁਰੂ ਹੈ ਬਾਣੀ' ਦੇ ਸਿਧਾਂਤ ਅਨੁਸਾਰ 'ਗੁਰੂ ਮਾਨਿਓ ਗ੍ਰੰਥ' ਦਾ ਹੁਕਮ ਹੋਇਆ। ਗੁਰੂ ਨਾਨਕ ਨੇ 'ਨਿਰਮਲ ਪੰਥ' ਚਲਾਇਆ ਸੀ। ਉਸ ਪੰਥ ਨੂੰ 'ਧਰਮ ਪ੍ਰਚਾਰ ਦੇ ਨਾਲ ਨਾਲ 'ਦੁਸ਼ਟ ਸਭਨ ਕੋ ਮੂਲ ਉਪਾਰਨ' ਲਈ ਜਥੇਬੰਦਕ ਰੂਪ ਦੇਣ ਦੀ ਲੋੜ ਸੀ। ਖੰਨਿਅਹੁ ਤਿਖੀ ਤੇ ਵਾਲਹੁ ਨਿਕੀ ਸਿਖੀ ਦੀ ਵਾਗਡੋਰ ਵੀ ਜਥੇਬੰਦੀ ਦੇ ਸਪੁਰਦ ਕਰਨੀ ਜ਼ਰੂਰੀ ਸਮਝੀ ਗਈ। ਆਪਾ ਸਮਰਪਿਤ ਸਿਖਾਂ ਵੱਲੋਂ ਸੀਸ ਭੇਟ ਕਰਨ ਵਾਲੇ ਪੰਜ ਸਿਖ 'ਪੰਚ ਪਰਧਾਨ' ਤੇ 'ਪੰਚ ਪਰਵਾਨ' ਹੋ ਕੇ ਇਸ ਪਦ ਦੇ ਅਧਿਕਾਰੀ ਬਣੇ। ਗੁਰੂ ਸਾਹਿਬ ਨੇ ਪਹਿਲਾਂ ਆਪ ਇਹਨਾਂ ਨੂੰ ਪਰਵਾਨ ਕਰਕੇ ਇਨ੍ਹਾਂ ਦੀ ਪ੍ਰਧਾਨਤਾ ਸਵੀਕਾਰ ਕੀਤੀ। ਦੇਹ ਰੂਪ ਵਿਚ ਵਿਚਰਦਿਆਂ ਹੋਇਆਂ ਪੰਜਾਂ ਦੇ ਰੂਪ ਵਿਚ ਅਤੇ ਫਿਰ ਪੰਜਾਂ ਦੇ ਰਾਹੀਂ ਜੋ ਖਾਲਸਾ ਸਾਜਿਆ ਸੀ, ਜਿਸਨੂੰ ਆਪਣਾ ਖਾਸ ਰੂਪ ਬਖਸ਼ਿਆ ਸੀ, ਉਸ ਦੇ ਗੁਰੂ ਤਤ੍ਵ ਦੀ ਸਮੇਂ ਸਮੇਂ ਪਰੀਖਿਆ ਲੈਂਦੇ ਰਹੇ ਅਤੇ ਲੋੜ ਪੈਣ ਤੇ ਉਹਨਾਂ ਦਾ ਹੁਕਮ ਮੰਨ ਕੇ ਉਹਨਾਂ ਦੀ ਸਰਵੋਤਮਤਾ ਅਤੇ ਪ੍ਰਾਥਮਿਕਤਾ ਨੂੰ ਅਮਲੀ ਰੂਪ ਵਿਚ ਸਵੀਕਾਰ ਕਰਦੇ ਰਹੇ। 'ਕੱਚੀ ਗੜ੍ਹੀ' ਖ਼ਾਲਸਾ ਜੀ ਦੇ ਹੁਕਮ ਨਾਲ ਹੀ ਛੱਡੀ। ਪੀਰ ਦੀ ਕਬਰ ਨੂੰ ਤੀਰ ਨਾਲ ਸਲਾਮੀ ਦੇ ਕੇ ਖ਼ਾਲਸੇ ਕੋਲੋਂ ਤਨਖਾਹ ਲੁਆਈ। ਖ਼ਾਲਸੇ ਦੀ ਗੁਰਿਆਈ ਬਾਰੇ ਠਜਿਹੇ ਪੂਰਨੇ ਪਾ ਕੇ ਸਿਖਾਂ ਨੂੰ ਪਾਠ ਪੜ੍ਹਾਇਆ ਜਾ ਰਿਹਾ ਸੀ। ਇਕੋ ਸਮੇਂ ਗੁਰੂ ਅਤੇ ਚੇਲਾ ਬਣ ਕੇ ਦਿਖਾ ਰਹੇ ਸਨ। ਪਹਿਲੇ ਜਾਮਿਆਂ ਵਿਚ ਗੁਰੂ ਆਪਣੇ ਸਿਖਾਂ ਦੀ ਪਰੀਖਿਆ ਲੈ ਕੇ ਸੁਯੋਗ ਸਿਖ ਨੂੰ ਗੁਰ ਗੱਦੀ ਉਤੇ ਸੁਸ਼ੋਭਿਤ ਕਰ ਦੇਂਦੇ ਰਹੇ। ਗੁਰਸ਼ਬਦ ਦੀ ਥਾਪਨਾ, ਪਰਦਖਣਾ ਅਤੇ ਨਮਸਕਾਰ ਰਾਹੀਂ ਗੁਰੂ ਜੋਤ ਦਾ ਉਸ ਵਿਚ ਪ੍ਰਵੇਸ਼ ਕਰਾ ਕੇ, ਆਪ ਗੁਰਤਾ ਦਾ ਦਾਅਵਾ ਛੱਡ ਭਗਤੀ ਭਾਵ ਵਾਲਾ ਸਮਾਂ ਬਿਤਾਉਣਾ ਆਰੰਭ ਕਰ ਦੇਂਦੇ। ਥਾਪੇ ਗਏ ਗੁਰੂ ਨੇ ਆਪਣੇ ਦਾਤਾ ਗੁਰੂ ਦੀ ਪਰੀਖਿਆ ਕਦੀ ਨਹੀਂ ਸੀ ਲਈ। ਪਰ ਸਿਧਾਂਤਕ ਰੂਪ ਵਿਚ ਖ਼ਾਲਸੇ ਦੀ ਜਥੇਬੰਦਕ ਗੁਰਤਾ ਨੂੰ ਸ੍ਵੀਕਾਰ ਕਰਕੇ, ਇਸ ਸਿਧਾਂਤ ਦੇ ਸਥਾਪਕ ਗੁਰੂ ਨੇ ਆਪ ਪਰੀਖਿਆ ਦੇ ਕੇ ਮਾਨੋ ਭਵਿਖ ਦੇ ਗੁਰੂ ਸਰੂਪ ਦੀ ਪਰਖ ਵੀ ਕੀਤੀ। ਪੰਥ ਨੂੰ ਜਥੇਬੰਦਕ ਰੂਪ ਵਿਚ ਗੁਰਿਆਈ ਬਖਸ਼ ਕੇ ਆਪਣੀ ਪਰਖ ਕਰਵਾਈ। ਗੁਰੂ ਖ਼ਾਲਸਾ ਗੁਰੂ ਦੀ ਪਰਖ ਕਰਕੇ ਬੜੇ ਸ੍ਵੈ ਭਰੋਸੇ ਨਾਲ ਆਪਣੇ ਆਪ ਨੂੰ ਇਹ ਜ਼ੁੰਮੇਵਾਰੀ ਸੰਭਾਲਣ ਦੇ ਯੋਗ ਸਿਧ ਕਰ ਰਿਹਾ ਸੀ। ਦੁਵੱਲੀ ਪਰਖ ਦਾ ਕਿਹਾ ਅਦਭੁਤ ਨਜ਼ਾਰਾ ਹੈ।

ਅੰਤ ਨਾਦੇੜ ਦੀ ਪਾਵਨ ਧਰਤੀ ਉਤੇ ਜੋਤੀ ਜੋਤ ਸਮਾਉਣ

ਬਾਕੀ ਪੰਨਾ ੩੨ ਤੇ



www.AKJ.Org

# ਗੁਰੂ ਕੇ ਲੰਗਰ ਵਿੱਚ ਮਾਸ

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਪ੍ਰੋਫ ਕਰਤਾਰ ਸਿੰਘ ਜੀ ਲਿਖਤ ਪੁਸਤਕ "ਸਿੱਖ ਇਤਿਹਾਸ" ਅਤੇ ਭਾਸ਼ਾ ਵਿਭਾਗ ਪੰਜਾਬ ਤੇ ਖ਼ਾਲਸਾ ਸਮਾਚਾਰ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਚੋਂ ਪ੍ਰਕਾਸ਼ਤ ਗੁਰੂ ਸਾਹਿਬਾਨ ਦੇ ਜੀਵਨ ਸਬੰਧੀ ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਅੰਗਦ ਦੇਵ ਜੀ ਵਚੋਂ ਚਲਾਏ ਜਾਂਦੇ ਲੰਗਰ ਵਿਚ ਮਾਸ ਵਰਤਾਇਆ ਜਾਂਦਾ ਸੀ।

ਪ੍ਰੋ: ਕਰਤਾਰ ਸਿੰਘ ਜੀ ਦਾ ਕਥਨ ਭਾਈ ਵੀਰ ਸਿੰਘ ਜੀ ਦੀ ਰਚਨਾ ਤੇ ਅਧਾਰਤ ਮਾਲੂਮ ਹੁੰਦਾ ਹੈ ਜਦ ਕਿ ਭਾਈ ਵੀਰ ਸਿੰਘ ਜੀ ਆਪਣੀ ਰਚਨਾ ਦਾ ਆਧਾਰ ਸੂਰਜ ਪ੍ਰਕਾਸ਼ ਜ਼ਾਹਰ ਕਰਦੇ ਹਨ। ਇਹ ਲਿਖਾਰੀ ਮਾਸ ਨੂੰ ਮਹਾਂ-ਪ੍ਰਸ਼ਾਦ ਵੀ ਕਹਿੰਦੇ ਹਨ ਜਦ ਕਿ ਮਹਾਂ-ਪ੍ਰਸ਼ਾਦ (ਸਭ ਤੋਂ ਉੱਤਮ ਪ੍ਰਸ਼ਾਦ) ਪੰਚਾਮ੍ਰਿਤ (ਕੜਾਹ ਪ੍ਰਸ਼ਾਦ) ਹੈ।

ਗੁਰੂ ਕਾ ਲੰਗਰ ਹਰ ਪ੍ਰਾਣੀ ਵਾਸਤੇ ਹੈ ਜਦ ਕਿ ਮਾਸ ਕੇਵਲ ਮਾਸਾਹਾਰੀ ਬੰਦਿਆਂ ਵਾਸਤੇ ਹੀ ਹੈ। ਸਾਕਾਹਾਰੀ ਭੋਜਨ ਹਰ ਕੋਈ ਮਨੁੱਖ ਖਾ ਸਕਦਾ ਹੈ ਜਦ ਕਿ ਮਾਸਾਹਾਰੀ ਭੋਜਨ ਸਾਰੇ ਲੋਕੀ ਨਹੀਂ ਖਾਂਦੇ। ਗੁਰੂ ਕੇ ਲੰਗਰ ਵਿਚ ਕੋਈ ਭਿੰਨ ਭੇਦ ਨਹੀਂ ਹੁੰਦਾ, ਪੰਗਤ ਵਿਚ ਬੈਠੀ ਸਾਰੀ ਸੰਗਤ ਨੂੰ ਇੱਕ ਸਾਰ ਵਰਤਾਇਆ ਜਾਂਦਾ ਹੈ ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੋਵੇ।

ਊਚ ਨੀਚ, ਭੇਦ ਭਾਵ ਅਤੇ ਸੁੱਚ ਭਿੱਟ ਦਾ ਖੱਪਾ ਮਿਟਾਉਣ ਵਾਸਤੇ ਗੁਰੂ ਅਮਰਦਾਸ ਜੀ ਨੇ ਸੰਗਤ ਵਿਚ ਆਉਣ ਵਾਲੇ ਹਰ ਪ੍ਰਾਣੀ ਨੂੰ ਪਹਿਲੋਂ ਪੰਗਤ ਵਿਚ ਬੈਠ ਕੇ ਲੰਗਰ ਛਕਣ ਦਾ ਆਦੇਸ਼ ਦੇ ਰੱਖਿਆ ਸੀ। ਗੁਰੂ ਜੀ ਦੇ ਇਸ ਹੁਕਮ ਨੂੰ ਮੁੱਖ ਰੱਖ ਕੇ ਮੁਗਲ ਬਾਦਸ਼ਾਹ ਅਕਬਰ ਨੂੰ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ ਤਾਂ ਕਿਧਰੇ ਜਾ ਕੇ ਗੁਰੂ ਜੀ ਦੇ ਦਰਸ਼ਨ ਹੋਏ ਸਨ।

ਸਿੱਖ ਰਹੁ-ਰੀਤ ਨੂੰ ਧਿਆਨ ਵਿਚ ਵਿਚਾਰਿਆਂ ਇਹ ਗੱਲ ਸਿੱਧ ਹੁੰਦੀ ਹੈ ਕਿ ਮਾਸ, ਮਹਾਂ-ਪ੍ਰਸ਼ਾਦ ਨਹੀਂ ਹੈ ਅਤੇ ਨਾ ਹੀ ਇਹ ਗੁਰੂ ਕੇ ਲੰਗਰ ਵਿੱਚ ਵਰਤਾਇਆ ਜਾਂਦਾ ਸੀ ਕਿਉਂਕਿ ਇਹ ਭੋਜਨ ਹਰ ਪ੍ਰਾਣੀ ਲਈ ਨਹੀਂ ਹੈ। ਗੁਰੂ ਕਾ ਲੰਗਰ ਹਰ ਕਿਸੇ ਲਈ ਇਕੋ ਜਿਹਾਹੀ ਹੁੰਦਾ ਹੈ, ਵੱਖੋ ਵੱਖ ਭਾਂਤ ਦੇ ਵਿਕਤਰੇ ਪਾਉਣ ਵਾਲਾ ਨਹੀਂ। ਸਿੱਖ ਇਤਿਹਾਸ (ਪ੍ਰੋ: ਕਰਤਾਰ ਸਿੰਘ), ਭਾਈ ਵੀਰ ਸਿੰਘ ਰਚਨਾਵਲੀ, ਸੂਰਜ ਪ੍ਰਕਾਸ਼ ਆਦਿ ਦੇ ਪ੍ਰਕਾਸ਼ਕਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਪੁਸਤਕਾਂ ਵਿੱਚ " ਗੁਰੂ ਕੇ ਲੰਗਰ" ਵਿੱਚ ਮਾਸ ਦੀ ਵਰਤੋਂ ਵਾਲੀ ਗਲਤ ਧਾਰਨਾ ਨੂੰ ਮਿਟਾ ਦਿੱਤਾ ਜਾਏ ਤਾਂ ਜੋ "ਗੁਰੂ ਕੇ ਲੰਗਰ" ਦੀ ਮਰਯਾਦਾ ਕਲੰਕਤ ਨਾ ਹੋਵੇ।

-ਸੰਪਾਦਕ

ਦਸਵੰਧ ਗੁਰੂ ਨਹਿ ਦੇਵਈ, ਝੂਠ ਬੋਲ ਜੋ ਖਾਇ।।
ਕਹੈ ਗੋਬਿੰਦ ਸਿੰਘ ਲਾਲ ਜੀ, ਤਿਸ ਕਾ ਕਛੁ ਨ ਬਿਸਾਹਿ।।

## ਅੰਮ੍ਰਿਤ ਦੀ ਬਰਕਤ

ਬਲਬੀਰ ਸਿੰਘ

ਅੰਮ੍ਰਿਤ ਛਕ ਕੇ ਕਲਗੀਆਂ ਵਾਲੜੇ ਦਾ,
ਊਚ ਨੀਚਤਾ ਦਾ ਭਰਮ ਲਹਿ ਜਾਂਦਾ।
ਆਉਂਦੀ ਬੀਰਤਾ, ਕਾਇਰਤਾ ਨੱਸ ਜਾਂਦੀ,
ਗਿੱਦੜ ਸ਼ੇਰ ਦਾ ਰੂਪ ਬਣ ਬਹਿ ਜਾਂਦਾ।
ਪ੍ਰੇਮ ਉਪਜਦਾ ਗਿਆਨ ਵਿਚਾਰ ਸੁਝਦੀ,
ਬੁਰਜ ਹੰਗਤਾ ਦਾ ਵਿਚੋਂ ਢਹਿ ਜਾਂਦਾ।
ਮਿਟਦਾ ਆਤਮਾ ਭੇਦ ਪ੍ਰਮਾਤਮਾ ਦਾ,
ਤੇ ਵਿਚਕਾਰੜਾ ਰਾਹ ਹੋ ਤਹਿ ਜਾਂਦਾ।
ਸ਼ਫਕਤ ਗੁਰਾਂ ਦੀ ਦਾ ਔਂਦਾ ਹੱਥ ਸਿਰ ਤੇ,
ਜਮ ਰਾਜ ਭੀ ਦੇਖਦਾ ਰਹਿ ਜਾਂਦਾ।
ਅੰਮ੍ਰਿਤ ਬੂੰਦ ਅੰਦਰ ਐਸਾ ਮੁਕਤ ਜੀਵਨ,
ਦੂਰ ਦਿਲੋਂ ਹੋ ਮੌਤ ਦਾ ਭੈ ਜਾਂਦਾ।
ਦਮਕ ਬੀਰਤਾ ਦਾ ਚਿਹਰਾ ਮਾਰ ਉਠਦਾ,
ਜਦੋਂ ਬੀਰ ਦੇ ਗਾਤਰਾ ਪੈ ਜਾਂਦਾ।
"ਸਤਿ ਸ੍ਰੀ ਅਕਾਲ" ਦੀ ਗੂੰਜ ਉਠਦੀ,
ਸੁਣਕੇ ਜ਼ਾਲਮਾਂ ਦਾ ਹਿਰਦਾ ਢਹਿ ਜਾਂਦਾ।
ਸੂਰਜ ਦੇਖਦੇ ਤੇ ਸ਼ਰਮਸਾਰ ਹੁੰਦਾ,
ਐਸਾ ਤੇਜ ਕਿਰਪਾਨ ਦਾ ਪੈ ਜਾਂਦਾ।
ਦਾੜ੍ਹੇ, ਕੇਸ, ਦਸਤਾਰ ਦਾ ਰੋਹਬ ਐਸਾ,
ਜਾਬਰ ਜ਼ਾਲਮ ਵੀ ਦੇਖਕੇ ਸਹਿ ਜਾਂਦਾ।
ਸਿੱਖੀ ਸਿਦਕ ਦਾ ਜਦ ਇਮਤਿਹਾਨ ਹੁੰਦਾ,
ਜਮਰਾਜ ਭੀ ਸਿੱਖ ਤੋਂ ਭੈ ਜਾਂਦਾ।
ਲਹੇ ਖੋਪੜੀ, ਜਿਸਮ ਦੋਫਾੜ ਹੁੰਦਾ,
ਐਪਰ ਸਿੱਖ ਅਡੋਲ ਹੀ ਰਹਿ ਜਾਂਦਾ।
ਲੋਕੀ ਭਾਲਦੇ ਮੁਕਤ ਪਦਾਰਥਾਂ ਨੂੰ,
ਪਰ ਇਹ ਸਿਦਕ ਸਿੱਖੀ ਦੀ ਲੈ ਜਾਂਦਾ।
ਨਹੀਂ ਰਾਜ ਮੰਗਦਾ, ਨਾਹੀਓਂ ਮੁਕਤ ਮੰਗਦਾ,
ਕੇਵਲ ਚਰਨ ਕਵਲ ਉਤੇ ਢੈ ਜਾਂਦਾ।
ਜਿਥੋਂ ਬ੍ਰਹਮਾਂ, ਮਹੇਸ਼, ਸ਼ਿਵ ਖੌਫ ਖਾਂਦੇ,
ਉਥੇ ਸਿੱਖ ਅਡੋਲ ਨਿਰਭੈ ਜਾਂਦਾ।
ਸਿੱਖ, ਗੁਰੂ ਪ੍ਰਮਾਤਮਾ ਇੱਕ ਹੁੰਦਾ,
ਪਰਦਾ ਦ੍ਵੈਤ "ਬਲਬੀਰ" ਜੀ ਲਹਿ ਜਾਂਦਾ।

---

ਦੁਖ ਕਲੇਸੁ ਨ ਭਉ ਬਿਆਪੈ, ਗੁਰਮੰਤ੍ਰੁ ਹਿਰਦੈ ਹੋਇ।।
(ਸਿਰੀਰਾਗੁ ਮ ੫ ਪੰਨਾ ੫੧)

ਗੁਰੁ ਗੁਰੁ ਜਪਿ ਮੀਤ ਹਮਾਰੇ।। ਮੁਖ ਊਜਲ ਹੋਵਹਿ ਦਰਬਾਰੇ।।
(ਗਉੜੀ ਮ ੫, ਪੰਨਾ ੧੯੦)

ਬਿਨੁ ਸਤਿਗੁਰ ਪਚਿ ਮੂਏ ਸਾਕਤ, ਨਿਗੁਰੇ ਗਲਿ ਜਮ ਫਾਸਾ ਹੇ।।
(ਮਾਰੂ ਮ ੫, ਪੰਨਾ ੧੦੭੩)


www.AKJ.Org

## ਬਖਸ਼ਿਸ਼

(ਪ੍ਰਿ. ਮੇਹਰ ਸਿੰਘ ਜੀ)

ਵੈਸੇ ਤਾਂ ਜੇ ਮਨੁਖ ਉਸ ਦਾਤੇ ਦੀ ਬਖਸ਼ਿਸ਼ ਦੇ ਬਾਰੇ ਵਰਨਣ ਕਰਨਾ ਸ਼ੁਰੂ ਕਰੇ ਤਾਂ ਉਹ ਜਿਨਾ ਕੁਝ ਵੀ ਜਾਣਦਾ ਹੋਵੇ ਗਾ ਉਹ ਹੀ ਕਹੇਗਾ ਪਰ ਜਪੁਜੀ ਸਾਹਿਬ ਦੇ ਅਨੁਸਾਰ 'ਏਵਡ ਊਚਾ ਹੋਵੈ ਕੋਇ। ਤਿਸ ਊਚੇ ਕਉ ਜਾਣੈ ਸੋਇ।' ਉਸ ਦਾਤੇ ਨੂੰ ਜਾਨਣਾ ਮਨੁੱਖ ਦੇ ਸੀਮਤ ਦਿਮਾਗ ਦੇ ਵਸ ਦਾ ਰੋਗ ਨਹੀਂ। ਪਰ 'ਆਪੁ ਆਪੁਨੀ ਬੁਧਿ ਹੈ ਜੇਤੀ। ਬਰਨਤ ਭਿੰਨ ਭਿੰਨ ਤੋਹਿ ਤੇਤੀ।' ਦੇ ਮੁਤਾਬਕ ਹਰੇਕ ਨੇ ਕੁਝ ਨੂੰ ਪਿਆਰ ਨਾਲ ਕੁਝ ਕਹਿਣ ਦਾ ਜਤਨ ਜਰੂਰ ਕੀਤਾ ਹੈ। ਇਹ ਗਿਆਨ ਮਨੁਖ ਨੂੰ ਗੁਰ ਕ੍ਰਿਪਾ ਦਵਾਰਾ ਮਿਲਦਾ ਅਤੇ ਮਨੁੱਖ ਇਸ ਗਿਆਨ ਦੇ ਖੰਭਾਂ ਤੇ ਉਡਾਰੀ ਮਾਰਦਾ ਹੈ। ਸ਼ੁਰੂ ਤੋਂ ਹੀ ਲਵੋ। ਕੀ ਮਨੁੱਖ ਦਾ ਇਸ ਜਨਮ ਨੂੰ ਪਾਉਣਾ ਉਸ ਲਈ ਸਭ ਤੋਂ ਉਚੀ ਬਖਸ਼ਿਸ਼ ਨਹੀਂ ਹੈ? ਫੇਰ ਉਸ ਦੇ ਸਰੀਰ ਦੇ ਸੋਹਣੇ ਸੋਹਣੇ ਅੰਗ ਕੀ ਘਟ ਬਖਸ਼ਿਸ਼ ਹਨ? ਉਸਤੋਂ ਉਪ੍ਰੰਤ ਪ੍ਰਕ੍ਰਿਤੀ ਦੀਆਂ ਸਾਰੀਆਂ ਚੀਜ਼ਾਂ ਮਨੁੱਖ ਵਾਸਤੇ ਹੀ ਪੈਦਾ ਕੀਤੀਆ ਹਨ। ਫੇਰ ਮਨੁਖ ਨੂੰ ਦਾਤੇ ਨੇ ਆਪਣੀ ਕਾਇਨਾਤ ਵਿਚ ਸਭ ਤੋਂ ਉਚਾ ਦਰਜਾ ਦਿਤਾ ਤੇ 'ਅਸ਼ਰਫ਼ਉਲ ਮਖਲੂਕਾਤ' ਕਰਕੇ ਕਿਹਾ। ਹੋਰ ਅੱਗੇ ਚਲੋ ਤੇ ਗਿਨਦੇ ਜਾਉ, ਪਤਾ ਲਗੇਗਾ ਕਿ ਉਸ ਦੀਆਂ ਬਖਸ਼ਿਸ਼ ਦਾ ਕੋਈ ਅੰਤ ਹਿਸਾਬ ਨਹੀਂ ਗਵਾਹੀ ਵਜੋਂ ਕਬੀਰ ਜੀ ਕਹਿੰਦੇ ਹਨ।

ਕਬੀਰ ਸਾਤ ਸਮੁੰਦਹਿ ਮਸੁ ਕਰਉ,
ਕਲਮ ਕਰਉ ਬਨਰਾਇ॥
ਬਸੁਧਾ ਕਾਗਦੁ ਜਉ ਕਰਉ,
ਹਰਿ ਜਸੁ ਲਿਖਨੁ ਨ ਜਾਇ॥੮੧॥ (ਪੰਨਾ ੧੩੬੮)

ਉਸ ਦਾ ਜਸ ਯਾ ਬਖਸ਼ਿਸ਼ ਲਿਖਣ ਵਿਚ ਨਹੀਂ ਆਉਂਦੀ ਪਰ ਕੁਝ ਐਸੇ ਮੌਕੇ ਹੁੰਦੇ ਹਨ ਜਦੋਂ ਕਿ ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ਕਿ ਉਸ ਉਤੇ ਉਸ ਦਾਤੇ ਦੀ ਬਖਸ਼ਿਸ਼ ਹੋ ਰਹੀ ਹੈ ਤੇ ਉਹ ਅਭਾਗਾ ਖਾਲੀ ਹੀ ਰਹਿ ਜਾਂਦਾ ਹੈ, ਉਸ ਗੰਜੇ ਆਦਮੀ ਦੇ ਸਮਾਨ ਜਿਹੜਾ ਕਿ ਇਕ ਚੂਨੇ ਗਚ ਕਿਲੇ ਦੇ ਅੰਦਰ ਡੱਕਿਆ ਹੋਇਆ ਇਸ ਆਸ ਤੇ ਕਿ ਕਿਲੇ ਦੀ ਦੀਵਾਰ ਨਾਲ ਬਟਨ ਆਉਣ ਤੇ ਉਸ ਨੂੰ ਦਬਾਉਣ ਤੇ ਉਸ ਲਈ ਉਸ ਕਿਲੇ ਦਾ ਦਰਵਾਜ਼ਾ ਖੁਲ੍ਹੇਗਾ। ਪਰ ਠੀਕ ਬਟਨ ਦਾ ਸਮਾਂ ਆਉਣ ਤੇ ਉਹ ਅਭਾਗਾ ਕਿਲੇ ਦੀ ਦੀਵਾਰ ਤੋਂ ਹੱਥ ਹਟਾ ਕੇ ਸਿਰ ਖੁਰਕਣ ਲਗ ਪੈਂਦਾਂ ਹੈ ਤੇ ਫਿਰ ਉਸ ਲੰਮੇ ਚਕਰ ਵਿਚ ਪੈ ਜਾਂਦਾ ਹੈ ਤੇ ਅੰਤ ਵਿਚ ਹਰ ਵਾਰ ਇਸੇ ਤਰ੍ਹਾ ਬਟਨ ਦਬਾਉਣ ਦਾ ਸਮਾਂ ਗਵਾ ਕੇ ਭਟਕਦਾ ਭਟਕਦਾ ਮਰ ਹੀ ਜਾਂਦਾ ਹੈ ਤੇ ਮਰਦੇ ਸਮੇਂ ਤਕ ਉਸਨੂੰ ਇਹ ਹੀ ਯਕੀਨ ਰਹਿੰਦਾ ਹੈ ਕਿ ਇਸ ਕਿਲੇ ਦਾ ਦਰਵਾਜ਼ਾ ਕੋਈ ਹੈ ਹੀ ਨਹੀਂ।

ਜ਼ਾਹਰਾ ਤੌਰ ਤੇ ਤਾਂ ਅਸੀਂ ਮਾਲੂਮ ਕਰ ਲੈਂਦੇ ਹਾਂ ਦੇਖਕੇ ਯਾ ਹੋਰ ਸੁਣ ਬੁੱਝਕੇ ਪਰ ਆਪਣੇ ਆਪ ਕੁਝ ਕੱਚੀਆਂ ਬਿਰਤੀਆਂ ਵਾਲਿਆਂ ਨੂੰ ਇਹ ਬਖਸ਼ਿਸ਼ ਦਾ ਸਮਾਂ ਘਟ ਹੀ ਪਤਾ ਲਗਦਾ ਹੈ। ਦਿਬ ਦ੍ਰਿਸ਼ਟੀ ਵਾਲੇ ਮਨੁੱਖ ਇਹ ਦਸਦੇ ਹਨ ਕਿ ਮਨੁਖ ਤੇ ਹਰ ਸਮੇਂ, ਹਰ ਘੜੀ ਉਸ ਦਾਤੇ ਦੀ ਬਖਸ਼ਿਸ਼ ਬਰਸ ਰਹੀ ਹੁੰਦੀ ਹੈ। ਉਹ ਦਾਤਾ ਆਪਣੀ ਕਾਇਨਾਤ ਦੇ ਹਰੇਕ ਜੀਵ ਨੂੰ ਮਾਤਾ ਸਮਾਨ ਪਾਲਦਾ ਹੈ। ਹਰ ਵਕਤ ਉਸ ਲਈ ਭਾਵੇਂ ਉਹ ਕਿਸੇ ਪ੍ਰਕਾਰ ਦੇ ਕਰਮ ਕਰੇ ਆਪਣੀ ਬਖਸ਼ਿਸ਼ ਦਾ ਦਰਵਾਜ਼ਾ ਖੁੱਲ੍ਹਾ ਹੀ ਰੱਖਦਾ ਹੈ 'ਰੋਜ਼ ਹੀ ਰਾਜੁ ਬਿਲੋਕਤ ਰਾਜ਼ਿਕ, ਰੋਖ ਰੂਹਾਨ ਕੀ ਰੋਜ਼ੀ ਨ ਟਾਰੈ' ਦੇ ਮੁਤਾਬਕ ਉਹ ਸਦਾ ਦਿਆਲੂ ਹੈ।

ਕਈ ਮਨੁੱਖਾਂ ਦਾ ਹਾਲਾਤ-ਚਕਰ ਜਦੋਂ ਉਨ੍ਹਾਂ ਦੀ ਮਰਜ਼ੀ ਦੇ ਉਲਟ ਚਲਦਾ ਹੈ, ਉਹ ਮਨੁੱਖ ਇਹ ਕਹਿੰਦੇ ਹਨ ਕਿ ਸਾਡੇ ਤੇ ਰਬ ਨੇ ਬੜਾ ਜ਼ੁਲਮ ਕੀਤਾ ਹੈ। ਐਸੇ ਮਨੁਖ ਗਲਤ ਹਨ। ਵਾਹਿਗੁਰੂ ਤਾਂ ਨਿਰਵੈਰ ਹੈ। ਅਸਲ ਵਿਚ ਉਹ ਆਪਣੇ ਕਰਮਾਂ ਦਾ ਫ਼ਲ ਲੈ ਰਹੇ ਹੁੰਦੇ ਹਨ। ਉਹ ਇਹ ਨਹੀਂ ਜਾਣਦੇ ਕਿ ਕਰਮ ਗਤਿ ਤੇ ਉਸਦਾ ਫਲ ਦਾ ਚੱਕਰ ਭਗਵਾਨ ਦੀ ਤਰਫੋਂ ਕਿਸ ਪ੍ਰਕਾਰ ਚਲਦਾ ਹੈ। ਉਹ ਮੰਦੇ ਕਰਮ ਕਰਨ ਵੇਲੇ ਤਾਂ ਇਹ ਨਹੀਂ ਸੋਚਦੇ ਕਿ ਇਹਨਾਂ ਦਾ ਫਲ ਵੀ ਇਹੋ ਜਿਹਾ ਹੀ ਹੋਵੇਗਾ। ਗੁਰਮਤਿ ਦੇ ਦਾਇਰੇ ਤੋਂ ਬਾਹਲੀਆਂ ਗੱਲਾਂ ਹੀ ਚੰਗੀਆਂ ਮੰਨ ਕੇ, ਫੇਰ ਉਹਨਾਂ ਤੇ ਚਲਕੇ ਆਪਣੇ ਆਪ ਨੂੰ ਹੀ ਮੱਕੜੀ ਦੀ ਤਰ੍ਹਾਂ ਦੁਖਾਂ ਤੇ ਭੁਲੇਖਿਆਂ ਦੇ ਜਾਲ ਵਿਚ ਫਸਾ ਲੈਦੇਂ ਹਨ।

ਕਈ ਮਨੁਖ ਇਹ ਵੀ ਸੋਚਦੇ ਹਨ ਕਿ ਉਸ ਦਾਤੇ ਦਾ ਹੁਕਮ ਹੋਵੇਗਾ, ਉਦੋਂ ਹੀ ਅਮੁਕ ਅਮੁਕ ਕੰਮ ਹੋਵੇਗਾ। ਠੀਕ ਹੈ, ਉਸ ਦਾ ਹੁਕਮ ਤੇ ਜ਼ਰੂਰ ਹੋਵੇਗਾ ਤਾਂਹੀ ਉਹ ਕੰਮ ਹੋਣਗੇ ਪਰ ਨਾਲ ਹੀ ਨਾਲ ਮਨੁਖ ਦੀ ਆਪਣੀ ਹਿੰਮਤ, ਇਰਾਦਾ ਤੇ ਉਪਰਾਲਾ ਵੀ ਹਰਕਤ ਵਿਚ ਆਉਣਾ ਜ਼ਰੂਰੀ ਹੈ। ਗੁਰੂ ਉਸਨੂੰ ਗਲਵਕੜੀ ਪਾ ਕੇ ਮਿਲਦਾ ਹੈ ਜੋ ਉਸ ਦੇ ਰਾਹ ਤੇ ਚਲ ਪਵੇ। ਸੋ ਆਤਮ-ਕ੍ਰਿਪਾ ਦੇ ਮਗਰੋਂ ਹੀ ਕੁਦਰਤ ਦੀਆਂ ਸਾਰੀਆਂ ਤਾਕਤਾਂ ਹਰਕਤ ਵਿਚ ਆ ਕੇ ਮਨੁਖ ਤੇ ਰੀਹਮਤ (ਬਖਸ਼ਿਸ਼) ਦਾ ਮੀਂਹ ਵਰਸਾਉਂਦੀਆਂ ਹਨ।" ਬਖਸ਼ਿਸ਼ ਦਾ ਦਰ ਉਸ ਤੇ ਖੁੱਲਦਾ ਹੈ ਜੋ ਦਰਵਾਜ਼ਾ ਖਟਖਟਾਏ "। ਸੁਸਤ ਤੇ ਆਲਸੀ ਆਦਮੀ ਜੇਹੜੇ ਆਪਣੀ ਹਿੰਮਤ ਨੂੰ ਛੱਡ ਕੇ ਬਖਸ਼ਸ਼ ਦੀ ਆਸ ਕਰਦੇ ਹਨ ਉਹ ਭੁਲੇਖੇ 'ਚ ਹਨ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਫੇਰ ਗੁਰੂ ਜੀ ਦੇ ਫੁਰਮਾਣ 'ਇਕਿ ਜਾਗੰਦੇ ਨਾ ਲਹੰਨਿ ਇਕਨ ਸੁਤਿਆ ਦੇਇ ਉਠਾਲਿ' ਦਾ ਕੀ ਮਤਲਬ ਹੋਇਆ? ਖਿਆਲ ਕਰਨਾ, ਕਦੇ ਕਦੀ ਉਹ ਦਾਤਾ ਜਦੋਂ ਤਰੁਠਦਾ ਹੈ, ਤਾਂ ਉਹ ਚੋਜੀ ਐਸੇ ਅਨਭੋਲ ਤੇ ਅਨਜਾਨ ਵਿਅਕਤੀਆਂ ਦੀਆਂ ਝੋਲੀਆਂ ਬਖਸ਼ਿਸ਼ ਨਾਲ ਭਰ ਦੇਂਦਾ ਹੈ ਕਿ ਦੇਖਣ ਵਾਲੇ ਹੈਰਾਨ ਰਹਿ ਜਾਂਦੇ ਹਨ। ਉਹਨਾਂ ਦੇ ਦਿਲ ਦੇ ਸ਼ੀਸ਼ੇ ਸਾਫ਼ ਹੁੰਦੇ ਹਨ। ਉਹ ਭਾਉ ਦਾ ਭੁੱਖਾ ਹੈ। ਅੰਦਰਲੀ ਭਾਵਨਾ ਸ਼ੁੱਧ ਤੇ ਬੇਲਾਗ ਹੋਣ ਕਰਕੇ ਐਸੇ ਮਨੁਖਾਂ ਤੇ ਬਖਸ਼ਿਸ਼ ਹੁੰਦੀ ਹੈ ਪਰ ਐਸੇ ਮਨੁੱਖ ਹਜ਼ਾਰਾਂ ਤੇ ਲੱਖਾਂ ਵਿਚੋਂ ਕੋਈ ਕੋਈ ਹੁੰਦੇ ਹਨ। ਅਸਾਂ ਇਹ ਦੇਖਣਾ ਹੈ ਕਿ ਜਿਥੇ ਅਸੀਂ ਉਸ ਦੀ ਬਖਸ਼ਿਸ਼ ਦੀ ਆਸ ਲਾਈ ਬੈਠੇ ਹਾਂ ਉਥੇ ਉਸਦੇ ਸਾਧਨ ਵੀ ਕਿਸੇ ਹਦ ਤਕ ਕਰਦੇ ਹਾਂ ਕਿ ਨਹੀਂ? ਇਹ ਹੀ ਫਰਕ ਇਕ 'ਆਲਮ' ਤੇ "ਆਮਲ" ਵਿੱਚ ਹੁੰਦਾ ਹੈ। ਵਾਹਿਗੁਰੂ ਨੂੰ ਜਾਣਨਾ ਜ਼ਰੂਰੀ ਹੈ ਪਰ ਆਮਲ ਹੋਣਾ ਉਸਤੋਂ ਵੀ ਜ਼ਰੂਰੀ ਹੈ। ਵਾਹਿਗੁਰੂ ਨੂੰ ਜਾਨਣ ਵਾਲੇ ਤੋਂ ਵਾਹਿਗੁਰੂ ਤੋਂ ਡਰਨ ਵਾਲਾ ਅੱਗੇ ਹੁੰਦਾ ਹੈ। ਉਸ ਦਾਤੇ ਦੀ ਬਖਸ਼ਿਸ਼ ਲੈਣ ਦੇ ਕਈ ਤਰੀਕੇ ਹਨ ਜਿਨ੍ਹਾਂ ਨਾਲ ਅਸੀਂ ਉਸਦੀ ਬਖਸ਼ਿਸ਼ ਦੇ ਹਕਦਾਰ ਬਣ ਸਕਦੇ ਹਾਂ।

**ਬਖਸ਼ਿਸ਼ ਦੇ ਮੌਕੇ:-** ਉਸਦੀ ਬਖਸ਼ਿਸ਼ ਦਾ ਅਰੰਭ ਉਦੋਂ ਹੁੰਦਾ ਹੈ ਜਦੋਂ ਮਨੁੱਖ ਨੂੰ ਰਬ ਪਾਸੇ ਦੀਆਂ ਗੱਲਾਂ ਚੰਗੀਆਂ ਲਗਣੀਆਂ ਸ਼ੁਰੂ ਹੋਣ ਤੇ ਮੰਦੇ ਕੰਮਾਂ ਤੋਂ ਮਨ ਉਪਰਾਮਤਾ ਵਿੱਚ ਆਵੇ। ਐਸੇ ਕੰਮ ਕਰਨ ਤੋਂ ਪਹਿਲਾਂ ਮਨੁੱਖ ਦੀ ਅੰਦਰ ਦੀ ਆਵਾਜ਼ ਉਸਨੂੰ ਲਾਹਨਤ


www.AKJ.Org

ਤੇ ਫਿਟਕਾਰ ਪਾਉਣਾ ਸ਼ੁਰੂ ਕਰੇ। ਕੂੜੀਆਂ ਠੀਸਾਂ ਤੇ ਫ਼ਜ਼ੂਲ ਦੀ ਬਕਬਕ ਕਹਿਣ ਤੇ ਸੁਣਨ ਤੋਂ ਮਨ ਘਿਰਨਾ ਕਰਨ ਲੱਗੇ। ਹਉਮੈ ਕਰਨ ਤੋਂ ਪਹਿਲੋਂ ਹੀ ਅੰਦਰਲੀ ਅਵਾਜ਼ ਦਾ ਸੂਚਕ-ਮਨ ਤੀਬ੍ਰਤਾ ਨਾਲ ਹਉਮੈ ਵਾਲੇ ਮਨੁੱਖ ਨੂੰ ਰੁਕਾਵਟ ਪਾਵੇ। ਹਉਮੈ ਕਰਨ ਤੋਂ ਮਗਰੋਂ ਵੀ ਜੇ ਉਹ ਪਛਤਾਵਾ ਕਰ ਲਵੇਤੇ ਨਾਲ ਹੀ ਉਸਨੂੰ ਦੁਬਾਰਾ ਕਰਨ ਤੋਂ ਤੋਬਾ ਕਰੇ ਤਾਂ ਫ਼ਿਰ ਗੁਰਵਾਕ ਅਨੁਸਾਰ 'ਹਉਮੈ ਬੂਝੇ ਤਾਂ ਦਰ ਸੂਝੇ' ਉਸਨੂੰ ਸੱਚਾ ਰਸਤਾ ਮਿਲੇਗਾ। ਤਾਂ ਸਮਝੋ ਕਿ ਉਸ ਉੱਤੇ ਅਕਾਲ ਕ੍ਰਿਪਾ ਦਾ ਅਰੰਭ ਹੋ ਰਿਹਾ ਹੈ। ਬਖਸ਼ਿਸ਼ ਦਾ ਇਹ ਵੀ ਮੌਕਾ ਹੈ ਜਦੋਂ ਕਿ ਮਨੁੱਖ ਨਿਸ਼ਕਾਮ ਹੋ ਕੇ ਕਿਸੇ ਮਦਦ ਦੇ ਹੱਕਦਾਰ ਦੀ ਮਦਦ ਕਰੇ। ਕਿਉਂ ਜੋ ਸਿਆਣਿਆਂ ਕਿਹਾ ਹੈ ਕਿ ਜੇ ਅਸੀਂ ਹਮਦਰਦੀ ਦੀ ਉਮੀਦ ਦੂਜਿਆਂ ਕੋਲੋਂ ਰੱਖੀਏ ਤਾਂ ਪਹਿਲੋਂ ਸਾਨੂੰ ਦੂਜਿਆਂ ਨਾਲ ਹਮਦਰਦੀ ਕਰਨਾ ਸਿਖਣਾ ਚਾਹੀਦਾ ਹੈ। ਸੋ ਜਿਸ ਵੇਲੇ ਮਨੁੱਖ ਦੀ ਆਤਮਾ ਦ੍ਰਵਨਾ ਸ਼ੁਰੂ ਕਰ ਦੇਵੇ ਉਸ ਸਮੇਂ ਰਬੀ ਬਖਸ਼ਿਸ਼ ਉਸ ਮਨੁੱਖ ਤੇ ਵਸਨੀ ਸ਼ੁਰੂ ਹੋ ਜਾਂਦੀ ਹੈ। ਸਚਾਈ, ਪਰਉਪਕਾਰ, ਤਿਆਗ ਅਤੇ ਨਿਮਰਤਾ ਤੇ ਗੁਣਾਂ ਦਾ ਮਨੁੱਖ ਅੰਦਰ ਆਉਣਾ ਹੀ ਉਸ ਦਾਤੇ ਦੇਹ ਬਖਸ਼ਿਸ਼ ਦੇ ਆਉਣ ਦਾ ਸਬੂਤ ਹੈ। ਜ਼ਰਾ ਥੋੜ੍ਹਾ ਗੁਰਮਤਿ ਵਲ ਹੋਰ ਵਧਕੇ ਸੋਚੀਏ। ਗੁਰਬਾਣੀ ਸੁਣਕੇ ਅੰਦਰ ਹੀ ਅੰਦਰ ਇੱਕ ਖਿੱਚ, ਵੈਰਾਗ ਜਿਹਾ ਮਹਿਸੂਸ ਕਰਨਾ ਵੀ ਉਸਦੀ ਬਖ਼ਸ਼ਿਸ਼ ਦਾ ਸਬੂਤ ਹੈ। ਕਈ ਮਨੁੱਖ ਆਪਣੇ ਦਿਲ ਦੀ ਪੱਟੀ ਜ਼ਿਆਦਾ ਸਾਫ਼ ਰੱਖਣ ਕਰਕੇ ਗੁਰਬਾਣੀ ਦੇ ਅਨੀਆਲੇ ਤੀਰਾਂ ਨਾਲ ਛੇਤੀ ਮਨ-ਦ੍ਰਵਤਾ ਦੀ ਹਾਲਤ ਤੇ ਆ ਕੇ ਰੋਣਾ ਸ਼ੁਰੂ ਕਰ ਦੇਂਦੇ ਹਨ। ਰੋਣਾ ਦੋ ਕਿਸਮ ਦਾ ਹੁੰਦਾ ਹੈ। ਪਾਖੰਡ ਦੇ ਦਾਇਰੇ ਵਿੱਚ ਆ ਕੇ ਰੋਣਾ ਉਸ ਸੁਜਾਨ ਨੂੰ ਭਰਮਾ ਨਹੀਂ ਸਕਦਾ। ਇਹ ਦਿਖਲਾਵਾ ਹੈ। ਜੇ ਮਨ ਦੇ ਅੰਦਰਲੇ ਕੋਨੇ ਤੋਂ ਗੁਰਬਾਣੀ ਨਾਲ ਪ੍ਰਭਾਵਤ ਹੋ ਕੇ ਰੋਣਾ ਨਿਕਲੇ ਉਹ ਹੀ ਦਾਤੇ ਦੀ ਅਪਾਰ ਕ੍ਰਿਪਾ ਦਾ ਨਿਸ਼ਾਨ ਹੈ। ਕੁਝ ਕੁ ਸਮੇਂ ਐਸੇ ਹਨ ਜਿਨ੍ਹਾਂ ਨੂੰ ਅਸੀਂ ਪੂਰਨ ਆਪਾ-ਖੋਜ ਦੇ ਸਮੇਂ ਆਖਦੇ ਹਾਂ, ਇਹ ਉਚੀਆਂ ਬਿਰਤੀਆਂ ਵਾਲਿਆਂ ਦੇ ਆਉਂਦੇ ਹਨ ਪਰ ਕਦੀ ਕਦੀ ਐਸੇ ਸਮੇ ਮਧਯਮ ਬ੍ਰਿਤੀ ਵਾਲਿਆਂ ਤੇ ਵੀ ਆਉਂਦੇ ਹਨ। ਇਹ ਸਮੇਂ ਖਾਣ ਪੀਣ ਵੇਲੇ ਸਵਾਦ ਦੀ ਪਹਿਚਾਨ ਦੇ ਬਾਰੇ ਹੁੰਦੇ ਹਨ। ਇਸ ਸਮੇ ਖਾਣ ਵਾਲੇ ਨੂੰ ਸਵਾਦ ਦਾ ਕੁੱਝ ਵੀ ਗਿਆਨ ਨਹੀਂ ਹੁੰਦਾ ਅਤੇ ਪੂਰਨ ਰੂਪ ਤੇ ਉਸਨੂੰ ਸਵਾਦੀ ਤੇ ਬੇਸਵਾਦੀ ਚੀਜ਼ ਵਿੱਚ ਕੋਈ ਫ਼ਰਕ ਨਹੀਂ ਪਤਾ ਲੱਗਦਾ। ਜੈਸੇ ਕਿ ਕਈ ਸਾਧੂ ਸੁਭਾਅ ਮਨੁੱਖਾਂ ਦੇ ਖਾਣ ਪੀਣ ਦੇ ਵਿਵਹਾਰ ਤੋਂ ਪਤਾ ਲੱਗ ਜਾਂਦਾ ਹੈ। ਐਸੇ ਸਮੇ, ਚੀਜ਼ਾਂ ਦੀ ਜ਼ਰੂਰਤ ਤੇ ਗਰਮੀ ਸਰਦੀ ਦਾ ਅਸਰ ਅਨੁਭਵ ਕਰਨ ਵੇਲੇ ਅਤੇ ਬਿਰਤੀ ਦੇ ਸੂਖਸ਼ਮ ਵਿਵਹਾਰਾਂ ਦੇ ਸਮੇਂ ਵੀ ਹੁੰਦੇ ਹਨ। ਐਸੇ ਸਮਿਆਂ ਮਨੁੱਖ ਦੇ ਵਿਵਹਾਰ ਤੋਂ ਸਾਫ ਪਤਾ ਚੱਲ ਜਾਂਦਾ ਹੈ ਕਿ ਇਹ ਚੜ੍ਹਦੀ ਕਲਾ ਦਾ ਸਿੱਖ ਹੈ ਕਿ ਨਹੀਂ। ਤਾਂ ਫ਼ੇਰ ਹੀ ਕਿਹਾ ਜਾ ਸਕਦਾ ਹੈ ਕਿ ਚੜ੍ਹਦੀ ਕਲਾ ਹੋਣ ਕਰਕੇ ਇਸ ਤੇ ਭਾਰੀ ਬਖਸ਼ਿਸ਼ ਹੈ। ਵੈਸੇ ਤਾਂ ਮਨੁੱਖਾਂ ਦੇ ਐਸੇ ਵਿਵਹਾਰ ਹੀ ਉਸਦੀ ਬਖ਼ਸ਼ਿਸ਼ ਦਾ ਨਿਸ਼ਾਨ ਹਨ ਪਰ ਜ਼ਰਾ ਅਗ੍ਹਾਂ ਵਧਕੇ ਵੇਖੀਏ ਤਾਂ ਉਹਨਾਂ ਦੇ ਬੋਲ ਚਾਲ ਵਿੱਚ ਮਿਠਾਸ ਹੋਣਾ ਵੀ ਉਨ੍ਹਾਂ ਤੇ ਇਕ ਭਾਰੀ ਬਖ਼ਸ਼ਿਸ਼ ਹੈ। ਬਹੁਤੇ ਮਨੁੱਖ ਬਹੁਤ ਦੇਰ ਤਕ ਚੰਗੇ ਤੇ ਬੁਰੇ ਮਨੁੱਖਾਂ ਦੀ (ਖਾਸ ਕਰਕੇ ਬੁਰਿਆਂ ਦੀ) ਟੀਕਾ ਟਿਪਨੀ ਕਰਦੇ ਰਹਿੰਦੇ ਹਨ ਤੇ ਇਸ ਆਦਤ ਨੂੰ ਬਹੁਤ ਪੱਕਾ ਜੱਫਾ ਮਾਰੀ ਬੈਠੇ ਰਹਿੰਦੇ ਹਨ। ਉਹ ਆਪਣੇ ਪੂਜਾ ਪਾਠ ਵੇਲੇ ਤਾਂ ਭਾਵੇਂ ਪੂਰੀ ਸਾਵਧਾਨੀ ਤੇ ਸ਼ਰਧਾ ਦਾ ਇਸਤੇਮਾਲ ਕਰਨ ਪਰ ਇਹ ਝਸ ਉਨ੍ਹਾਂ ਦਾ ਬਹੁਤ ਦੇਰ ਤਕ ਪਿਛਾ ਨਹੀਂ ਛੱਡਦਾ। ਐਸੇ ਮਨੁੱਖ ਗੁਰਮਤਿ ਦੇ ਦਾਇਰੇ ਵਿੱਚ ਆ ਕੇ ਵੀ ਚੋਣ ਵਾਲੇ ਪੀਪੇ ਵਾਙੂੰ ਆਪਣੀ ਸ਼ੁੱਧ ਕਮਾਈ ਦੇ ਅਸਰ ਨੂੰ ਟੀਕਾ ਟਿਪਣੀ ਦੀ ਆਦਤ ਕਰਕੇ ਘਾਟੇ ਵਿੱਚ ਹੀ ਰੱਖਦੇ ਹਨ। ਇਹ ਘਾਟਾ ਉਹ ਆਪ ਅਨੁਭਵ ਨਹੀਂ ਕਰਦੇ। ਆਮ ਤੌਰ ਤੇ ਇਹ ਕਹਿ ਕੇ ਗੱਲ ਸ਼ੁਰੂ ਕਰਦੇ ਹਨ ਕਿ ਨਿੰਦਾ ਤੇ ਕਿਸੇ ਦੀ ਨਹੀਂ ਕਰਨੀ ਚਾਹੀਦੀ, ਅਸਾਂ ਵੀ ਰਬ ਨੂੰ ਜਾਨ ਦੇਣੀ ਏ, ਪਰ .........ਨਾਲੇ ਤੇ ਉਹ ਨਿੰਦਾ ਕਰਨਾ ਬੁਰਾਈ ਸਮਝਦੇ ਹਨ ਤੇ ਨਾਲੇ ਨਿੰਦਾ ਕਰਦੇ ਵੀ ਜਾਂਦੇ ਹਨ। ਐਸੇ ਮਨੁੱਖ ਦਾਤੇ ਦੀ ਬਖ਼ਸ਼ਿਸ਼ ਦੀ ਵੱਡੀ ਉਮੀਦ ਰਖਦਿਆਂ ਹੋਇਆਂ ਵੀ ਬਖਸ਼ਿਸ਼ ਦੀ ਠੀਕ ਪ੍ਰਾਪਤੀ ਤੋਂ ਦੂਰ ਹੀ ਰਹਿੰਦੇ ਹਨ। ਪਰ ਉਹਨਾਂ ਲਈ ਕੋਈ ਸਮਾਂ ਅਜੇਹਾ ਜ਼ਰੂਰ ਆ ਜਾਂਦਾ ਹੈ ਜਦੋਂ ਕਿ ਉਹ ਇਕ ਦਮ (ਗੁਰੂ ਦੀ ਬਖ਼ਸ਼ਿਸ਼ ਦੁਆਰਾ) ਇਸ ਆਦਤ ਵਿੱਚੋਂ ਨਿਕਲ ਜਾਂਦੇ ਹਨ ਤੇ ਮਨ ਵਿਚ ਐਸੀ ਟੀਕਾ ਟਿਪਣੀ ਤੋਂ ਉਪਰਾਮਤਾ ਮਹਿਸੂਸ ਕਰਨ ਲੱਗਦੇ ਹਨ। ਇਹ ਹੈ ਬਖ਼ਸ਼ਿਸ਼ ਦਾ ਠੀਕ ਸਮਾਂ। ਇਸ ਵੇਲੇ ਉਨ੍ਹਾਂ ਨੂੰ ਸ਼ੁਕਰਾਨੇ ਵਜੋਂ ਖੰਡਾ ਖੜਕਾਉਣਾ ਚਾਹੀਦਾ ਹੈ ਭਾਵ ਗੁਰਮੰਤਰ ਦਾ ਹੜ੍ਹ ਚਲਾਉਣਾ ਚਾਹੀਦਾ ਹੈ ਜਿਸ ਵਿੱਚ ਐਸੇ ਭੈੜੇ ਵਿਚਾਰ ਰੁੜ੍ਹ ਜਾਣ ਤੇ ਮਨ ਨਿਰਮਲ ਹੋ ਜਾਵੇ। ਗੁਰਬਾਣੀ ਦੁਆਰਾ ਸਿੱਖਿਆ ਸੁਣਕੇ ਉਸ ਤੇ ਚੱਲਣ ਦਾ ਚਾਅ ਮਹਿਸੂਸ ਕਰਨਾ ਤੇ ਫੇਰ ਉਸ ਚਾਅ ਨੂੰ ਸ਼ੀਘਰ ਪੂਰਾ ਕਰਨ ਦਾ ਉਪਰਾਲਾ ਕਰਨ ਲਈ ਤੱਤਪਰ ਰਹਿਣਾ ਹੀ ਸਿੱਖ ਤੇ ਗੁਰੂ ਦੀ ਅਪਾਰ ਬਖ਼ਸ਼ਿਸ਼ ਦਾ ਪ੍ਰਮਾਨ ਹੈ। ਗੁਰਬਾਣੀ ਨਾਲ ਪਿਆਰ, ਉਸਦਾ ਆਦਰ ਤੇ ਸਤਿਕਾਰ ਤੇ ਯਾਦ ਕਰਨ ਦਾ ਚਾਅ, ਇਹ ਸਭ ਦਾਤੇ ਦੀ ਬਖ਼ਸ਼ਿਸ਼ ਦੇ ਸਬੂਤ ਹਨ। ਗੁਰਸਿੱਖਾਂ ਦੀ ਸੇਵਾ ਦਾ ਚਾਅ, ਗੁਰਸਿੱਖਾਂ ਨਾਲ ਮੇਲ ਮਿਲਾਪ ਗੁਰਮਤਿ ਪ੍ਰਾਪਤੀ ਲਈ ਰੱਖਣਾ, ਗੁਰਪੁਰਬ ਦੀ ਮਹੱਤਤਾ ਸਮਝਨਾ, ਆਪਣੇ ਵਿਵਹਾਰ ਵਿੱਚ ਗੁਰਮਤਿ ਦਾ ਆਸਰਾ ਢੂੰਡਣਾ, ਇਹ ਸਭ ਐਸੀਆਂ ਨਿਸ਼ਾਨੀਆਂ ਹਨ ਜੇਹੜੀਆਂ ਕਿ ਉਸ ਦਾਤੇ ਦੀ ਬਖ਼ਸ਼ਿਸ਼ ਹੋਈ ਹੋਈ ਦੱਸਦੀਆਂ ਹਨ।

ਪੰਨਾ ੨੯ ਦੀ ਬਾਕੀ

ਤੋਂ ਪਹਿਲਾਂ ਦਸਮੇਸ਼ ਪਿਤਾ ਨੇ ਦਸ ਮਹਲਾਂ ਦੀ ਜੋਤ ਦਾ ਵਾਸਾ ਸ਼ਬਦ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾ ਕੇ ਅਤੇ ਦੇਹ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਪੰਜ ਪਿਆਰਿਆਂ ਨੂੰ ਪ੍ਰਦਾਨ ਕਰਕੇ ਗੁਰਿਆਈ ਪਦ ਬਖਸ਼ਿਆ। ਇਸ ਤਰ੍ਹਾਂ ਗ੍ਰੰਥ ਅਤੇ ਪੰਥ ਦੀ ਗੁਰਤਾ ਸਥਾਪਤ ਕੀਤੀ। ਆਤਮਾ ਦੀ ਗ੍ਰੰਥ ਵਿਚ ਅਤੇ ਸਰੀਰ ਦੀ ਪੰਥ ਵਿਚ ਸਮਾਈ ਹੋਈ। 1699 ਈ: ਦੀ ਵਿਸਾਖੀ ਤੋਂ ਲੈ ਕੇ, ਜੋਤੀ ਜੋਤ ਸਮਾਉਣ ਤਕ 'ਕਾਦਿਰੇ ਹਰ ਕਾਰ' ਗੁਰੂ ਗੋਬਿੰਦ ਸਿੰਘ ਜੀ ਨੇ 'ਆਪੇ ਗੁਰ ਚੇਲਾ ਹੈ ਆਪੇ ਆਪੇ ਹਰਿ ਪ੍ਰਭ ਚੋਜ ਵਿਡਾਨੀ' ਦੇ ਅਨੇਕਾਂ ਕੌਤਕ ਵਰਤਾਏ। ਤਾਹੀਂਓ ਅਜ ਖ਼ਾਲਸਾ ਭਾਈ ਗੁਰਦਾਸ ਜੀ ਨਾਲ ਸੁਰ ਮਿਲਾ ਕੇ ਸਹਿਜ ਸੁਭਾ ਹੀ ਗਾ ਉਠਦਾ ਹੈ :

**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।**


www.AKJ.Org

## ਸੇਵਾ ਸਿਮਰਨ (ਅਤਰ ਸਿੰਘ ਨੀਰ)

ਪ੍ਰੀਤਮ ਮੇਰਾ ਸਦਾ ਹੀ ਮਿੱਠਾ, ਸੁੰਦਰ ਰੂਪ ਸੁਹਾਣਾ।
ਧੂੜੀ ਉਹਦੇ ਚਰਨਕੰਵਲਾਂ ਦੀ, ਹੈ ਅਣਮੋਲ ਖਜ਼ਾਨਾ।
ਮਨ ਦੇ ਅੰਦਰ ਭਗਤੀ ਰਸ, ਤੇ ਸਿਕ ਦਰਸ਼ਨ ਦੀ ਆਵੈ।
ਰਸਨਾਂ ਉੱਤੇ ਨਾਮ ਜਪਣ ਦੀ ਲਿਵ ਅੰਦਰੋਂ ਰੁਸ਼ਨਾਵੈ।
ਸਿਮਰਨ ਰੂਪੀ ਅੰਮ੍ਰਿਤ ਭੋਜਨ ਸਦਾ ਰਹੇ ਤ੍ਰਿਪਤਾਂਦਾ।
ਮਿੱਠਾ ਮਿੱਠਾ ਸੁਆਦ ਸਦੀਵੀ ਠੰਡ ਕਲੇਜੇ ਪਾਂਦਾ।
ਅੱਖਾਂ ਦੀ ਦ੍ਰਿਸ਼ਟੀ ਖੁਲ੍ਹ ਜਾਂਦੀ ਜੋਤ ਅਨੂਠੀ ਜਗੇ।
ਅੰਦਰ ਸ਼ਾਂਤ ਪਿਆਰ ਦਾ ਭਰਿਆ, ਲੂੰ ਲੂੰ ਮਿੱਠਾ ਲੱਗੇ।
ਚਾਹਤ ਰਹੇ ਉਗਮਦੀ ਅੰਦਰ, ਹਰ ਵਕਤ ਹਰ ਵੇਲੇ।
ਅੰਮ੍ਰਿਤ ਭੋਜਨ ਸਾਂਈ ਸਿਮਰਨ ਦਾ ਬਲ ਬੁੱਧ ਕਰੇ ਸੁਹੇਲੇ।
ਪ੍ਰਤੱਖ ਦੀਦਾਰ ਕਰਨ ਦੀ ਇੱਛਾ ਮਨ ਨੂੰ ਜੋੜੀ ਰੱਖੇ।
ਮਗਨ ਲਗਨ ਇਸੇ ਦੇ ਅੰਦਰ ਅੰਦਰਾਂ ਮੋੜੀ ਰੱਖੇ।
ਗੁਰੂ ਪਿਆਰ ਦੀ ਮੌਜ ਮਾਣਨ ਲਈ ਸ਼ਾਮ ਸਵੇਰੇ ਆ ਕੇ।
ਸਾਦਕ ਸੰਗ ਸਿਦਕ ਸੰਗਤ ਦੇ ਜੋੜੇ ਝਾੜੇ ਚਾ ਕੇ।
ਇਉਂ ਸੰਤੋਖ ਤੇ ਸ਼ਾਂਤੀ ਮਨ ਨੂੰ, ਦੇਣ ਠਰੰਮਾ ਭਾਰੀ।
ਇਸੇ ਹੀ ਧੁਨ ਵਿੱਚ ਕਰਦਾ ਆਵੇ, ਜੀਵਨ ਦੀ ਹਰ ਨਾਰੀ।
ਇਹੋ ਜਿਹਾਂ ਤੋਂ ਭਵਸਾਗਰ ਦੀਆਂ, ਛੱਲਾਂ ਰਹਿਣ ਪਰੇਰੇ।
ਵਾਹਿਗੁਰੂ ਹੋਵੇ ਸਦਾ ਸਹਾਈ, ਦੂਰ ਜਮਾਂ ਦੇ ਡੇਰੇ।
ਚਰਨ ਕੰਵਲ ਦੀ ਮੌਜ ਦੇ ਅੰਦਰ ਰੱਤੇ ਗੁਰੂ ਪਿਆਰੇ।
ਮਾਣਨ ਖੁਸ਼ੀਆਂ ਸੁਖ ਰਾਜ, ਹਰ ਕਿਸਮ ਦੇ ਸਾਰੇ।
ਪੂਰਨ ਪੁਰਖ ਕਰਤਾ ਅਬਨਾਸ਼ੀ ਸਦਾ ਹੀ ਹੈ ਦਯਾਲੂ।
ਕਰੇ ਸੰਭਾਲ ਸੇਵਕ ਆਪਣੇ ਦੀ ਹਰ ਸਮੇਂ ਕਿਰਪਾਲੂ।
ਬਖ਼ਸ਼ਿਸ਼ ਉਹ ਦੀ ਰਹਿਮਤ ਉਹਦੀ, ਹਰ ਥਾਂ ਉੱਤੇ ਹੋਵੇ।
ਆਪਣੇ ਸੇਵਕ ਦੀ ਆਪ ਹੀ ਰਾਖਾ, ਕੋਈ ਬਿਪਤ ਨਾ ਛੋਹਵੇ।
ਸੇਵਾ ਦੇ ਸੰਗ ਸਿਮਰਨ ਅੰਦਰ ਸਿਮਰਨ ਦੇ ਸੰਗ ਨੇੜਾ।
ਨੇੜਤਾ ਨਾਲ ਅਪਣੱਤ ਹੈ ਮਿਲਦੀ ਮਿਟੇ ਕੌਣ ਤੇ ਕਿਹੜਾ।
ਵਾਟਾਂ ਦੂਰ ਦੁਰਾਡੇ ਦੀਆਂ, ਪੈਂਡਾ ਮੰਜ਼ਲ ਭਾਰੀ।
ਸੇਵਾ ਦਾ ਪ੍ਰਤਾਪ ਮਿਟਾਵੇ ਹਰ ਇਕ ਗਿਲਾ ਗੁਜ਼ਾਰੀ।
ਸੇਵਾ ਕਰਦਿਆਂ ਅੰਦਰ ਆਤਮਾ ਵਜਦੇ ਨੇ ਝਲਕਾਰੇ।
ਲੋਕ ਪਿਆਰ ਦੀ ਮਿੱਠੀ ਰੌਂ ਚੋਂ ਨਿਕਲਣ ਇਉਂ ਫੁਹਾਰੇ।
ਕਿ ਜੀਵਨ ਮਾਣੇ ਸਦਾ ਸਦਾ ਹੀ, ਮਿੱਠੀਆਂ ਪਿਆਰ ਅਸੀਸਾਂ।
ਐਸੇ ਜੀਵ ਤੇ ਹੋਣ ਹਮੇਸ਼ਾਂ ਮਿਹਰਾਂ ਤੇ ਬਖ਼ਸ਼ੀਸ਼ਾਂ।
ਸੇਵਾ ਸਿਮਰਨ ਘਾਲ ਕਮਾਈ ਜੀਵਨ ਨੂੰ ਰੁਸ਼ਨਾਵੇ।
ਨਾਮ ਅਭਿਆਸ ਤੇ ਸੁੱਚੀ ਕਰਣੀ ਸਦਾ ਅਨੰਦ ਲਿਆਵੇ।
ਚਰਨ ਸ਼ਰਨ ਦੀਆਂ ਮਾਣਨ ਮੌਜਾਂ ਐਸੇ ਜੀਵਨ ਵਾਲੇ।
ਰੱਖਣ ਵਿੱਚ ਕਲਾਵਿਆਂ ਉਹਨੂੰ 'ਨੀਰ' ਗੁਰੂ ਰਖਵਾਲੇ।

ਪੰਨਾ ੨੯ ਦੀ ਬਾਕੀ

ਸਿਮਰਦਾ ਹਾਂ। ਇਹ ਹੀ ਮੇਰੀ ਸੱਚੀ ਆਰਤੀ ਹੈ।

(ਡਾ: ਸਾਹਿਬ ਸਿੰਘ, ਡੀ. ਲਿਟ.,ਪੰਨਾ ੧੮੩-੧੮੪)

ਸੋ ਉਪਰੋਕਤ ਸ਼ਬਦ ਵਿਚ ਭਗਤ ਪੀਪਾ ਜੀ ਦੀ ਵਿਚਾਰਧਾਰਾ ਭੀ ਭਗਤ ਜੀ ਦਾ ਜਿਥੇ ਨਿਰਗੁਣ ਉਪਾਸ਼ਕ ਹੋਣ ਦੀ ਸਾਖੀ ਭਰਦੀ ਹੈ ਉਥੇ ਪ੍ਰਚੱਲਤ ਆਰਤੀ ਦੀ ਵਿਧੀ ਦੀ ਨਿਖੇਧੀ ਹੀ ਕਰਕੇ ਸੱਚੀ ਆਰਤੀ ਪ੍ਰਭੂ ਦਾ ਸਿਮਰਨ ਕਰਨਾ ਹੀ ਦਸਦੀ ਹੈ।

## ਬੱਚਿਆਂ ਲਈ ਦਿੱਤੇ ਗਏ ਸਵਾਲਾਂ ਦੇ ਜਵਾਬ

### ਜਨਵਰੀ 95

ਗੁਰਬਾਣੀ ਦੀਆਂ ਤੁਕਾਂ ਵਿੱਚ ਹੇਠਾਂ ਲਕੀਰਾਂ ਖਿੱਚੇ ਸ਼ਬਦਾਂ ਦੇ ਅਰਥ-

1. ਵੇਚਿਓ ਸਿਰ: ਸਿਰ ਵੇਚ ਦਿੱਤਾ ਭਾਵ ਆਪਾ ਮਿਟਾ ਕੇ ਗੁਰੂ ਦੇ ਲਾਲੇ ਗੋਲੇ ਬਣ ਗਏ।
2. ਕੋਰੈ: ਅਣਭਿੱਜ, ਉਹ ਕੱਪੜਾ ਜਿਸ ਦੀ ਪਾਣ (ਮਾਂਡੀ) ਨਹੀਂ ਕੱਢੀ ਗਈ ਭਾਵ ਹਉਮੈ ਮੱਤਾ ਮਨੁੱਖ।
3. ਦੂਜੇ ਭਾਇ: ਹੋਰ ਦੇ ਪ੍ਰੇਮ ਵਿੱਚ ਅਰਥਾਤ ਮਾਇਆ ਦੇ ਮੋਹ ਵਿ
4. ਦਹਦਿਸਿ: ਦਸ ਦਿਸ਼ਾ (ਦਸ ਪਾਸੇ) ਅਰਥਾਤ ਚਾਰ ਕੋਣੇ ਮਕਾਨ ਵਾਂਗ ਪੂਰਬ, ਪੱਛਮ, ਉੱਤਰ, ਦੱਖਣ (ਚਾਰ ਪਾਸੇ): ਉੱਤੇ ਤੇ ਥੱਲੇ (ਦੋ ਪਾਸੇ): ਪੂਰਬ ਦੱਖਣ, ਦੱਖਣ ਪੱਛਮ, ਪੱਛਮ ਉੱਤਰ, ਉੱਤਰ ਪੂਰਬ (ਚਾਰੇ ਕੋਣੇ, ਉਪ-ਦਿਸ਼ਾ) ਭਾਵ ੪ +੨+੪ = ੧੦ ਦਿਸ਼ਾ।
5. ਅੰਮ੍ਰਿਤਸਰ: ਅੰਮ੍ਰਿਤ ਸਰੋਵਰ ਭਾਵ ਸਾਧਸੰਗਤਿ।

### ਫਰਵਰੀ 95

1. ਭਾਈ ਬਚਿੱਤਰ ਸਿੰਘ ਜੀ ਸਪੁੱਤਰ ਭਾਈ ਮਨੀ ਸਿੰਘ ਜੀ ਸ਼
2. ਪੈਂਦਾਖਾਨ ਗੁਰੂ ਹਰਗੋਬਿੰਦ ਸਾਹਿਬ ਦਾ ਪਾਲਿਆ ਹੋਇਆ ਅਤੇ ਉਨ੍ਹਾਂ ਦੀ ਫ਼ੌਜ ਦਾ ਇੱਕ ਆਗੂ ਸੀ ਜਿਹੜਾ ਆਪਣੇ ਦਾਮਾਦ ਅਸਮਾਨ ਖਾਨ ਦੀ ਚੁੱਕ ਵਿੱਚ ਆ ਕੇ ਗੁਰੂ ਸਾਹਿਬ ਤੇ ਸ਼ਾਹੀ ਸੈਨਾ ਚੜ੍ਹਾ ਲਿਆਇਆ ਅਤੇ ਕਰਤਾਰਪੁਰ ਦੇ ਰਣਖੇਤ ਵਿੱਚ ਗੁਰੂ ਸਾਹਿਬ ਹੱਥੋਂ ਮਾਰਿਆ ਗਿਆ।
3. ਪੰਜ ਪਿਆਰੇ ਹੇਠ ਲਿਖੀਆਂ ਥਾਵਾਂ ਦੇ ਰਹਿਣ ਵਾਲੇ ਸਨ-
   1) ਭਾਈ ਦਇਆ ਸਿੰਘ ਜੀ ...... ਲਾਹੌਰ (ਪਾਕਿਸਤਾਨ)
   2) ਭਾਈ ਧਰਮ ਸਿੰਘ ਜੀ ......... ਹਸਤਨਾਪੁਰ
   3) ਭਾਈ ਹਿੰਮਤ ਸਿੰਘ ਜੀ ......... ਜਗਨ-ਨਾਥ ਪੁਰੀ
   4) ਭਾਈ ਮੋਹਕਮ ਸਿੰਘ ਜੀ ......... ਦਵਾਰਕਾ
   5) ਭਾਈ ਸਾਹਿਬ ਸਿੰਘ ਜੀ .......... ਬਿਦਰ

   ਗੁਰੂ ਗੋਬਿੰਦ ਸਿੰਘ ਜੀ ਨਾਲ ਆਖਰੀ ਦਮ ਤੱਕ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਰਹੇ।
4. ਮਹਾਨ ਕੋਸ਼ ਅਨੁਸਾਰ ਦਸ਼ਮੇਸ਼ ਪਿਤਾ ਨੇ ਜਿਨ੍ਹਾਂ ਪੰਜ ਸਲਾਹਕਾਰਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਪੰਜਾਬ ਤੋਰਿਆ ਉਨ੍ਹਾਂ ਦੇ ਨਾਮ ਇਹ ਸਨ-
   1) ਭਾਈ ਬਿਨੋਦ ਸਿੰਘ। 2) ਭਾਈ ਕਾਹਨ ਸਿੰਘ।
   3) ਭਾਈ ਬਾਜ ਸਿੰਘ। 4) ਭਾਈ ਬਿਜੈ ਸਿੰਘ।
   5) ਭਾਈ ਰਾਮ ਸਿੰਘ।
5. ਭਾਈ ਡੱਲੇ ਨੇ ਦਸ਼ਮੇਸ਼ ਜੀ ਤੋਂ ਉਨ੍ਹਾਂ ਦੇ ਚਰਨਾਂ ਵਿੱਚ ਪੀੜ੍ਹੀ ਜਿੰਨੀ ਥਾਂ ਮੰਗੀ ਸੀ ਪਰ ਗੁਰੂ ਸਾਹਿਬ ਨੇ ਅੱਗੋਂ ਕਿਹਾ ਕਿ ਭਾਈ ਡੱਲਿਆ! ਤੈਨੂੰ ਤੇਰੀ ਮਾਇਕ ਸੇਵਾ ਬਦਲੇ ਦੁਨਿਆਵੀ ਪਦਾਰਥ ਹੀ ਮਿਲ ਸਕਦੇ ਹਨ, ਚਰਨਾਂ ਵਿੱਚ ਥਾਂ ਵਾਸਤੇ ਤੈਨੂੰ ਆਪਾ ਗੁਆ ਕੇ ਅੰਮ੍ਰਿਤ ਛਕਣਾ ਪਵੇਗਾ।



www.AKJ.Org

# ਬ੍ਰਾਹਮਣਵਾਦੀ ਸਿੱਖਾਂ ਦੀ ਦੇਣ : ਸਿਧਾਂਤਕ ਗਲਤੀਆਂ

15 ਫਰਵਰੀ ਦੇ 'ਪੰਜਾਬੀ ਟ੍ਰਿਬਿਊਨ' ਵਿਚ ਡਾ. ਸ.ਸ. ਦੁਸਾਂਝ ਨੇ ਆਪਣੇ ਲੇਖ 'ਪੰਜਾਬ ਦਾ ਅਜੋਕਾ ਸੰਕਟ ਬ੍ਰਾਹਮਣਵਾਦੀ ਸਿੱਖਾਂ ਦੀ ਦੇਣ' ਵਿਚ ਬਹੁਤ ਸਾਰੀਆਂ ਗੱਲਾਂ ਸਿੱਖ ਸਿਧਾਂਤਾਂ ਦੇ ਉਲਟ ਲਿਖੀਆਂ ਹਨ। ਆਪਣੀਆਂ ਗੱਲਾਂ ਦਾ ਪ੍ਰਭਾਵ ਜਮਾਉਣ ਲਈ ਉਨ੍ਹਾਂ ਨੇ ਰਹਿਤ-ਮਰਿਆਦਾ ਅਤੇ ਰਹਿਤ ਦੇ ਧਾਰਨੀ ਸਿੱਖਾਂ 'ਤੇ ਬ੍ਰਾਹਮਣਵਾਦੀ ਹੋਣ ਦਾ ਲੇਬਲ ਲਗਾਇਆ ਹੈ। ਵੈਸੇ ਇਹ ਲੇਖ ਉਨ੍ਹਾਂ ਨੇ ਆਪਣੇ ਦੇ ਤਿੰਨ ਪੁਰਾਣੇ ਲੇਖਾਂ ਨੂੰ ਰਲਾ ਕੇ ਅਤੇ ਕੁਝ ਨਵਾਂ ਮਸਾਲਾ ਬਣਾ ਕੇ ਅਖਬਾਰ ਦਾ ਪੰਨਾ ਭਰਨ ਦੀ ਕੋਸ਼ਿਸ਼ ਕੀਤੀ ਹੈ।

ਆਪਣੇ ਲੇਖ ਦੇ ਸ਼ੁਰੂ ਵਿਚ ਹੀ ਲੇਖਕ ਨੇ ਸ਼ਬਦ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਤਰ ਦਰਸਾਉਣ ਦਾ ਯਤਨ ਕੀਤਾ ਹੈ ਪਰ ਇਹ ਸਮਸ਼ਟ ਨਹੀਂ ਕੀਤਾ ਕਿ ਅੰਤਰ ਕੀ ਹੈ। ਸ਼ਬਦ ਗੁਰੂ (ਗੁਰਬਾਣੀ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੋਈ ਹੋਈ ਹੈ। ਅੱਗੇ ਜਾ ਕੇ ਆਪ ਹੀ ਕਹਿ ਦਿੱਤਾ ਕਿ ਜਿਸ ਰਸਤੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲੰਘਦੀ ਹੈ ਉਹ ਰਸਤੇ ਆਪ ਹੀ ਪਵਿੱਤਰ ਹੋ ਜਾਂਦੇ ਹਨ। ਇਕ ਪਾਸੇ ਲੇਖਕ 'ਆਦਿ ਗ੍ਰੰਥ' ਦੀ ਗੁਰਿਆਈ ਤੋਂ ਮੁਨਕਰ ਨਜ਼ਰ ਆਉਂਦਾ ਹੈ, ਦੂਜੇ ਪਾਸੇ ਉਸਦੀ ਸਵਾਰੀ ਲੰਘਣ ਨਾਲ ਰਸਤਿਆਂ ਦੀ ਪਵਿੱਤਰਤਾ ਦਸਦਾ ਹੈ।

ਅੱਗੇ ਜਾ ਕੇ ਲੇਖਕ ਅਰਦਾਸ ਦੀ ਸ਼ਬਦਾਵਲੀ ਤੇ ਕਿੰਤੂ ਪ੍ਰੰਤੂ ਕਰਦਾ ਹੈ। ਅਰਦਾਸ ਸੱਚੇ ਮਨ ਨਾਲ ਕੀਤੀ ਜਾਣੀ ਚਾਹੀਦੀ ਹੈ। ਅਰਦਾਸ ਦੀ ਸਾਰਥਕਤਾ ਦਾ ਸੰਬੰਧ ਵੀ ਬਿਰਤੀ ਨਾਲ ਹੀ ਹੈ। ਪਰ ਕੀ ਅਰਦਾਸ ਦੀ ਸ਼ਬਦਾਵਲੀ ਬਿਰਤੀ ਨਾਲ ਜੁੜਨ ਵਿਚ ਰੁਕਾਵਟ ਪਾਉਂਦੀ ਹੈ ? ਜਾਂ ਫਿਰ ਅਰਦਾਸ ਦੀ ਸ਼ਬਦਾਵਲੀ ਵਿਚ ਕੋਈ ਗਲਤੀ ਹੈ ? ਜੇ ਕੋਈ ਸੱਚੇ ਮਨ ਨਾਲ ਅਰਦਾਸ ਨਹੀਂ ਕਰਦਾ ਤਾਂ ਇਹ ਉਸਦਾ ਕਸੂਰ ਹੈ, ਨਾ ਕਿ ਅਰਦਾਸ ਦੀ ਸ਼ਬਦਾਵਲੀ ਦਾ। ਅਰਦਾਸ ਦਾ ਇਕ ਇਕ ਅੱਖਰ ਭਾਵਪੂਰਤ ਅਤੇ ਦਿੱਬ-ਦ੍ਰਿਸ਼ਟੀ ਵਾਲਾ ਹੈ। ਅਰਦਾਸ ਦੀ ਸ਼ਬਦਾਵਲੀ ਬਿਰਤੀ ਨੂੰ ਜੋੜਨ ਵਾਲੀ ਹੈ। ਪਰ ਸ਼ਾਇਦ ਲੇਖਕ ਦੀ ਬਿਰਤੀ ਵਿਚ ਅਰਦਾਸ ਦੀ ਸ਼ਬਦਾਵਲੀ ਵਿਘਨ ਪਾਉਣ ਵਾਲੀ ਹੈ ? ਇਸ ਦੀ ਵਜ੍ਹਾ ਸ਼ਾਇਦ ਇਹ ਹੈ ਕਿ ਦੁਸਾਂਝ ਸਾਹਿਬ ਦੀ ਆਤਮਿਕ ਅਵਸਥਾ ਇੰਨੀ ਉਚੀ ਪਹੁੰਚ ਚੁੱਕੀ ਹੈ, ਇਹ ਉਨ੍ਹਾਂ ਦੀ ਪੱਧਰ ਦੀ ਨਹੀਂ ਹੈ।

ਇਕ ਗੱਲ ਜਿਹੜੀ ਡਾ. ਦੁਸਾਂਝ ਆਪਣੇ ਪੁਰਾਣੇ ਲੇਖਾਂ ਵਿਚ ਪ੍ਰਗਟਾਉਂਦੇ ਆ ਰਹੇ ਹਨ (ਪਹਿਲਾਂ ਕੁਝ ਅਸਪਸ਼ਟ ਪਰ ਹੌਲੀ ਹੌਲੀ ਹੁਣ ਬਿਲਕੁਲ ਸਾਫ਼) ਉਹ ਇਹ ਹੈ ਕਿ ਇਨ੍ਹਾਂ ਨੂੰ ਸਿੱਖੀ ਬਾਣੇ, ਸਿੱਖੀ ਸਰੂਪ ਅਤੇ ਕਕਾਰਾਂ ਤੋਂ ਖਾਸ ਚਿੜ ਹੈ। ਕਕਾਰਾਂ ਦੇ ਨਾਲ ਅਮਲਾਂ ਦਾ ਹੋਣਾ ਨਿਹਾਇਤ ਜ਼ਰੂਰੀ ਹੈ। ਪਰ ਇਹ ਕੁਝ ਭੇਖੀਆਂ ਨੂੰ ਆਧਾਰ ਬਣਾ ਕੇ ਕਕਾਰਾਂ 'ਤੇ ਹਮਲਾ ਕਰ ਰਹੇ ਹਨ। ਕਕਾਰਾਂ ਦੀ ਹੋਂਦ ਮਗਰ ਪੂਰੀ ਫ਼ਿਲਾਸਫ਼ੀ ਹੈ, ਕਕਾਰਧਾਰੀ ਖਾਲਸਾ ਬਾਣੀ ਦੇ ਸਿੱਖ ਦਾ ਪ੍ਰਗਟਾਅ ਹੈ। ਜੇ ਡਾ. ਸਾਹਿਬ ਨੂੰ ਬਾਣੀ ਅਤੇ ਬਾਣੇ ਦੀ ਅੰਤਰ-ਸਬੰਧਤਾ ਦਾ ਨਹੀਂ ਪਤਾ ਤਾਂ ਅਧਿਐਨ ਕਰ ਲੈਣ ਪਰ ਬਾਣੀ ਅਤੇ ਬਾਣੇ ਵਿਚ ਦੁਫੇੜ ਪੈਦਾ ਕਰਨ ਦਾ ਯਤਨ ਨਾ ਕਰਨ। ਸਿੱਖ ਦੀ ਫ਼ਿਲਾਸਫ਼ੀ ਤਾਂ 'ਸਾਬਤਿ ਸੂਰਤਿ ਦਸਤਾਰ ਸਿਰਾ' ਹੈ। ਕਕਾਰਾਂ ਦੇ ਸਬੰਧੀ ਬਹੁਤ ਹਵਾਲੇ ਹਨ ਪਰ ਇਥੇ ਲੇਖਕ ਦੀ ਜਾਣਕਾਰੀ ਲਈ ਇਕ ਦੋ ਹਵਾਲੇ ਦਿੱਤੇ ਜਾ ਰਹੇ ਹਨ।

ਨਿਸ਼ਾਨਿ ਸਿਖੀ ਈਂ ਪੰਜ ਹਰਫ਼ ਕਾਫ਼।
ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ਼।
ਕੜਾ, ਕਾਰਦੋ, ਕਛ, ਕੰਘਾ ਬਿਦਾਂ।
ਬਿਨਾਂ ਕੇਸ, ਹੇਚ ਅਸਤ ਜੁਮਲਾ ਨਿਸ਼ਾਂ। (ਸਰਬ ਲੋਹ ਗ੍ਰੰਥ)

ਕੰਘਾ ਦੋਨੋਂ ਵਕਤ ਕਰ,
ਪਾਗ ਚੁਨੈ ਕਰ ਬਾਂਧਈ। (ਭਾਈ ਨੰਦ ਲਾਲ)

ਲੇਖਕ ਨੂੰ ਇਤਰਾਜ਼ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਜਾਂ ਗੁਰਦੁਆਰਿਆਂ ਵਿਚ ਸਿਰਫ਼ ਸਿੱਖਾਂ ਨੂੰ ਹੀ ਪਾਠ ਜਾਂ ਕੀਰਤਨ ਕਰਨ ਦੀ ਇਜਾਜ਼ਤ ਕਿਉਂ ਹੈ। ਪਾਠ ਕਰ ਰਿਹਾ ਵਿਅਕਤੀ ਸਾਡੇ ਤਕ ਗੁਰੂ ਦਾ ਸੁਨੇਹਾ ਪਹੁੰਚਾ ਰਿਹਾ ਹੁੰਦਾ ਹੈ। ਜੇ ਉਹ ਆਪ ਹੀ ਸਿਰ ਮੁੰਨਿਆ ਹੋਵੇ ਤਾਂ ਸੰਗਤ ਉਸ ਕੋਲੋਂ ਕਿਹੋ ਜਿਹੀ ਸੇਧ ਲਵੇਗੀ ਜਾਂ ਉਹ ਕਿਹੋ ਜਿਹਾ ਸੁਨੇਹਾ ਸੰਗਤ ਤਕ ਪਹੁੰਚਾ ਰਿਹਾ ਹੋਵੇਗਾ। ਪਰ ਦੁਸਾਂਝ ਸਾਹਿਬ ਦਾ ਤਾਂ ਮੰਤਵ ਹੀ ਪਤਿਤ ਵਿਆਕਤੀਆਂ ਨੂੰ ਬਤੌਰ ਬਾਣੀ ਦੇ ਸਿੱਖ ਮਾਨਤਾ ਦੁਆਉਣਾ ਅਤੇ ਸਥਾਪਿਤ ਕਰਨਾ ਹੈ। ਸਿੱਖੀ ਸਰੂਪ ਨੂੰ ਬ੍ਰਾਹਮਣਵਾਦੀ ਸਿੱਧ ਕਰਨ ਲਈ ਇਹ 'ਜਹਾਦ' ਕਰ ਰਹੇ ਹਨ। ਸਿੱਖਾਂ ਦੁਆਰਾ ਕਦੇ ਵੀ ਵਿਚਾਰਧਾਰਾ ਤੋਂ ਸੱਖਣੇ ਬਾਣੇ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ ਨਾ ਹੀ ਕਦੇ ਪ੍ਰਵਾਨ ਕੀਤਾ ਹੈ ਪਰ ਡਾ. ਸਾਹਿਬ ਦੀ ਕਲਪਨਾ ਵਿਚ ' ਇਹ ਸਾਜ਼ਿਸ਼ ਰਚੀ ਜਾ ਚੁੱਕੀ ਹੈ'। ਅਸਲ ਵਿਚ ਤਾਂ ਸਿੱਖੀ ਸਰੂਪ ਨੂੰ ਢਾਹ ਲਾਉਣ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈਜਿਸ ਵਿਚ ਕਿ ਦੁਸਾਂਝ ਸਾਹਿਬ ਬੜੀ ਸ਼ਿੱਦਤ ਨਾਲ ਯੋਗਦਾਨ ਪਾ ਰਹੇ ਹਨ। ਜ਼ਰਾ ਲੇਖਕ ਦੀ ਸ਼ਬਦਾਵਲੀ ਵੱਲ ਪਾਠਕ ਧਿਆਨ ਦੇਣ "ਸਿੱਖ ਰਹਿਤ ਮਰਿਆਦਾ ਦੇ ਨਾਂ 'ਤੇ ਐਲਾਨ ਕਰ ਦਿੱਤਾ ਕਿ ਸੰਗਤ ਦੀ ਹੋਂਦ ਵਿਚ ਕੋਈ ਵੀ ਵਿਅਕਤੀ ਸਿੱਖੀ ਬਾਣੇ ਨੂੰ ਗ੍ਰਹਿਤ ਕੀਤੇ ਬਗੈਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਨਾ ਕਰ ਸਕਦਾ ਹੈ ਨਾ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਸਕਦਾ ਹੈ।" (ਦੁਸਾਂਝ ਸਾਹਿਬ ਨੇ ਐਲਾਨ ਦੀ ਤਾਰੀਖ ਨਹੀਂ ਦੱਸੀ ਕਿਉਂਕਿ ਜਾਪਦਾ ਹੈ ਕਿ ਜਿਵੇਂ ਇਹ ਐਲਾਨ ਹਾਲੀਂ ਕੁਝ ਦਿਨ ਪਹਿਲਾਂ ਹੀ ਹੋਇਆ ਹੈ।) ਪਰ ਇਹ ਐਲਾਨ ਤਾਂ ਗੁਰੂ ਸਾਹਿਬ ਨੇ ਹੀ ਕਰ ਦਿੱਤਾ ਸੀ ਜਦੋਂ 1699 ਈ. ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। ਜਾਂ ਫਿਰ ਗੁਰੂ ਗੋਬਿੰਦ ਸਿੰਘ ਜੀ ਵੀ ਬ੍ਰਾਹਮਣਵਾਦੀ ਹੋਣਗੇ।

ਡਾ. ਦੁਸਾਂਝ ਨੂੰ ਤਾਂ ਸਿੱਖ ਮੱਤ ਦੀ ਅੱਡਰੀ ਪਹਿਚਾਣ ਤੋਂ ਹੀ ਚਿੜ੍ਹ ਹੈ। ਨਾਨਕ ਨਿਰੰਕਾਰ ਦੇ ਨਾਂ ਤੇ ਨਵਾਂ ਮੱਤ ਸਿੱਖਾਂ ਨੇ ਨਹੀਂ ਚਲਾਇਆ, ਗੁਰੂ ਨਾਨਕ ਨੇ ਆਪ ਚਲਾਇਆ ਹੈ। ' ਨ ਹਮ ਹਿੰਦੂ ਨ ਮੁਸਲਮਾਨ ।। ਅਲਹ ਰਾਮ ਕੇ ਪਿੰਡ ਪਰਾਨ।।' ਸਿੱਖਾਂ ਨੇ ਆਪਣੇ ਕੋਲੋਂ ਨਹੀਂ ਲਿਖਿਆ। ਦੁਸਾਂਝ ਸਾਹਿਬ ਇਸ ਗੱਲ ਦਾ ਤੁਹਾਡੇ ਕੋਲ ਕੀ ਜੁਆਬ ਹੈ ? ਜੇ ਹੋਰ ਵਿਸਥਾਰ ਨਾਲ ਜਾਨਣਾ ਚਾਹੁੰਦੇ ਹੋ ਤਾਂ ਭਾਈ ਕਾਨ੍ਹ ਸਿੰਘ


www.AKJ.Org

ਨਾਭਾ ਦੀ ਪੁਸਤਕ ' ਹਮ ਹਿੰਦੂ ਨਹੀਂ' ਦੇਖ ਸਕਦੇ ਹੋ। ਸਿੱਖ ਮੱਤ ਦਾ ਤਾਂ ਆਧਾਰ ਹੀ ਪਿਆਰ ਹੈ ਨਾ ਕਿ ਸਵਰਗ ਨਰਕ ਦਾ ਡਰ।

ਰਾਜ ਨਾ ਚਾਹਉ ਮੁਕਤਿ ਨਾ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ।। (ਮ ੫. ਪੰਨਾ ੫੩੪)

ਅਸਲ ਵਿਚ ਲੇਖਕ ਦਾ ਮਨਸ਼ਾ ਸਿੱਖ ਧਰਮ ਦੀ ਅੱਡਰੀ ਹੋਂਦ ਅਤੇ ਪਛਾਣ 'ਤੇ ਸੱਟ ਮਾਰਨ ਦਾ ਹੈ। ਪਰ ਇਸ ਦੀ ਵਜ੍ਹਾ ਕੀ ਹੈ, ਇਹ ਤਾਂ ਉਹ ਖੁਦ ਦੱਸ ਸਕਦੇ ਹਨ। ਇਹ ਲਿਖਤਾਂ ਤਾਂ ਉਹਨਾਂ ਦੇ ਸਾਜ਼ਿਸ਼ੀ ਮਨ ਦੀਆਂ ਅੰਤਰਮੁਖੀ ਸੋਚਾਂ ਦਾ ਬਾਹਰਮੁਖੀ ਪ੍ਰਗਟਾਅ ਹਨ। ਇਸ ਨੂੰ ਉਹ ਰੌਸ਼ਨ ਕਰਨੋਂ ਉਹ ਕਦੇ ਨਹੀਂ ਖੁੰਝਦੇ। ਭਾਵੇਂ ਉਹ ਪਿਆਰ ਸਿੰਘ ਜਾਂ ਪਿਸ਼ੌਰਾ ਸਿੰਘ ਦੇ ਥੀਸਿਸ ਦਾ ਮਸਲਾ ਹੋਵੇ ਜਾਂ ਫਿਰ ਅਮਰਜੀਤ ਗਰੇਵਾਲ ਦੇ ਲੇਖ ਦੀ ਚਰਚਾ, ਗੋਸ਼ਟੀ। 'ਪੰਜਾਬੀ ਟ੍ਰਿਬਿਊਨ' ਦੇ ਪਾਠਕ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਫ਼ ਹਨ।

ਇਕ ਹੋਰ 'ਗੁਪਤ' ਫੈਸਲੇ ਤੋਂ ਇਨ੍ਹਾਂ ਨੇ ਪਰਦਾ ਚੁੱਕਿਆ ਹੈ, ਉਹ ਹੈ 'ਇਕ ਮਤ ਦੇ ਆਦਮੀਆਂ ਨੂੰ ਮਾਰਨ ਦਾ ਫੈਸਲਾ'। ਅਸੀਂ ਤਾਂ ਇਸ ਤਰ੍ਹਾਂ ਦਾ ਫੈਸਲਾ ਕਦੇ ਵੀ ਕਿਸੇ ਵੀ ਧਾਰਮਿਕ ਜਾਂ ਸਿਆਸੀ ਪਲੇਟਫਾਰਮ ਤੋਂ ਨਹੀਂ ਸੁਣਿਆ। ਇਨ੍ਹਾਂ ਨੇ ਸ਼ਾਇਦ ਸੁਪਨੇ ਵਿਚ ਸੁਣਿਆ ਹੈ ਜਾਂ ਫਿਰ ਇਨ੍ਹਾਂ ਨੂੰ ਇਲਹਾਮ ਹੋਇਆ ਹੈ। ਸਿੱਖ ਤਾਂ ਇਸ ਬਾਰੇ ਕਦੇ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ। ਕਿਉਂ ਲੇਖਕ ਆਪਣੇ ਖਿਆਲੀ ਮਹਿਲਾਂ ਨੂੰ ਆਧਾਰ ਬਣਾ ਕੇ ਸਿੱਖਾਂ ਨੂੰ ਨਿੰਦਣ ਲੱਗਾ ਹੋਇਆ ਹੈ।

ਲੇਖਕ ਅਕਾਲੀ ਨੇਤਾਵਾਂ, ਅਨਪੜ੍ਹ, ਅਣਜਾਣ ਗ੍ਰੰਥੀਆਂ ਅਤੇ ਕੁਝ ਭੇਖੀਆਂ ਨੂੰ ਆਧਾਰ ਬਣਾ ਕੇ ਸਿੱਖ ਸਿਧਾਂਤਾਂ ਅਤੇ ਉਨ੍ਹਾਂ 'ਤੇ ਚੱਲਣ ਵਾਲੇ ਗੁਰਸਿੱਖਾਂ ਨੂੰ ਨਿੰਦ ਰਿਹਾ ਹੈ। ਲੇਖਕ ਆਪ ਹੀ ਦੱਸਦਾ ਹੈ 'ਜੇ ਹਾਕਮ ਹਿੰਦੂ ਨੇ ਧੱਕਾ ਕੀਤਾ ਹੈ ਤਾਂ ਰਿਆਇਆ ਹਿੰਦੂ ਗੁਨਾਹਗਾਰ ਨਹੀਂ ਹੋ ਸਕਦੀ।' ਹੁਣ ਦੱਸੋ ਜੇ ਕੁਝ ਲੀਡਰਾਂ ਜਾਂ ਭੇਖੀਆਂ ਦਾ ਜੀਵਨ ਠੀਕ ਨਹੀਂ ਤਾਂ ਸਾਰੇ ਸਿੱਖ ਜਾਂ ਸਿੱਖ ਸਿਧਾਂਤ ਗਲਤ ਕਿਵੇਂ ਹੋ ਗਏ? ਘੱਟੋ ਘੱਟ ਇਕ ਲੇਖ ਵਿਚ ਇਹੋ ਜਿਹੇ ਅੰਤਰ-ਵਿਰੋਧ ਨਹੀਂ ਹੋਣੇ ਚਾਹੀਦੇ। ਦੁਸਾਂਝ ਸਾਹਿਬ ਨੂੰ ਮੈਂ ਸਖਤ ਮਤਭੇਦ ਹੋਣ ਦੇ ਬਾਵਜੂਦ ਮਾਹਿਰ ਲਿਖਾਰੀ ਮੰਨਦਾ ਹਾਂ। ਪਰ ਉਹ ਇਸ ਤਰ੍ਹਾਂ ਨਾ ਕਰਿਆ ਕਰਨ, ਇਸ ਤਰ੍ਹਾਂ ਤਾਂ ਮੁਹਾਰਤ ਤੇ ਹੀ ਪ੍ਰਸ਼ਨ ਚਿੰਨ੍ਹ ਲੱਗਣ ਲੱਗ ਪੈਂਦਾ ਹੈ, ਅੱਗੇ ਵਿਚਾਰਧਾਰਾ ਤੇ ਤਾਂ ਲੱਗਿਆ ਹੀ ਹੋਇਆ ਹੈ।

ਦੁਸਾਂਝ ਸਾਹਿਬ ਲਿਖਦੇ ਹਨ ' ਸਿੱਖਾਂ ਨੇ ਨਾਮਧਾਰੀਆਂ, ਨਿਰੰਕਾਰੀਆਂ ਅਤੇ ਰਾਧਾ ਸੁਆਮੀਆਂ ਨੂੰ ਆਪਣਾ ਦੁਸ਼ਮਣ ਬਣਾਇਆ।' ਡਾ. ਸਾਹਿਬ ਦੁਸ਼ਮਣ ਨਹੀਂ ਬਣਾਇਆ, ਨਿਖੇੜਿਆ ਹੈ। ਵੈਸੇ ਤੁਸੀਂ ਇਹ ਗੱਲ ਆਪਣੇ ਇਕ ਲੇਖ ਵਿਚ ਪਹਿਲਾਂ ਵੀ ਲਿਖੀ ਸੀ ਅਤੇ ਉਸ ਦਾ ਜੁਆਬ ਸ੍ਰੀ ਹਰਭਜਨ ਸਿੰਘ ਹੋਰਾਂ ਨੇ ਬਹੁਤ ਹੀ ਬਾਦਲੀਲ ਅਤੇ ਸਪਸ਼ਟ ਢੰਗ ਨਾਲ ਦਿੱਤਾ ਸੀ ਅਤੇ ਸਾਰਾ ਮਸਲਾ ਪੂਰੀ ਤਰ੍ਹਾਂ ਸਾਫ ਕਰ ਦਿੱਤਾ ਸੀ। ਪਰ ਹੁਣ ਸ਼ਾਇਦ ਕੁਝ ਹੋਰ ਨਹੀਂ ਲੱਭਾ ਤਾਂ ਅਖਬਾਰ ਦਾ ਸਫ਼ਾ ਭਰਨ ਲਈ ਉਹੀ ਕੁਝ ਫਿਰ ਲਿਖ ਦਿੱਤਾ। ਇਹ ਕਿਹੋ ਜਿਹੀ ਅਕਾਦਮਿਕ ਇਮਾਨਦਾਰੀ ਅਤੇ ਉਚੇ ਮਿਆਰਾਂ ਦੀ ਲਿਖਾਇਕ ਹੈ? ਜ਼ਰਾ ਅੱਗੇ ਚਲ ਕੇ ਸਿੱਖਾਂ ਦੀਆਂ ਕਿਸਮਾਂ ਸੁਣੋ, ਕਾਂਗਰਸੀ ਸਿੱਖ(ਰਾਜਨੀਤਿਕ ਪਾਰਟੀ ਅਧਾਰਿਤ), ਕਾਮਰੇਡ ਸਿੱਖ(ਮਾਰਕਸ ਦੇ ਚੇਲੇ), ਪਤਿਤ ਸਿੱਖ (ਭੱਜੇ ਹੋਏ)। ਹੁਣ ਦੱਸੋ ਜ਼ਰਾ ਇਹ ਕਿਸ ਤਰ੍ਹਾਂ ਦੀ ਕਲਾਸੀਫਿਕੇਸ਼ਨ ਹੈ। ਚਲੋ ਪਹਿਲੀ ਕਿਸਮ ਨੂੰ ਛੱਡ ਦਿਓ ਕਿਉਂਕਿ ਇਹ ਰਾਜਨੀਤਿਕ ਪਾਰਟੀ ਤੇ ਅਧਾਰਿਤ ਹੈ, ਦੂਜੀਆਂ 'ਤੇ ਆ ਜਾਓ। 'ਕਾਮਰੇਡ ਸਿੱਖ' ਕਿਹੜੇ ਹੋਏ ਕਿਉਂਕਿ ਕਾਮਰੇਡ ਨੂੰ ਤਾਂ ਮਾਰਕਸ ਦਾ ਪਹਿਲਾ ਸਬਕ ਹੈ " ਧਰਮ ਅਫ਼ੀਮ ਹੈ।" ਪਰ ਸਿੱਖ ਦੀ ਇਬਾਰਤ ਹੀ ੧ੴ 'ਚੋਂ ਸ਼ੁਰੂ ਹੁੰਦੀ ਹੈ। ਹੁਣ ਦੱਸੋ ਦੋਹਾਂ ਦਾ ਕੀ ਮੇਲ ਹੈ? ਇਹ ਤਾਂ ਬਿਲਕੁਲ ਵਿਰੋਧੀ ਸਿਰਿਆਂ ਤੇ ਖੜ੍ਹੇ ਹਨ। ਕਾਮਰੇਡ ਦੀ ਪਹਿਲੀ ਪ੍ਰਤੀਬੱਧਤਾ ਮਾਰਕਸਵਾਦ-ਲੈਨਿਨਵਾਦ ਹੈ ਪਰ ਸਿੱਖ ਦਾ ਪਹਿਲਾ ਪਿਆਰ ਰੱਬ ਹੈ। ਪਤਿਤ ਦਾ ਤਾਂ ਮਤਲਬ ਹੀ ਭਟਕਿਆ ਹੋਇਆ ਹੈ। ਮੰਜ਼ਲ ਵੱਲ ਤੁਰਿਆ ਜਾ ਰਿਹਾ ਮਨੁੱਖ ਹੀ ਉਸ ਰਸਤੇ ਦਾ ਪਾਂਧੀ ਅਖਵਾ ਸਕਦਾ ਹੈ ਨਾ ਕਿ ਮੰਜ਼ਲ ਤੋਂ ਦੂਜੇ ਪਾਸੇ ਮੂੰਹ ਕਰਕੇ ਤੁਰਿਆ ਜਾਂਦਾ। ਪਤਿਤ ਕੀਤੇ ਸਿੱਖ ਕੀ? ਖੈਰ, ਜੇ ਕਿਸੇ ਤਰ੍ਹਾਂ ਦੀ ਕਲਾਸੀਫਿਕੇਸ਼ਨ ਕਰਨੀ ਹੀ ਸੀ ਤਾਂ ਕੁਝ ਤਾਂ ਆਧਾਰ ਹੁੰਦਾ। ਇਨ੍ਹਾਂ ਨੇ ਤਾਂ ਉੱਤਰ ਦੱਖਣ ਨੂੰ ਹੀ ਇਕੋ ਦਿਸ਼ਾ ਵਿਚ ਇਕੱਠਿਆਂ ਕਰ ਦਿੱਤਾ। ਝੂਠ ਦੀ ਹੋਂਦ ਉਦੋਂ ਤੱਕ ਨਹੀਂ ਟਿੱਕ ਸਕਦੀ ਜਿੰਨਾਂ ਚਿਰ ਉਸ ਵਿਚ ਸੱਚ ਦੀ ਮਾੜੀ ਮੋਟੀ 'ਖੋਟ' ਨਾ ਹੋਵੇ ਪਰ ਪਹਿ ਤਾਂ ਸ਼ੁਧ ਕੁਫ਼ਰ ਤੋਲਣ 'ਤੇ ਹੀ ਤੁਲੇ ਹੋਏ ਹਨ। ਮੈਨੂੰ ਸਮਝ ਨਹੀਂ ਆਉਂਦੀ ਗੁਰੂ ਨਿੰਦਕ ਨਿਰੰਕਾਰੀ (ਨਕਲੀ) ਸਿੱਖਾਂ ਦਾ ਹਿੱਸਾ ਕਿਵੇਂ ਬਣ ਸਕਦੇ ਹਨ। ਜੇ ਉਨ੍ਹਾਂ ਵਿਰੁੱਧ ਸ੍ਰੀ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਹੋਇਆ ਹੈ ਤਾਂ ਉਨ੍ਹਾਂ ਦੀਆਂ ਕੋਝੀਆਂ ਹਰਕਤਾਂ ਕਾਰਨ। ਮੇਰੇ ਖਿਆਲ ਵਿਚ ਇਸ ਤੋਂ ਬਾਅਦ ਲੇਖਕ ਧੀਰਮੱਲੀਆਂ ਅਤੇ ਰਾਮਰਾਈਆਂ ਦੇ ਸਿੱਖ ਹੋਣ ਦਾ ਫਤਵਾ ਜਾਰੀ ਕਰੇਗਾ। ਇਨ੍ਹਾਂ ਨੂੰ ਗਿਲਾ ਹੈ ਕਿ ਨਿਰੰਕਾਰੀ ਬਾਬੇ ਦੇ ਕਾਤਲ ਦੀ ਸਿੱਖ ਸਰਾਹਨਾ ਕਿਉਂ ਕਰਦੇ ਹਨ। ਤਾਂ ਕੀ ਗੁਰੂ ਨਿੰਦਕ ਦੀ ਉਸਤਤੀ ਕਰਨ। ਦੁਸਾਂਝ ਸਾਹਿਬ ਸਿੱਖਾਂ ਵਿੱਚ ਅਣਖ ਹੈ, ਉਹ ਤਾਂ ਦੂਜਿਆਂ ਨਾਲ ਧੱਕਾ ਕਰਨ ਵਾਲਿਆਂ ਵਿਰੁਧ ਵੀ ਆਵਾਜ਼ ਉਠਾਉਂਦੇ ਹਨ, ਆਪਣੇ ਗੁਰੂ ਬਾਰੇ ਕੂੜ-ਕੁਸੱਤ ਬੋਲਣ ਵਾਲੇ ਵਿਰੁਧ ਚੁੱਪ ਕਿਉਂ ਬੈਠਣਗੇ? ਕੀ ਮੱਸੇ ਰੰਘੜ ਨੂੰ ਮਾਰਨ ਵਾਲੇ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਵੀ ਗਲਤ ਸਨ? ਸ਼ਾਇਦ ਤੁਸੀਂ ਅਗਲੇ ਲੇਖ ਵਿੱਚ ਇਹ ਵੀ ਐਲਾਨ ਕਰ ਦਿਉਂ? ਕਿੰਨਾਂ ਅਨਰਥ ਹੈ, ਗੁਰੂ ਨਿੰਦਕ ਸਿੱਖ ਪੰਥ ਦਾ ਹਿੱਸਾ ਹੋਣਾ ਚਾਹੀਦੇ ਨੇ ਤੇ ਦੁਸ਼ਟ-ਦਮਨ ਕਰਨ ਵਾਲੇ ਗਲਤ।

ਸਿੰਘ ਸਾਹਿਬਾਨ ਨਾਲ ਤਾਂ ਇਨ੍ਹਾਂ ਨੂੰ ਖਾਸ ਨਾਰਾਜ਼ਗੀ ਹੈ। 'ਸਿੱਖ ਖੋਜੀਆਂ, ਵਿਦਵਾਨਾਂ ਨੂੰ ਥਮਲੇ ਨਾਲ ਬੰਨ੍ਹਣ ਦੀਆਂ ਧਮਕੀਆਂ ਸਿੰਘ ਸਾਹਿਬ ਦੀ ਮਾਨਤਾ ਵਿਚ ਵਾਧਾ ਕਰਦੀਆਂ ਹਨ।" ਪਿਸ਼ੌਰਾ ਸਿੰਘ ਖੁਦ ਆਪਣੀ ਗਲਤੀ ਮੰਨ ਕੇ ਗਿਆ ਹੈ। ਫਿਰ ਵੀ ਉਸ ਦੀ ਵਕਾਲਤ ਕਰ ਰਹੇ ਹਨ। ਮੇਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਨੂੰ ਬੇਨਤੀ ਹੈ ਕਿ ਉਹ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਡਾ. ਸ.ਸ. ਦੁਸਾਂਝ ਦੀ ਸਲਾਹ ਜ਼ਰੂਰ ਲਿਆ ਕਰਨ। ਗੁਰੂ ਗ੍ਰੰਥ ਸਾਹਿਬ ਅਤੇ ਰਹਿਤ ਮਰਿਆਦਾ ਤੇ ਹਮਲੇ ਕਰਨ ਵਾਲਿਆਂ ਨੂੰ ਤਨਖਾਹ ਲਗਾਉਣ ਦੀ ਬਜਾਇ ਸ੍ਰੀ ਅਕਾਲ ਤਖ਼ਤ ਤੋਂ ਸਿਰੋਪਾਉ ਬਖਸ਼ਿਸ਼



www.AKJ.Org

ਕਰਿਆ ਕਰਨ ਅਤੇ ਸਮੂਹ ਸਿੱਖ ਜਗਤ ਵਲੋਂ ਉਨ੍ਹਾਂ ਪ੍ਰਤੀ ਧੰਨਵਾਦ ਪ੍ਰਗਟਾਇਆ ਕਰਨ ਤਾਂ ਕਿ ਉਹ ਮਾਰਕਸ ਜਾਂ ਮੈਕਲਿਉਡ ਦੇ ਚੇਲੇ ਸਿੱਖ ਵਿਦਵਾਨਾਂ ਵਜੋਂ ਸਥਾਪਿਤ ਹੋ ਸਕਣ। ਜਥੇਦਾਰ ਜੀ ਇਸ ਕਰਕੇ ਵੀ ਗਲਤ ਹਨ ਕਿਉਂਕਿ ਉਨ੍ਹਾਂ ਵਲੋਂ ਇਕ 'ਸੱਚੇ ਅਤੇ ਵਧੀਆ ਸਿੱਖ' (ਕਿਉਂਕਿ ਦੁਸਾਂਝ ਸਾਹਿਬ ਮੁਤਾਬਿਕ, ਕਾਂਗਰਸੀ ਅਕਾਲੀਆਂ ਨਾਲੋਂ ਚੰਗੇ ਸਿੱਖ ਹਨ) ਸ੍ਰੀ ਬੇਅੰਤ ਸਿੰਘ ਦੀ ਸਰਕਾਰ ਦਾ ਤਖ਼ਤਾ ਉਲਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਅਕਾਲੀਆਂ ਨੂੰ ਇਕੱਠੇ ਕਰਕੇ। ਅੱਗੇ ਤਾਂ ਪੰਜਾਬ ਦੇ ਮੁੱਖ ਮੰਤਰੀ ਦੇ ਬਿਆਨ ਰੋਜ਼ ਪੜ੍ਹਦੇ ਹਾਂ ਕਿ ਪੰਜਾਬ ਦੇ ਸਿੱਖਾਂ ਦਾ ਨੁਕਸਾਨ ਅਕਾਲੀਆਂ ਨੇ ਕਰਵਾਇਆ ਹੈ (ਕਾਂਗਰਸ ਨੇ ਨਹੀਂ) ਪਰ ਹੁਣ ਇਹ ਮੋਰਚਾ ਸ਼ਾਇਰ ਦੁਸਾਂਝ ਸਾਹਿਬ ਦੇ ਹਵਾਲੇ ਹੋ ਗਿਆ ਹੈ।

ਇਕ ਹੋਰ 'ਸੱਚ' ਤੋਂ ਪਰਦਾ ਚੁੱਕਿਆ ਹੈ। ਦੁਸਾਂਝ ਸਾਹਿਬ ਦੱਸਦੇ ਹਨ ਕਿ ਗੈਰ-ਸਿੱਖਾਂ ਨੇ ਸਿੱਖਾਂ ਨਾਲ ਹੋਈਆਂ ਵਧੀਕੀਆਂ ਵਿਰੁਧ ਇਕ ਜੰਗ ਲੜੀ। ਇਹ ਗੱਲ ਸੋਲ੍ਹਾਂ ਆਨੇ ਸੱਚ ਹੈ। ਪਰ ਅੱਗੇ ਸੁਣੋ 'ਭੇੜਿਆਂ ਨੂੰ ਭੇੜੇ ਕਹਿਣ ਦੀ ਥਾਂ ਇਕ ਸਾਰੇ ਫਿਰਕੇ ਨੂੰ ਦੁਸ਼ਮਣ ਗਰਦਾਨ ਦਿੱਤਾ।' ਮੈਨੂੰ ਲੱਗਦਾ ਹੈ ਕਿ ਇਸ ਗੱਲ ਦਾ ਵੀ ਲੇਖਕ ਨੂੰ ਇਲਹਾਮ ਹੀ ਹੋਇਆ ਹੈ। ਅਸੀਂ ਤਾਂ ਅੱਜ ਤੱਕ ਨਹੀਂ ਸੁਣਿਆ ਕਿ ਸਿੱਖਾਂ ਨੇ ਹਿੰਦੂਆਂ ਨੂੰ ਦੁਸ਼ਮਣ ਗਰਦਾਨ ਦਿੱਤਾ ਹੈ, ਸ੍ਰੀ ਰਾਮ ਜੇਠ ਮਲਾਨੀ ਅਤੇ ਸ੍ਰੀ ਕੁਲਦੀਪ ਨਈਅਰ ਵਰਗਿਆਂ ਦੇ ਸਨਮਾਨ ਬਾਰੇ ਹੀ ਪੜ੍ਹਿਆ ਸੁਣਿਆ ਹੈ। ਦੁਸਾਂਝ ਸਾਹਿਬ ਧੱਕੇ ਨਾਲ ਹੀ ਇਸ ਗੱਲ ਨੂੰ ਸਿੱਖਾਂ ਦੇ ਮੂੰਹ ਵਿਚ ਪਾਈ ਜਾਂਦੇ ਹਨ ! ਇਸ ਲੇਖ ਦਾ ਸਿਰਲੇਖ ਹੈ 'ਪੰਜਾਬ ਦਾ ਅਜੋਕਾ ਸੰਕਟ ਬ੍ਰਾਹਮਣਵਾਦੀ ਸਿੱਖਾਂ ਦੀ ਦੇਣ' ਪਰ ਹਮਲੇ ਕੀਤੇ ਜਾ ਰਹੇ ਹਨ ਅਰਦਾਸ ਦੀ ਸ਼ਬਦਾਵਲੀ ਅਤੇ ਸਿੱਖ ਸਰੂਪ 'ਤੇ, ਕਕਾਰਾਂ 'ਤੇ। ਇਨ੍ਹਾਂ ਦਾ ਫੈਸਲਾਕੁੰਨ ਫਤਵਾ ਸੁਣੋ 'ਬਿਨਾਂ ਕਿਸੇ ਬਾਣੇ ਦੇ, ਬੰਧਨ ਦੇ ਸਭ ਸਿੱਖ ਹਨ।' ਰੱਬ ਮਿਹਰ ਕਰੇ। ਸਮਝ ਨਹੀਂ ਆਉਂਦੀ 'ਪੰਜਾਬੀ ਟ੍ਰਿਬਿਊਨ' ਵਰਗੇ ਪ੍ਰਤਿਸ਼ਠਨ ਅਖਬਾਰ ਇਹੋ ਜਿਹੇ ਦੁਹਰਾਓ ਵਾਲੇ, ਬੇਸਿਰ ਪੈਰ ਮਾਰਨ ਵਾਲੇ ਅਤੇ ਬੇਦਲੀਲੇ ਲੇਖਾਂ ਨੂੰ ਮਹੱਤਵਪੂਰਨ ਸਥਾਨ 'ਤੇ ਇੰਨੀ ਜਗ੍ਹਾ ਕਿਵੇਂ ਦੇ ਦਿੰਦਾ ਹੈ।

ਧੰਨਵਾਦ ਸਹਿਤ,
ਪੰਜਾਬੀ ਟ੍ਰਿਬਿਊਨ 5-3-95 ਆਈ.ਪੀ.ਸਿੰਘ, ਫਗਵਾੜਾ

ਵਿਦੇਸ਼ਾਂ ਵਿਚ ਰਹਿੰਦੇ ਵੀਰ, ਭੈਣਾਂ ਜੋ ਆਪਣੇ ਪਰਿਵਾਰ ਨੂੰ ਗੁਰਮਤਿ ਨਾਲ ਜੋੜਨਾ ਚਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿਚ ਰੁਚੀ ਰਖਦੇ ਹਨ, ਹੇਠਲੇ ਪਤੇ ਤੇ ਆਪਣਾ ਐਡਰੈਸ (ਪਤਾ) ਲਿਖ ਕੇ ਭੇਜਣ। ਉਹਨਾਂ ਨੂੰ "ਸੂਰਾ" ਹਰ ਮਹੀਨੇ ਮੋਖ ਰਹਿਤ ਪਹੁੰਚਦਾ ਰਹੇਗਾ।

ਦਾਸਨ ਦਾਸ,
ਭਾਈ ਜੀਵਨ ਸਿੰਘ,
1030, ਹੈਮਿਲਟਨ ਰੋਡ, ਵੈਨਕੂਵਰ (ਕੈਨੇਡਾ)
Canada (B.C.) V6 - B2-R-9
Tel : 18006 30224

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜੀਵਨ ਇਕ ਨਜ਼ਰ ਵਿਚ

| | |
|---|---|
| ਪਿਤਾ ਸ: ਨੱਥਾ ਸਿੰਘ, ਮਾਤਾ ਪੰਜਾਬ ਕੌਰ, | |
| ਜਨਮ ਨਾਰੰਗਵਾਲ | 7 ਜੁਲਾਈ, 1878 |
| ਬੀ.ਏ., ਨਾਇਬ ਤਸੀਲਦਾਰੀ, | |
| 'ਸ੍ਰੀ ਗੁਰੂ ਗ੍ਰੰਥ ਸਾਹਿਬ ਪੂਜਾ' ਦੀ ਰਚਨਾ | 1902 |
| ਅੰਮ੍ਰਿਤ ਛਕਣਾ ਬਕਾਪੁਰ ਵਿਖੇ | |
| (ਪਹਿਲਾ ਨਾਂ ਬਸੰਤ ਸਿੰਘ) | 14 ਜੂਨ, 1903 |
| ਸਰਬ-ਲੋਹ ਧਾਰਨ ਕਰਨ ਦਾ ਚਮਤਕਾਰ | ਈ:1904 |
| ਐਬਟਾਬਾਦ ਅਕਾਲੀ ਜੋਤਿ ਦੇ ਦਰਸ਼ਨ | 23-11-1904 |
| ਦੋ ਅਖੰਡਪਾਠ ਇਕ ਚੌਂਕੜੇ ਵਿਚ | |
| ਭੋਗ 23-11-1904 ਅਤੇ | 13-01-1905 |
| ਬਾਊ ਮੱਲ ਸਿੰਘ ਜੀ ਨਾਲ ਮਿਲਾਪ | |
| ਖਾਲਸਾ ਦੀਵਾਨ ਭਸੌੜ ਵਿਖੇ | ਈ: 1910 |
| ਖ਼ਾਲਸਾ ਭੁਜੰਗੀ ਸਭਾ ਲੁਧਿਆਣਾ ਦੇ | |
| ਸਮਾਗਮਾਂ ਵਿਚ | 1909 ਤੋਂ 1914 |
| ਚਮਕੌਰ ਸਾਹਿਬ ਪੁਰ ਪੰਥਕ ਕਬਜ਼ਾ ਤੇ | |
| ਗੁਰਦੁਆਰਾ ਰਕਾਬਗੰਜ ਦੀ ਕੰਧ | ਈ: 1914 |
| ਗ਼ਦਰ ਸਕੀਮ ਅਤੇ ਫ਼ੀਰੋਜ਼ਪੁਰ ਕਿਲ੍ਹੇ | |
| ਦੇ ਧਾਵੇ ਲਈ ਜਥੇ ਸਮੇਤ | 19-02-1915 |
| ਨਾਭੇ ਵਿਖੇ ਨਜ਼ਰਬੰਦੀ | 09-05-1915 |
| ਗ੍ਰਿਫ਼ਤਾਰੀ ਕਰਕੇ ਲੁਧਿਆਣੇ ਵਿਚ | |
| ਹਵਾਲਾਤ ਵਿਚ | 17-06-1915 |
| ਲਾਹੌਰ ਸਾਜ਼ਿਸ਼ ਕੇਸ ਵਿਚ ਉਮਰ ਕੈਦ | |
| ਤੇ ਜਾਇਦਾਦ ਜ਼ਬਤੀ | 30-03-1916 |
| ਮੁਲਤਾਨ ਜੇਲ੍ਹ, ਅੰਨ ਜਲ ਬਿਨਾਂ | |
| 40 ਦਿਨਾਂ ਭੁੱਖ-ਹੜਤਾਲ | 04-04 ਤੋਂ 13-05-1916 |
| ਹਜ਼ਾਰੀ ਬਾਗ਼ ਜੇਲ੍ਹ, ਮੰਗਲਾਚਾਰ, | |
| ਪਿਛੋਂ ਪੁੱਠਾ ਗੇੜ | ਜੁਲਾਈ 1917 |
| ਰਾਜਮੰਦਰੀ ਜੇਲ੍ਹ (ਮਦਰਾਸ) ਵਿਖੇ | |
| (ਦੋ ਪੁਸਤਕਾਂ ਦੀ ਰਚਨਾ) | ਅਕਤੂਬਰ 1921 |
| ਨਾਗਪੁਰ (ਮਧ ਪ੍ਰਦੇਸ) ਜੇਲ੍ਹ ਵਿਚ | ਦਸੰਬਰ 1922 |
| ਨਾਗਪੁਰ ਜੇਲ੍ਹ, ਤਸੀਹੇ, ਧਰਮ-ਧੱਕਾ, | |
| ਪੰਥ ਵਲੋਂ ਅਰਦਾਸ ਦਿਵਸ | 01-02-1923 |
| ਨਾਗਪੁਰ ਪੋਹ ਸੁਦੀ ਸਪਤਮੀ ਗੁਰਪੁਰਬ ਸਮੇਂ | |
| 'ਜੋਤਿ ਵਿਗਾਸ' ਦੀ ਰਚਨਾ | ਜਨਵਰੀ 1930 |
| ਪਾਦਰੀ ਐਲਵਿਨ, ਪ੍ਰਭਾਵ ਤੇ ਸਿਫ਼ਾਰਸ਼ | ਅਪ੍ਰੈਲ 1930 |
| ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾਈ, | |
| ਭਗਤ ਸਿੰਘ ਨਾਲ ਮੁਲਾਕਾਤ | 14-10-1930 |
| ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮੇ | |
| ਦੀ ਬਖ਼ਸ਼ਿਸ਼ | 15-09-1931 |
| ਅਕਾਲ ਚਲਾਣਾ-79, ਮਾਡਲ ਟਾਊਨ, | |
| ਲੁਧਿਆਣਾ ਵਿਖੇ ਸਵੇਰੇ | 16-04-1961 |



www.AKJ.Org

## ਬਾਪੂ ਜੀ ਤੇ ਬੱਚੇ (੬)

ਬੱਚਿਆਂ ਨੇ ਬਾਪੂ ਜੀ ਨੂੰ ਇੱਕ ਬੋਲ ਹੋ ਕੇ ਆਣ ਫਤਹ ਗਜਾਈ ਤੇ ਪ੍ਰਭਜੋਤ ਇਉਂ ਬੋਲਿਆ-

ਪ੍ਰਭਜੋਤ:- ਬਾਪੂ ਜੀ! ਕਹਾਣੀ ਸੁਣਾਓ?

ਬਾਪੂ ਜੀ:- ਹੁਣ ਤਕ ਜਿਹੜੀਆਂ ਕਹਾਣੀਆਂ ਤੁਹਾਨੂੰ ਸੁਣਾਈਆਂ ਹਨ, ਕੀ ਉਹ ਯਾਦ ਹਨ?

ਪ੍ਰਭਜੋਤ:- ਥੋੜ੍ਹੀਆਂ ਥੋੜ੍ਹੀਆਂ।

ਬਾਪੂ ਜੀ:- ਪੂਰੀਆਂ ਕਿਉਂ ਨਹੀਂ?

ਪ੍ਰਭਜੋਤ:- ਬਾਪੂ ਜੀ! ਅਸੀਂ ਹਾਲੇ ਨਿਆਣੇ ਆਂ। ਤੁਹਾਡੀਆਂ ਸਾਰੀਆਂ ਗੱਲਾਂ ਦੀ ਸਮਝ ਨੀ ਪੈਂਦੀ।

ਬਾਪੂ ਜੀ:- ਫੇਰ ਧਿਆਨ ਨਾਲ ਸੁਣਿਆ ਕਰੋ।

ਪ੍ਰਭਜੋਤ:- ਤੁਸੀਂ ਕਦੀ ਔਖੀਆਂ ਔਖੀਆਂ ਤੁਕਾਂ ਬੋਲ ਜਾਂਦੇ ਓ। ਉਨ੍ਹਾਂ ਦਾ ਸਾਨੂੰ ਪਤਾ ਨਹੀਂ ਲੱਗਦਾ।

ਅੰਮ੍ਰਿਤਪਾਲ:- ਬਾਪੂ ਜੀ! ਮੈਨੂੰ ਭਾਈ ਬਚਿੱਤਰ ਸਿੰਘ ਦੀ ਸਾਖੀ ਆਉਂਦੀ ਆ। ਉਹਨੇ "ਬੋਲੇ ਸੋ ਨਿਹਾਲ" ਬੋਲ ਕੇ ਹਾਥੀ ਦੇ ਸਿਰ ਵਿਚ ਬਰਛਾ ਖੋਭ ਦਿੱਤਾ ਸੀ, ਹਾਥੀ ਦੇ ਸਿਰ ਵਿਚੋਂ ਖੂਨ ਵਗਣ ਲੱਗ ਪਿਆ, ਫੇਰ ਉਹ ਪਾਗਲ ਹੋਇਆ ਪਿੱਛੇ ਨੂੰ ਭੱਜ ਗਿਆ।

ਬਾਪੂ ਜੀ:- ਸ਼ਾਬਾਸ਼! ਦੇਖੋ ਬੱਚਿਓ! ਧਿਆਨ ਨਾਲ ਸੁਣਨ ਵਿੱਚ ਗੱਲ ਪੱਲੇ ਪੈ ਜਾਂਦੀ ਹੈ। ਜੇ ਤੁਸੀਂ ਬੈਠੇ ਤਾਂ ਇੱਥੇ ਹੋਵੋ ਪਰ ਤੁਹਾਡਾ ਧਿਆਨ ਹੋਰਥ ਹੋਵੇ ਤਾਂ ਕਿਸੇ ਵੀ ਗੱਲ ਦੀ ਸਮਝ ਨਹੀਂ ਪੈ ਸਕਦੀ। ਜੇਹੜੀ ਗੱਲ ਤੁਹਾਡੀ ਸਮਝ ਵਿੱਚ ਨਾ ਪਵੇ ਉਹ ਪੁੱਛ ਲਿਆ ਕਰੋ।

ਪ੍ਰਭਜੋਤ:- ਅੱਛਾ ਜੀ।

ਅੰਮ੍ਰਿਤਪਾਲ:- ਬਾਪੂ ਜੀ! ਅੱਜ ਸੋਹਣੀ ਜੇਹੀ ਸਾਖੀ ਸੁਣਾਓ!

ਬਾਪੂ ਜੀ:- ਲਓ ਫੇਰ ਸੁਣੋ!......ਬੱਚਿਓ! ਗੁਰੂ ਨਾਨਕ ਦੇਵ ਜੀ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕੋ ਰੱਬ ਦਾ ਰੂਪ ਸਮਝਦੇ ਸਨ। ਇੱਕ ਵੇਰ ਸੁਲਤਾਨਪੁਰ ਲੋਧੀ ਦੇ ਮੌਲਵੀ ਕੁਤਬ-ਉ-ਦੀਨ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਜੇ ਆਪ ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕੋ ਨਜ਼ਰ ਨਾਲ ਦੇਖਦੇ ਹੋ ਤਾਂ ਤੁਸੀਂ ਮੇਰੇ ਨਾਲ ਚੱਲ ਕੇ ਮਸੀਤ ਵਿਚ ਨਮਾਜ ਪੜ੍ਹੋ। ਗੁਰੂ ਜੀ ਮੰਨ ਗਏ ਅਤੇ ਮੌਲਵੀ ਨਾਲ ਨਮਾਜ਼ ਪੜ੍ਹਨ ਲਈ ਮਸੀਤੇ ਚਲੇ ਗਏ। ਨਵਾਬ ਦੌਲਤ ਖਾਂ ਵੀ ਮਸੀਤ ਵਿਚ ਨਮਾਜ਼ ਪੜ੍ਹਨ ਲਈ ਆਇਆ ਹੋਇਆ ਸੀ। ਜੁੱਤੀਆਂ ਲਾਹ ਕੇ ਅਤੇ ਹੱਥ ਮੂੰਹ ਧੋ ਕੇ ਸਾਰੇ ਨਮਾਜ਼ ਪੜ੍ਹਨ ਲਈ ਖੜ੍ਹੇ ਹੋ ਗਏ। ਮੌਲਵੀ ਤੇ ਨਵਾਬ ਨੇ ਮੁਸਲਮਾਨੀ ਮਰਯਾਦਾ ਅਨੁਸਾਰ ਖੜ੍ਹੇ ਹੋ ਕੇ, ਝੁਕ ਕੇ ਨਮਾਜ਼ ਪੜ੍ਹਨੀ ਸ਼ੁਰੂ ਕਰ ਦਿੱਤੀ। ਗੁਰੂ ਨਾਨਕ ਦੇਵ ਜੀ ਉਨਾਂ ਨਾਲ ਚੁੱਪ ਚਾਪ ਖੜ੍ਹੇ ਰਹੇ। ਜਦ ਸਾਰੇ ਜਣੇ ਨਮਾਜ਼ ਪੜ੍ਹ ਹਟੇ ਤਾਂ ਮੌਲਵੀ ਨੇ ਹੈਰਾਨ ਹੋ ਕੇ ਗੁਰੂ ਜੀ ਨੂੰ ਪੁੱਛਿਆ ਕਿ ਤੁਸੀਂ ਤਾਂ ਸਾਡੇ ਨਾਲ ਨਮਾਜ਼ ਪੜ੍ਹੀ ਹੀ ਨਹੀਂ, ਖੜ੍ਹੇ ਹੀ ਰਹੇ ਹੋ। ਗੁਰੂ ਜੀ ਨੇ ਅੱਗੋਂ ਕਿਹਾ, "ਕੀ ਤੁਸੀਂ ਨਮਾਜ਼ ਪੜ੍ਹ ਰਹੇ ਸੀ?" ਮੌਲਵੀ ਨੇ ਜਵਾਬ ਦਿੱਤਾ ਕਿ ਮੈਂ ਤੇ ਪੂਰੀ ਨਮਾਜ਼ ਪੜ੍ਹੀ ਹੈ। ਗੁਰੂ ਜੀ ਕਹਿਣ ਲੱਗੇ, "ਤੁਸੀਂ ਤੇ ਕਾਬਲ ਵਿਚ ਘੁੰਮਦੇ ਘੋੜੇ ਖਰੀਦ ਰਹੇ ਸੀ।" ਮੌਲਵੀ ਹੱਕਾ ਬੱਕਾ ਰਹਿ ਗਿਆ। ਸੱਚਮੁੱਚ ਮੌਲਵੀ ਦਾ ਮਨ ਘੋੜਿਆਂ ਦੀ ਭਾਲ ਵਿਚ ਕਾਬਲ ਸ਼ਹਿਰ ਵਿਚ ਦੌੜਿਆ ਫਿਰਦਾ ਸੀ।

ਨਵਾਬ ਦੌਲਤ ਖਾਂ ਕਹਿਣ ਲੱਗਾ ਕਿ ਮੈਂ ਤੇ ਨਮਾਜ਼ ਪੂਰੇ ਧਿਆਨ ਨਾਲ ਪੜ੍ਹੀ ਹੈ। ਜਾਣੀ ਜਾਣ ਗੁਰੂ ਜੀ ਨੇ ਨਵਾਬ ਨੂੰ ਯਾਦ ਕਰਾਇਆ, "ਨਵਾਬ ਸਾਹਿਬ! ਤੁਹਾਨੂੰ ਤੇ ਨਮਾਜ਼ ਸਮੇਂ ਆਪਣੀ ਘੋੜੀ ਅਤੇ ਨਵੇਂ ਜਨਮੇ ਵਛੇਰੇ ਦੀ ਹੀ ਚਿੰਤਾ ਲੱਗੀ ਰਹੀ ਕਿ ਉਹ ਕਿਧਰੇ ਖਾਈ ਵਿਚ ਨਾ ਡਿੱਗ ਪਏ।" ਨਵਾਬ ਇਹ ਗੱਲ ਮੰਨ ਗਿਆ ਕਿ ਠੀਕ ਹੀ ਉਸ ਦਾ ਮਨ ਨਵੀਂ ਸੂਈ ਘੋੜੀ ਦੇ ਵਛੇਰੇ ਵੱਲ ਭੱਜਾ ਫਿਰਦਾ ਸੀ। ਗੁਰੂ ਜੀ ਨੇ ਨਵਾਬ ਅਤੇ ਮੌਲਵੀ ਨੂੰ ਕਿਹਾ ਕਿ ਮਨ ਟਿਕਿਆ ਹੋਇਆ ਨਾ ਹੋਵੇ, ਦੁਨਿਆਵੀ ਝਮੇਲਿਆਂ ਵਿੱਚ ਰੁੱਝਾ ਹੋਇਆ ਹੋਵੇ ਤਾਂ ਨਮਾਜ਼ ਪੜ੍ਹਨ ਦਾ ਕੋਈ ਫਾਇਦਾ ਨਹੀਂ। ਜੇ ਤੁਸੀਂ ਇੱਕ ਚਿੱਤ ਹੋ ਕੇ ਨਮਾਜ਼ ਪੜ੍ਹਦੇ ਤਾਂ ਮੈਂ ਵੀ ਜ਼ਰੂਰ ਤੁਹਾਡਾ ਸਾਥ ਦਿੰਦਾ। ਸੋ ਬੱਚਿਓ! ਸਾਨੂੰ ਵੀ ਮਨ ਇਕਾਗਰ ਕਰਕੇ ਪਾਠ ਅਤੇ ਅਰਦਾਸ ਕਰਨੀ ਚਾਹੀਦੀ ਹੈ, ਨਹੀਂ ਤਾਂ ਇਹ ਇੱਕ ਰਸਮ ਪੂਰੀ ਕਰਨਾ ਹੀ ਹੈ, ਇਸ ਦਾ ਬਹੁਤਾ ਲਾਭ ਨਹੀਂ।

ਅੰਮ੍ਰਿਤਪਾਲ:- ਬਾਪੂ ਜੀ! ਨਮਾਜ਼ ਕੀ ਹੁੰਦੀ ਆ?

ਬਾਪੂ ਜੀ:- ਮੁਸਲਮਾਨ ਪ੍ਰਾਰਥਨਾ (ਅਰਦਾਸ) ਨੂੰ ਨਮਾਜ਼ ਕਹਿੰਦੇ ਹਨ। ਨਮਾਜ਼ ਉਹ ਖੜ੍ਹੇ ਹੋ ਕੇ ਪੜ੍ਹਦੇ ਹਨ। ਨਮਾਜ਼ ਪੜ੍ਹਦੇ ਪੜ੍ਹਦੇ ਉਹ ਕਈ ਵੇਰ ਝੁਕਦੇ ਅਤੇ ਗੋਡਣੀਆਂ ਲਾ ਕੇ ਬੈਠਦੇ ਹਨ, ਸਿਰ ਝੁਕਾਉਂਦੇ ਹਨ ਅਤੇ ਸਮਾਪਤੀ ਤੇ ਸਾਡੇ ਵਾਂਗ ਮੱਥਾ ਟੇਕਦੇ ਹਨ।

ਕੁਲਜੀਤ ਸਿੰਘ:- ਬਾਪੂ ਜੀ! ਮੁਸਲਮਾਨ ਪੱਛਮ ਵੱਲ ਨੂੰ ਮੂੰਹ ਕਰਕੇ ਕਿਉਂ ਨਮਾਜ਼ ਪੜ੍ਹਦੇ ਹਨ?

ਬਾਪੂ ਜੀ:- ਮੁਸਲਮਾਨਾਂ ਦਾ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਮੱਕੇ ਵਿਚ ਪੈਦਾ ਹੋਇਆ ਸੀ ਜਿਹੜਾ ਪੱਛਮ ਵੱਲ ਹੈ, ਇਸ ਲਈ ਹਰ ਮੁਸਲਮਾਨ ਨਮਾਜ਼ ਪੜ੍ਹਨ ਲੱਗਿਆਂ ਪੱਛਮ ਵੱਲ ਨੂੰ ਮੂੰਹ ਕਰਕੇ ਖੜ੍ਹਾ ਹੁੰਦਾ ਹੈ।

ਅੰਮ੍ਰਿਤਪਾਲ:- ਬਾਪੂ ਜੀ! ਸਾਡੀ ਕਲਾਸ ਵਿੱਚ ਇੱਕ ਬਾਹਮਣਾਂ ਦਾ ਮੁੰਡਾ ਆ। ਉਹ ਕਹਿੰਦਾ ਜਿੱਧਰੋ ਸੂਰਜ ਚੜ੍ਹਦਾ, ਉਧਰ ਨੂੰ ਮੂੰਹ ਕਰਕੇ ਪ੍ਰਾਰਥਨਾ ਕਰਨੀ ਚਾਹੀਦੀ ਆ, ਕੀ ਉਹ ਸਮਝਦੇ ਆ ਕਿ ਰੱਬ ਪੂਰਬ ਵੱਲ ਆ?

ਬਾਪੂ ਜੀ:- ਬੱਚੂ! ਰੱਬ ਤਾਂ ਸਾਰੇ ਪਾਸੇ ਹੈ। ਇਹ ਤਾਂ ਲੋਕਾਂ ਦੇ ਆਪੋ ਆਪਣੇ ਵਹਿਮ ਹਨ। ਮੁਸਲਮਾਨ ਰੱਬ ਨੂੰ ਪੱਛਮ ਵੱਲ ਅਤੇ ਹਿੰਦੂ ਪੂਰਬ ਵੱਲ ਦੱਸਦੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਇਨ੍ਹਾਂ ਭਰਮ ਭੁਲੇਖਿਆਂ ਨੂੰ ਦੂਰ ਕਰਦਿਆਂ ਇਹ ਗੱਲ ਗੱਜ ਵੱਜ ਕੇ ਕਹੀ ਹੈ ਕਿ ਰੱਬ ਚਾਰ ਚੁਫੇਰੇ ਰਮਿਆਂ ਹੋਇਆ ਹੈ।

ਕੁਲਜੀਤ ਸਿੰਘ:- ਬਾਪੂ ਜੀ! ਸਾਨੂੰ ਐਤਵਾਰ ਬੱਚਿਆਂ ਦੀ ਕਲਾਸ ਵਿੱਚ ਵੀਰ ਜੀ ਨੇ ਦੱਸਿਆ ਸੀ ਕਿ ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਤਾਂ ਉਹ ਰਾਤ ਨੂੰ ਆਰਾਮ ਕਰਨ ਲਈ ਲੇਟ ਗਏ। ਲੇਟਣ ਲੱਗਿਆਂ ਉਹਨਾਂ ਦੀਆਂ ਲੱਤਾਂ ਉਸ ਪਾਸੇ ਵੱਲ ਹੋ ਗਈਆਂ ਜਿੱਧਰ ਨੂੰ ਮੂੰਹ ਕਰਕੇ ਮੁਸਲਮਾਨ ਨਮਾਜ਼ ਪੜ੍ਹਦੇ ਆ ਅਤੇ ਜਿਸ ਨੂੰ ਉਹ ਕਾਅਬਾ ਕਹਿੰਦੇ ਆ। ਸਵੇਰ ਨੂੰ ਮੱਕੇ ਸ਼ਰੀਫ ਦੀ ਸਫ਼ਾਈ ਕਰਨ ਵਾਲਾ "ਜੀਵਨ" ਨਾਮ ਦਾ ਸੇਵਾਦਾਰ ਉੱਧਰ ਆ ਗਿਆ, ਗੁਰੂ



www.AKJ.Org

ਨਾਨਕ ਦੇਵ ਜੀ ਨੂੰ ਕਾਅਬੇ ਵੱਲ ਪੈਰ ਕਰਕੇ ਸੁੱਤਾ ਦੇਖ ਕੇ ਜੀਵਨ ਨੇ ਗੁੱਸੇ ਵਿੱਚ ਆ ਕੇ ਗੁਰੂ ਜੀ ਦੇ ਲੱਤ ਮਾਰੀ ਤੇ ਬੋਲਿਆ, "ਤੂੰ ਕੌਣ ਏਂ ਰੱਬ ਦੇ ਘਰ ਵੱਲ ਪੈਰ ਕਰਕੇ ਸੌਣ ਵਾਲਾ?" ਗੁਰੂ ਜੀ ਨੇ ਅੱਖਾਂ ਮਲਦੇ ਮਲਦੇ ਜਵਾਬ ਦਿੱਤਾ,"ਅਸੀਂ ਮੁਸਾਫ਼ਰ ਆਂ, ਥੱਕ ਕੇ ਲੰਮੇ ਪੈ ਗਏ ਸੀ। ਜਿੱਧਰ ਖੁਦਾ ਦਾ ਘਰ ਨਹੀਂ ਹੈ, ਤੂੰ ਸਾਡੇ ਪੈਰ ਉੱਧਰ ਕਰ ਦੇ।" ਜਦੋਂ ਜੀਵਨ ਨੇ ਗੁਰੂ ਜੀ ਦੀਆਂ ਲੱਤਾਂ ਫੜ ਕੇ ਦੂਜੇ ਪਾਸੇ ਕੀਤੀਆਂ ਤਾਂ ਉਸ ਨੂੰ ਕਾਅਬਾ ਵੀ ਗੁਰੂ ਜੀ ਦੇ ਪੈਰਾਂ ਨਾਲ ਘੁੰਮਦਾ ਨਜ਼ਰ ਆਇਆ। ਜੀਵਨ ਬੜਾ ਹੈਰਾਨ ਹੋਇਆ, ਇਹ ਸਮਝ ਕੇ ਕਿ ਇਹ ਤਾਂ ਕੋਈ ਪਹੁੰਚਿਆਂ ਹੋਇਆ ਫਕੀਰ ਆ। ਜੀਵਨ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ।

ਬਾਪੂ ਜੀ:-ਸ਼ਾਬਾਸ਼! ਬੱਚਿਓ! ਤੁਸੀਂ ਵੀ ਕੁਲਜੀਤ ਨਾਲ ਹਰ ਐਤਵਾਰ ਬੱਚਿਆਂ ਦੀ ਕਲਾਸ ਵਿੱਚ ਜਾਇਆ ਕਰੋ।

ਕੁਲਜੀਤ ਸਿੰਘ:-ਬਾਪੂ ਜੀ! ਮੈਂ ਤੇ ਬਥੇਰਾ ਕਹਿੰਦਾ ਆਂ ਪਰ ਇਹ ਐਧਰ ਓਧਰ ਭੱਜ ਜਾਂਦੇ ਆ।

(ਪ੍ਰਭਜੋਤ ਤੇ ਅੰਮ੍ਰਿਤਪਾਲ ਇੱਕ ਜ਼ਬਾਨ ਬੋਲਦੇ ਹੋਏ)

ਪ੍ਰਭਜੋਤ, ਅੰਮ੍ਰਿਤਪਾਲ:- ਭਾ ਜੀ! ਔਂਦੇ ਐਤਵਾਰ ਅਸੀਂ ਤੇ ਰੇ ਨਾਲ ਜ਼ਰੂਰ ਚੱਲਾਂਗੇ।

ਕੁਲਜੀਤ ਸਿੰਘ:-ਜਦੋਂ ਜਾਉਗੇ ਤਾਂ ਦੇਖਾਂਗਾ।(ਥੋਹੜੀ ਦੇਰ ਅਟਕ ਕੇ) ਬਾਪੂ ਜੀ! ਮੁਸਲਮਾਨ ਹਿੰਦੂਆਂ ਨੂੰ ਕਾਫ਼ਰ ਕਿਉਂ ਕਹਿੰਦੇ ਆ?

ਬਾਪੂ ਜੀ:- ਕੁਫ਼ਰ ਤੋਲਣ ਵਾਲੇ (ਝੂਠੇ ਫ਼ਰੇਬੀ) ਨਾਸਤਕ ਬੰਦੇ ਨੂੰ ਕਾਫ਼ਰ ਕਿਹਾ ਜਾਂਦਾ ਹੈ। ਭਾਰਤ ਵਿੱਚ ਮੁਸਲਮਾਨੀ ਰਾਜ ਸਮੇਂ ਹਿੰਦੂਆਂ ਨੂੰ ਘਟੀਆ ਦਰਜੇ ਦੇ ਸ਼ਹਿਰੀ ਸਮਝਿਆ ਜਾਂਦਾ ਸੀ। ਬੁੱਤ ਪੂਜ ਹੋਣ ਕਰਕੇ ਮੁਸਲਮਾਨ ਉਹਨਾਂ ਨੂੰ ਕਾਫ਼ਰ ਕਹਿੰਦੇ ਸਨ। ਆਪਣੇ ਆਪ ਨੂੰ ਉੱਚੇ ਅਤੇ ਹਿੰਦੂਆਂ ਨੂੰ ਨੀਚ ਸਮਝਦੇ ਸਨ। ਗੁਲਾਮ ਹੋਣ ਕਰਕੇ ਹਿੰਦੂਆਂ ਨੂੰ ਦਾੜ੍ਹੀ ਕੇਸ ਰੱਖਣ, ਘੋੜੇ ਤੇ ਚੜ੍ਹਨ, ਬਾਦਸ਼ਾਹਾਂ ਵਾਲੀ ਠਾਠ ਬਾਠ ਰੱਖਣ ਦੀ ਉਨ੍ਹਾਂ ਨੂੰ ਮਨਾਹੀ ਸੀ। ਮੁਗਲਾਂ ਦੇ ਰਾਜ ਸਮੇਂ ਤਾਂ ਹਿੰਦੂਆਂ ਕੋਲੋਂ ਟੈਕਸ ਉਗਰਾਹਿਆਂ ਜਾਂਦਾ ਸੀ ਜਿਹੜੀ ਇੱਕ ਪ੍ਰਕਾਰ ਦੀ ਉਨ੍ਹਾਂ ਨੂੰ ਸਜਾ ਸੀ। ਹਾਲਾਤ ਇੱਥੋਂ ਤੱਕ ਵਿਗੜ ਚੁੱਕੇ ਸਨ ਕਿ ਸਰਕਾਰੇ ਦਰਬਾਰੇ ਉਨ੍ਹਾਂ ਦੀ ਕੋਈ ਫਰਿਆਦ ਵੀ ਨਹੀਂ ਸੀ ਸੁਣੀ ਜਾਂਦੀ। ਹਰ ਵਧੀਕੀ, ਹਰ ਜ਼ੁਲਮ ਉਨ੍ਹਾਂ ਨੂੰ ਸਹਿਣਾ ਪੈਂਦਾ ਸੀ।

ਬੱਚਿਓ! ਮੁਗਲ ਬਾਦਸ਼ਾਹ ਬਾਬਰ ਨੇ ਤਾਂ ਸੈਦਪੁਰ ਦੀ ਕਤਲੇ-ਆਮ ਸਮੇਂ ਗੁਰੂ ਨਾਨਕ ਦੇਵ ਜੀ ਨੂੰ ਵੀ ਕੈਦ ਕਰ ਲਿਆ ਸੀ। ਜਹਾਂਗੀਰ ਦੇ ਕਾਲ ਸਮੇਂ ਹੀ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾ ਕੇ ਉਨ੍ਹਾਂ ਦੇ ਸੀਸ ਤੇ ਤੱਤਾ ਰੇਤਾ ਪਾਇਆ ਗਿਆ ਅਤੇ ਦੇਗ ਵਿੱਚ ਉਬਾਲਿਆ ਗਿਆ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਗੁਰੂ ਹਰਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰੀ ਰੱਖਿਆ।

ਪਿਆਰੇ ਬੱਚਿਓ! ਜ਼ੁਲਮ ਦਾ ਟਾਕਰਾ ਕਰਨ ਲਈ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਦੀ ਉਸਾਰੀ ਕਰਕੇ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਦੋ ਨਿਸ਼ਾਨ ਸਾਹਿਬ ਝੁਲਾਏ, ਆਪ ਸ਼ਹਿਨਸ਼ਾਹਾਂ ਵਾਲੀ ਠਾਠ ਬਾਠ ਬਣਾਈ, ਤਖ਼ਤ ਲਗਾਇਆ, ਕਲਗੀ ਸਜਾਈ, ਸ਼ਾਸ਼ਤਰ, ਬਾਜ਼ ਤੇ ਘੋੜੇ ਰੱਖੇ, ਫ਼ੌਜਾਂ ਖੜੀਆਂ ਕੀਤੀਆ, ਆਪਣੇ ਸਿਖਾਂ ਵਿੱਚ ਸਰੀਰਕ ਤੇ ਆਤਮਕ ਬਲ ਭਰਨ ਲਈ ਹਰ ਪ੍ਰਕਾਰ ਦੇ ਯਤਨ ਕੀਤੇ।

ਬੱਚਿਓ! ਦਿਨਾਂ ਵਿੱਚ ਹੀ ਗੁਰੂ ਦੀਆਂ ਫ਼ੌਜਾਂ ਜਰਵਾਣਿਆ ਦਾ ਮੂੰਹ ਭੰਨਣ ਲਈ ਤਿਆਰ ਹੋ ਗਈਆ, ਮੁਗਲ ਫ਼ੌਜਾਂ ਨਾਲ ਲੋਹਾ ਲੈਣ ਲਈ ਸਿੱਖ ਜੁਆਨਾਂ ਦੇ ਡੌਲੇ ਫੜਕਣ ਲੱਗ ਪਏ। ਗੁਰੂ ਸਾਹਿਬ ਨੇ ਮੁਗਲ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਅਤੇ ਫਤਿਹ ਹਾਸਲ ਕੀਤੀ।

ਬੱਚਿਓ! ਮੁਗਲ ਬਾਦਸ਼ਾਹ ਔਰੰਗਜੇਬ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣ ਲੱਗ ਪਿਆ। ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਸਰੀਰ ਰੂਪੀ ਠੀਹਕਰਾ ਮੁਗਲ ਬਾਦਸ਼ਾਹ ਦੇ ਸਿਰ ਜਾ ਦਿੱਲੀ ਭੰਨਿਆ। ਸਾਰੇ ਪਾਸੇ ਹਾਹਾਕਾਰ ਮੱਚ ਗਈ, ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਨੇ ਗੁਰ-ਗੱਦੀ ਤੇ ਬੈਠਦਿਆਂ ਹੀ ਸਿੱਖਾਂ ਨੂੰ ਫ਼ੌਜੀ ਟਰੇਨਿੰਗ ਦੇਣੀ ਆਰੰਭ ਕਰ ਦਿੱਤੀ ਜਿੰਨ੍ਹਾ ਦੇ ਰਣਜੀਤ ਨਗਾਰੇ ਨੇ ਝੋਲੀ ਚੁੱਕ ਤੇ ਡਰਪੋਕ ਪਹਾੜੀ ਰਾਜਿਆ ਦੇ ਦਿਲ ਹਲਾ ਕੇ ਰੱਖ ਦਿੱਤੇ।

ਬੱਚਿਓ! 1699 ਈਸਵੀ ਦੀ ਵਿਸਾਖੀ ਨੂੰ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਵਿਖੇ ਇੱਕ ਵੱਡਾ ਭਾਰਾ ਇਕੱਠ ਕੀਤਾ। ਸਿੱਖਾਂ ਵਿੱਚ ਵੀਰਤਾ ਭਰਨ ਅਤੇ ਮੌਤ ਦਾ ਭੈਅ ਦੂਰ ਕਰਨ ਵਾਸਤੇ ਇੱਕ ਅਜੀਬ ਕੌਤਕ ਰਚਿਆ। ਕੀ ਤੁਹਾਡੇ ਵਿਚੋਂ ਕੋਈ ਦੱਸ ਸਕਦਾ ਹੈ ਕਿ ਉਹ ਕੀ ਕੌਤਕ ਸੀ?

ਕੁਲਜੀਤ ਸਿੰਘ:- ਬਾਪੂ ਜੀ! ਮੈਂ ਦੱਸਾ?

ਬਾਪੂ ਜੀ:- ਦੱਸੋ।

ਕੁਲਜੀਤ ਸਿੰਘ:- ਉਸ ਦਿਨ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦੀ ਚੋਣ ਕੀਤੀ ਸੀ ਅਤੇ ਉਹਨਾਂ ਨੂੰ ਅੰਮ੍ਰਿਤ ਛਕਾਇਆ ਸੀ।

ਬਾਪੂ ਜੀ:- ਸ਼ਾਬਾਸ਼! ........ ਬੱਚਿਓ! ਉਸ ਦਿਨ ਗੁਰੂ ਸਾਹਿਬ ਲਿਸ਼ਕਦੀ ਨੰਗੀ ਕ੍ਰਿਪਾਨ ਲੈ ਕੇ ਦੀਵਾਨ ਵਿੱਚ ਆਏ। ਆਉਂਦਿਆਂ ਹੀ ਉਹਨਾਂ ਨੇ ਇੱਕ ਸਿਰ ਦੀ ਮੰਗ ਕੀਤੀ। ਸੰਗਤਾਂ ਹੈਰਾਨ ਹੋ ਗਈਆ, ਲੋਕੀਂ ਇੱਕ ਦੂਜੇ ਦੇ ਮੂੰਹ ਵੱਲ ਦੇਖਣ ਲੱਗ ਪਏ।........ ਗੁਰੂ ਸਾਹਿਬ ਨੇ ਬੜੇ ਰੋਹ ਵਿੱਚ ਆ ਕੇ ਸਿਰੀ ਸਾਹਿਬ (ਕ੍ਰਿਪਾਨ) ਹਿਲਾਈ ਤੇ ਮੁੜ ਕਿਹਾ, "ਇੱਕ ਸਿਰ ਚਾਹੀਦਾ"! ਦੀਵਾਨ ਵਿੱਚ ਘੁਸਰ ਮੁਸਰ ਹੋਣ ਲੱਗ ਪਈ। ਜਦੋਂ ਤੀਜੀ ਵੇਰ ਗੁਰੂ ਸਾਹਿਬ ਨੇ ਸਿਰ ਦੀ ਮੰਗ ਕੀਤੀ ਤਾਂ ਲਾਹੌਰ ਨਿਵਾਸੀ ਭਾਈ ਦਇਆ ਰਾਮ ਉੱਠ ਕੇ ਬੋਲਿਆ, "ਸੱਚੇ ਪਾਤਸ਼ਾਹ! ਮੇਰਾ ਸਿਰ ਹਾਜ਼ਰ ਹੈ।" ਗੁਰੂ ਸਾਹਿਬ ਉਸ ਨੂੰ ਬਾਹੋਂ ਫੜ ਕੇ ਦੀਵਾਨ ਦੇ ਨਾਲ ਲੱਗੇ ਤੰਬੂ ਵਿੱਚ ਲੈ ਗਏ। ਤੰਬੂ ਵਿੱਚੋਂ ਖੜੱਕ ਦੀ ਆਵਾਜ਼ ਆਈ ਅਤੇ ਖ਼ੂਨ ਤੰਬੂ ਵਿੱਚੋਂ ਬਾਹਰ ਵਹਿ ਤੁਰਿਆ। ਤੰਬੂ ਵਿਚੋਂ ਖ਼ੂਨ ਬਾਹਰ ਆਉਂਦਾ ਦੇ ਖ ਕੇ ਲੋਕੀਂ ਠਠੰਬਰ ਗਏ।

ਥੋੜ੍ਹੀ ਦੇਰ ਬਾਅਦ ਗੁਰੂ ਸਾਹਿਬ ਲਹੂ ਭਿੱਜੀ ਕ੍ਰਿਪਾਨ ਹੱਥ ਫ਼ੜੀ ਫਿਰ ਦੀਵਾਨ ਵਿੱਚ ਆ ਗਏ। ਆਉਂਦਿਆ ਹੀ ਉਹਨਾਂ ਨੇ ਇੱਕ ਹੋਰ ਸਿਰ ਦੀ ਮੰਗ ਕੀਤੀ। ਦੀਵਾਨ ਵਿੱਚ ਸੰਨਾਟਾ ਛਾ ਪਿਆ।



www.AKJ.Org

ਲੋਕੀ ਹੈਰਾਨ ਸਨ ਕਿ ਅੱਜ ਇਹ ਕੀ ਕੌਤਕ ਵਰਤ ਰਿਹਾ ਹੈ?

ਹੁਣ ਭਾਈ ਧਰਮ ਚੰਦ ਹਿੰਮਤ ਕਰ ਕੇ ਉਠਿਆ ਅਤੇ ਕਹਿਣ ਲੱਗਾ, "ਹਜ਼ੂਰ! ਮੇਰਾ ਸਿਰ ਹਾਜ਼ਰ ਹੈ।" ਗੁਰੂ ਸਾਹਿਬ ਉਸ ਨੂੰ ਉਸੇ ਤਰ੍ਹਾਂ ਬਾਹੋਂ ਫੜ ਕੇ ਤੰਬੂ ਵਿੱਚ ਲੈ ਗਏ। ਪਹਿਲਾਂ ਵਾਂਗ ਹੀ ਤੰਬੂ ਵਿੱਚੋਂ ਖੜਕ ਦੀ ਆਵਾਜ਼ ਆਈ ਅਤੇ ਖੂਨ ਦਾ ਪਰਨਾਲਾ ਵਗਿਆ।

ਬੱਚਿਓ! ਇਸੇ ਤਰ੍ਹਾਂ ਗੁਰੂ ਸਾਹਿਬ ਨੇ ਕੁੱਲ ਪੰਜ ਸਿਰ ਮੰਗੇ। ਭਾਈ ਦਇਆ ਰਾਮ ਤੇ ਧਰਮ ਚੰਦ ਤੋਂ ਬਾਅਦ ਭਾਈ ਸਾਹਿਬ ਚੰਦ, ਭਾਈ ਹਿੰਮਤ ਦਾਸ ਅਤੇ ਭਾਈ ਮੁਹਕਮ ਚੰਦ ਨੇ ਵਾਰੋਂ ਵਾਰੀ ਆਪਣੇ ਸੀਸ ਭੇਟ ਕੀਤੇ। ਤੰਬੂ ਵਿੱਚੋਂ ਉਸੇ ਹੀ ਤਰ੍ਹਾਂ ਖੜਕ ਦੀ ਆਵਾਜ਼ ਆਈ ਅਤੇ ਖੂਨ ਬਾਹਰ ਆਇਆ।

ਅੰਮ੍ਰਿਤਪਾਲ:– ਫ਼ਿਰ ਕੀ ਹੋਇਆ?

ਬਾਪੂ ਜੀ:– ਜਿਹੜੇ ਡਰਾਕਲ ਸੀ, ਜਿਨ੍ਹਾਂ ਨੂੰ ਆਪਣੀ ਜਾਨ ਪਿਆਰੀ ਸੀ, ਉਹ ਦੀਵਾਨ ਵਿਚੋਂ ਖਿਸਕ ਗਏ ਪਰ ਸਿਦਕੀ ਸਿੱਖ ਚੋਜੀ ਪ੍ਰੀਤਮ ਦੇ ਚੋਜਾਂ ਨੂੰ ਦੇਖਦੇ ਰਹੇ। ਦੀਵਾਨ ਵਿੱਚ ਹੈਰਾਨੀ ਭਰੀ ਖੁਸ਼ੀ ਚਾਰ ਚੁਫੇਰੇ ਛਾ ਗਈ ਜਦੋਂ ਪੰਜ ਹੀ ਗੁਰੂ ਕੇ ਪਿਆਰੇ ਸਿੱਖ, ਪੀਲੇ ਚੋਲਿਆਂ ਸਮੇਤ ਪੰਜ ਕਕਾਰੀ ਵਰਦੀ ਪਾਈ ਗੁਰੂ ਸਾਹਿਬ ਦੇ ਮਗਰ ਮਗਰ ਦੀਵਾਨ ਵਿੱਚ ਆ ਹਾਜ਼ਰ ਹੋਏ।

ਪ੍ਰਭਜੋਤ:– ਬਾਪੂ ਜੀ! ਗੁਰੂ ਜੀ ਨੇ ਤੰਬੂ ਵਿੱਚ ਉਹਨਾਂ ਦੇ ਗਲ ਨਹੀਂ ਸੀ ਕੱਟੇ?

ਬਾਪੂ ਜੀ:– ਕੱਟੇ ਸੀ।

ਪ੍ਰਭਜੋਤ:– ਫਿਰ ਉਹ ਜੀਂਦੇ ਕਿੰਦਾਂ ਹੋ ਗਏ?

ਬਾਪੂ ਜੀ: ਗੁਰੂ ਸਾਹਿਬ ਨੇ ਉਹਨਾਂ ਦੇ ਲਟਕਦੇ ਗਾਟੇ ਜੋੜ ਦਿੱਤਾ।

ਅੰਮ੍ਰਿਤਪਾਲ:– ਕੀ ਉਹ ਗੱਲ ਕੱਟਣ ਨਾਲ ਮਰੇ ਨਹੀਂ?

ਬਾਪੂ ਜੀ:– ਜੇ ਸਿਰ ਧੜ ਨਾਲੋਂ ਜੁਦਾ ਹੋ ਜਾਏ ਤਾਂ ਤੇ ਬੰਦੇ ਦੇ ਮਰਨ ਦੇ ਚਾਨਸ ਵਧੇਰੇ ਹਨ ਪਰ ਜੇ ਗਾਟਾ ਲਟਕਦਾ ਰਹੇ ਤਾਂ ਆਦਮੀ ਬਚ ਵੀ ਜਾਂਦਾ ਹੈ। ਵੇਲੇ ਸਿਰ ਡਾਕਟਰੀ ਸਹਾਇਤਾ ਮਿਲ ਜਾਏ ਸੰਭਾਲ ਹੋ ਜਾਏ ਤਾਂ ਬੰਦਾ ਮਰਦਾ ਨਹੀਂ। ਬੱਚਿਓ! ਇਸ ਸੰਬੰਧ ਵਿੱਚ ਮੈਂ ਇੱਕ ਅੱਖੀਂ ਵੇਖੀਂ ਘਟਨਾ ਬਿਆਨ ਕਰਦਾ ਹਾਂ। ਸਨ 1947 ਵਿੱਚ ਜਦੋਂ ਪਾਕਿਸਤਾਨ ਬਣਿਆ ਸੀ ਤਾਂ ਸਤੰਬਰ ਦੇ ਮਹੀਨੇ ਮੈਂ ਤੇ ਮੇਰਾ ਵੱਡਾ ਭਰਾ ਦਿੱਲੀ ਨੂੰ ਜਾ ਰਹੇ ਸੀ, ਬਰਸਾਤ ਦਾ ਮੌਸਮ ਸੀ। ਉਨ੍ਹੀਂ ਦਿਨੀ ਮੀਂਹ ਵੀ ਬਹੁਤ ਪਏ ਸੀ। ਸਰਹੰਦ ਟੱਪ ਕੇ ਮੀਂਹ ਪੈਣਾ ਸ਼ੁਰੂ ਹੋ ਗਿਆ। ਇੰਨਾਂ ਮੀਂਹ ਪਿਆ ਕਿ ਸਾਰੇ ਪਾਸੇ ਜਲੋ ਜਲ (ਪਾਣੀ ਹੀ ਪਾਣੀ) ਹੋ ਗਿਆ, ਅੰਬਾਲੇ ਛਾਉਣੀ ਜਾ ਕੇ ਸਾਡੀ ਗੱਡੀ ਰੁਕ ਗਈ। ਅੱਗੋਂ ਖਬਰ ਆਈ ਕਿ ਭਾਰੀ ਮੀਂਹ ਕਾਰਨ ਲਾਈਨ ਦਬ ਗਈ ਹੈ, ਗੱਡੀ ਅੱਗੇ ਨਹੀਂ ਜਾ ਸਕਦੀ। ਟੇਸ਼ਣ ਤੇ ਪਾਕਿਸਤਾਨੀ ਬਲੋਚ ਰੈਜ਼ਮੈਂਟ ਦੀ ਇੱਕ ਟੁਕੜੀ ਵੀ ਠਹਿਰੀ ਹੋਈ ਸੀ। ਉਸ ਟੁਕੜੀ ਦਾ ਇੱਕ ਜਵਾਨ ਕਿਧਰੇ ਐਧਰ ਓਧਰ ਹੋ ਗਿਆ ਤਾਂ ਕਿਸੇ ਨੇ ਉਹਦਾ ਗਾਟਾ ਲਾਹ ਦਿੱਤਾ। ਅਸੀਂ ਇੱਕ ਨੰਬਰ ਪਲੇਟ–ਫ਼ਾਰਮ ਤੇ ਖੜ੍ਹੇ ਸੀ। ਉਸ ਜਵਾਨ ਨੂੰ ਸਟਰੈਚਰ ਤੇ ਪਾ ਕੇ ਲਈ ਜਾਂਦੇ ਫ਼ੌਜੀ ਸਾਡੇ ਅੱਗਿਓਂ ਲੰਘੇ। ਉਸ ਫ਼ੌਜੀ ਦਾ ਗਾਟਾ ਲਟਕ ਰਿਹਾ ਸੀ, ਖੂਨ ਵੱਗ ਰਿਹਾ ਸੀ ਪਰ ਉਹ ਫ਼ੌਜੀ ਸਟਰੈਚਰ ਤੇ ਪਿਆ ਉੱਚੀ ਉੱਚੀ ਬੋਲ ਰਿਹਾ ਸੀ ਤੇ ਗਾਲਾ ਕੱਢ ਰਿਹਾ ਸੀ।

ਬੱਚਿਓ! ਉਹ ਫ਼ੌਜੀ ਬਚ ਗਿਆ ਜਾਂ ਬਾਅਦ ਵਿੱਚ ਮਰ ਗਿਆ, ਇਹਦਾ ਤਾਂ ਮੈਨੂੰ ਪਤਾ ਨਹੀਂ ਪਰ ਇੱਕ ਗੱਲ ਜਿਹੜੀ ਮੈਂ ਦੇਖੀ ਉਹ ਇਹ ਸੀ ਕਿ ਬੇਸ਼ੱਕ ਉਸ ਫ਼ੌਜੀ ਦਾ ਗਾਟਾ ਬੁਰੀ ਤਰ੍ਹਾਂ ਕੱਟਿਆਂ ਹੋਇਆ ਸੀ ਪਰ ਉਹ ਜਿਉਂਦਾ ਸੀ।

ਕੁਲਜੀਤ ਸਿੰਘ:– ਬਾਪੂ ਜੀ! ਬਾਬਾ ਦੀਪ ਸਿੰਘ ਨਾਲ ਵੀ ਫ਼ਿਰ ਇਉਂ ਹੀ ਹੋਇਆ ਹੋਵੇਗਾ। ਦੁਸ਼ਮਣ ਦੇ ਵਾਰ ਨਾਲ ਜਦੋਂ ਉਹਨਾਂ ਦਾ ਗਾਟਾ ਕੱਟਿਆਂ ਗਿਆ ਤਾਂ ਉਹ ਵੀ ਖੱਬੇ ਹੱਥ ਨਾਲ ਆਪਣੇ ਸਿਰ ਨੂੰ ਸਹਾਰਾ ਦੇ ਕੇ, ਸੱਜੇ ਹੱਥ ਨਾਲ ਖੰਡਾ ਵਾਹੁਦੇ, ਦੁਸ਼ਮਣਾਂ ਦੇ ਆਹੂ ਲਾਹੁੰਦੇ, ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਪਹੁੰਚ ਗਏ ਹੋਣਗੇ।

ਬਾਪੂ ਜੀ:– ਬਿਲਕੁੱਲ ਠੀਕ।

ਅੰਮ੍ਰਿਤਪਾਲ:– ਬਾਪੂ ਜੀ! ਸਾਡੇ ਕਮਰੇ ਵਿੱਚ ਜਿਹੜਾ ਕਲੰਡਰ ਲੱਗਾ ਹੋਇਆ ਉਸ ਵਿੱਚ ਤਾਂ ਬਾਬਾ ਜੀ ਨੇ ਆਪਣਾ ਸਿਰ ਖੱਬੇ ਹੱਥ ਚੁੱਕਿਆ ਹੋਇਆ।

ਬਾਪੂ ਜੀ:– ਬੱਚੂ! ਇਹ ਖਿਆਲੀ ਤਸਵੀਰਾਂ ਹਨ। ਜਿਨੀ ਕੁ ਸਮਝ ਤਸਵੀਰ ਬਣਾਉਣ ਵਾਲੇ ਨੂੰ ਸੀ, ਉਦਾਂ ਦੀ ਤਸਵੀਰ ਉਸ ਨੇ ਬਣਾ ਦਿੱਤੀ ਅਤੇ ਉਸ ਤੇ ਯਕੀਨ ਕਰਕੇ ਅਸੀਂ ਉਸ ਨੂੰ ਸੱਚੀਂ ਮੰਨ ਲਿਆ।

ਕੁਲਜੀਤ ਸਿੰਘ:– ਬਾਪੂ ਜੀ! ਕੱਟੇ ਹੋਏ ਸਿਰ ਨੂੰ ਹੱਥ ਤੇ ਰੱਖ ਕੇ ਲੜਾਈ ਕਰਨ ਵਾਲੀ ਗੱਲ ਤਾਂ ਦਿਲ ਨਹੀਂ ਲੱਗਦੀ। ਜੇ ਬਾਬਾ ਜੀ ਬਗੈਰ ਸਿਰ ਤੋਂ ਹੀ ਖੰਡਾ ਵਾਹ ਸਕਦੇ ਸਨ ਤਾਂ ਉਹਨਾਂ ਨੂੰ ਹੱਥ ਤੇ ਸਿਰ ਦਾ ਵਾਧੂ ਭਾਰ ਚੁੱਕਣ ਦਾ ਕੀ ਲਾਭ?

ਬਾਪੂ ਜੀ:– ਅੱਧ ਕੱਟੇ ਗਾਟੇ ਨੂੰ ਹੱਥ ਦਾ ਸਹਾਰਾ ਦੇ ਕੇ ਲੜਾਈ ਜਾਰੀ ਰੱਖਣ ਵਾਲੀ ਗੱਲ ਹੀ ਅਸਲੀਅਤ ਦੇ ਵਧੇਰੇ ਨੇੜੇ ਹੈ।

ਪ੍ਰਭਜੋਤ:–ਬਾਪੂ ਜੀ! ਜਿਹੜੇ ਸਿੱਖਾਂ ਨੂੰ ਗੁਰੂ ਸਾਹਿਬ ਤੰਬੂ ਵਿੱਚ ਲੈ ਗਏ ਸੀ, ਕੀ ਉਹਨਾਂ ਦੇ ਗਾਟੇ ਅੱਧੇ ਵੱਢੇ ਗਏ ਸੀ ਜਾਂ ਸਾਰੇ?

ਬਾਪੂ ਜੀ:– ਇਹ ਤਾਂ ਦਸ਼ਮੇਸ਼ ਪਿਤਾ ਹੀ ਜਾਨਣ।

ਕੁਲਜੀਤ ਸਿੰਘ:– ਬਾਪੂ ਜੀ! ਸਾਡੀ ਕਲਾਸ ਵਿੱਚ ਇੱਕ ਮੁੰਡਾ ਕਹਿੰਦਾ ਆ ਕਿ ਗੁਰੂ ਜੀ ਨੇ ਤੰਬੂ ਵਿੱਚ ਸਿੱਖਾਂ ਦੇ ਸਿਰ ਨਹੀਂ ਸੀ ਵੱਢੇ, ਬੱਕਰੇ ਝਟਕਾਏ ਸੀ।

ਬਾਪੂ ਜੀ:– ਜੇ ਬੱਕਰੇ ਝਟਕਾਏ ਸੀ ਤਾਂ ਕੀ ਉਹਨਾਂ ਨੇ ਮੌਤ ਤੋਂ ਡਰਦਿਆਂ ਰੌਲਾਂ ਨਾ ਪਾਇਆ? ਜੇ ਇੱਕ ਬੱਕਰਾ ਝਟਕਾਇਆ ਹੁੰਦਾ ਤਾਂ ਮੰਨਿਆਂ ਵੀ ਜਾ ਸਕਦਾ ਸੀ ਪਰ ਗੁਰੂ ਜੀ ਤਾਂ ਵਾਰੋ ਵਾਰੀ ਪੰਜ ਸਿੱਖਾਂ ਨੂੰ ਤੰਬੂ ਵਿੱਚ ਲੈ ਕੇ ਗਏ ਸੀ। ਇੱਕ ਬੱਕਰਾ ਵੱਢ ਹੁੰਦਾ ਦੇਖ ਕੇ ਬਾਕੀ ਬੱਕਰੇ ਚੁੱਪ ਕਿਵੇਂ ਖੜ੍ਹੇ ਰਹੇ? ਆਖਰ ਉਹ ਵੀ ਤੇ ਸਾਡੇ ਵਰਗੇ ਹੀ ਜੀਵ ਸਨ। ਉਹਨਾ ਵਿੱਚ ਵੀ ਤੇ ਸਾਡੇ ਵਰਗੀ ਹੀ ਆਤਮਾ ਹੀ ਸੀ, ਕੀ ਹੋਇਆ ਜੇ ਉਹਨਾਂ ਦਾ ਸਰੀਰ ਸਾਡੇ ਨਾਲੋਂ ਵੱਖਰੀ ਸ਼ਕਲ ਦਾ ਸੀ?

ਬੱਚਿਓ! ਹਰ ਦੇਸ਼ ਦੀ ਸਰਕਾਰ ਦਾ ਖੁਫੀਆਂ ਵਿਭਾਗ ਹੁੰਦਾ ਹੈ ਜਿਹੜਾ ਗੁਪਤ ਰਿਪੋਟਾਂ ਸਰਕਾਰ ਨੂੰ ਭੇਜਦਾ ਹੈ ਕਿ ਦੇਸ਼ ਵਿੱਚ ਕੀ ਹੋ ਰਿਹਾ ਹੈ। ਔਰੰਗਜ਼ੇਬ ਬਾਦਸ਼ਾਹ ਦੇ ਖੁਫੀਆਂ ਬੰਦੇ ਗੁਰੂ ਸਾਹਿਬ ਦੀ ਹਰ ਹਰਕਤ ਤੇ ਨਜ਼ਰ ਰੱਖਦੇ ਸਨ ਕਿਉਂਕਿ


www.AKJ.Org

ਸਰਕਾਰ ਨੂੰ ਉਹਨਾਂ ਤੋਂ ਖਤਰਾ ਸੀ ਕਿ ਰਾਜ ਨਾ ਪਲਟ ਦੇਣ। ਜੇ ਗੁਰੂ ਸਾਹਿਬ ਨੇ ਬੱਕਰੇ ਝਟਕਾਏ ਹੁੰਦੇ ਤਾਂ ਸੀ. ਆਈ.ਡੀ. (ਗੁਪਤਚਰ ਵਿਭਾਗ) ਵਾਲੇ ਦਿੱਲੀ ਸਰਕਾਰ ਨੂੰ ਭੇਜੀ ਗਈ ਰਿਪੋਟ ਵਿੱਚ ਬੱਕਰੇ ਝਟਕਾਉਣ ਦਾ ਪ੍ਰਸੰਗ ਜਰੂਰ ਲਿਖਦੇ। ਪਰ ਸਰਕਾਰ ਨੂੰ ਭੇਜੀਆਂ ਗੁਪਤ ਰਿਪੋਟਾਂ ਵਿੱਚ ਲਿਖਿਆਂ ਕੁੱਝ ਵੀ ਨਹੀਂ ਮਿਲਦਾ। ਬੱਚਿਓ! ਗੁਰੂ ਗੋਬਿੰਦ ਸਿੰਘ ਜੀ ਸਾਡੇ ਵਰਗੇ ਸਾਧਾਰਨ ਮਨੁੱਖ ਨਹੀਂ ਸਨ। ਉਹ ਦਸਵੀਂ ਨਾਨਕ ਜੋਤ ਸੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵਿੱਚ ਸਿਰਫ਼ ਸ਼ਕਲ ਦਾ ਹੀ ਫ਼ਰਕ ਸੀ, ਜੋਤ ਉਹੀਓ ਸੀ। ਸੱਤੇ ਬਲਵੰਡ ਦੀ ਵਾਰ ਵਿੱਚ ਲਿਖਿਆ ਹੋਇਆ ਹੈ–

ਜੋਤਿ ਓਹਾ ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ।

ਕੁਲਜੀਤ ਸਿੰਘ:– ਬਾਪੂ ਜੀ! ਇਹਦਾ ਕੀ ਅਰਥ ਹੈ?

ਬਾਪੂ ਜੀ:– ਬਲਵੰਡ ਨੇ ਕਿਹਾ ਕਿ ਬਾਬਾ ਲਹਿਣਾ ਜੀ ਦੇ ਅੰਦਰ ਗੁਰੂ ਨਾਨਕ ਦੇਵ ਜੀ ਵਾਲੀ ਉਹੀਓ ਜੋਤ ਸੀ। ਜੀਵਨ ਦਾ ਢੰਗ ਵੀ ਉਹੀਓ ਸੀ, ਗੁਰੂ ਨਾਨਕ ਦੇਵ ਜੀ ਨੇ ਸਿਰਫ਼ ਸਰੀਰ ਹੀ ਪਲਟਾਇਆ ਸੀ।

ਅੰਮ੍ਰਿਤਪਾਲ:– ਬਾਪੂ ਜੀ! ਬਲਵੰਡ ਕੌਣ ਸੀ?

ਬਾਪੂ ਜੀ:– ਬੱਚੂ! ਸੱਤਾ ਤੇ ਬਲਵੰਡ ਦੋਵੇਂ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਕੀਰਤਨ ਕਰਿਆ ਕਰਦੇ ਸਨ,

.......... ਬੱਚਿਓ! ਗੁਰੂ ਨਾਨਕ ਦੇਵ ਜੀ ਵਾਹਿਗੁਰੂ ਜੀ ਦਾ ਰੂਪ ਸਨ। ਗੁਰੂ ਨਾਨਕ ਦੇਵ ਜੀ ਨੇ "ਸੱਚ ਧਰਮ" ਦੇ ਪ੍ਰਚਾਰ ਕਰਨ ਲਈ ਜਿਹੜੀ ਜੁਗਤ (ਢੰਗ) ਅਪਨਾਈ, ਸਾਰੇ ਗੁਰੂ ਸਾਹਿਬਾਨਾਂ ਨੇ ਵੀ ਓਹੋ ਅਮਲ ਵਿੱਚ ਲਿਆਂਦੀ। ਜੋ ਗੁਰੂ ਨਾਨਕ ਦੇਵ ਜੀ ਨੇ ਕਿਹਾ–

"ਜਉ ਤਉ ਪ੍ਰੇਮ ਖੇਲਣ ਕਾ ਚਾਉ,
ਸਿਰ ਧਰਿ ਤਲੀ ਗਲੀ ਮੇਰੀ ਆਉ ।।"

ਤਾਂ ਦਸ਼ਮੇਸ਼ ਪਿਤਾ ਨੇ ਵੀ 1699 ਦੀ ਵੈਸਾਖੀ ਨੂੰ ਇਸੇ ਆਸ਼ੇ ਨੂੰ ਮੁੱਖ ਰੱਖ ਕੇ ਭਰੇ ਦੀਵਾਨ ਵਿੱਚ ਸਿੱਖਾਂ ਨੂੰ ਸੀਸ ਭੇਟ ਕਰਨ ਵਾਸਤੇ ਵੰਗਾਰ ਪਾਈ।

ਬੱਚਿਓ! ਜੇ ਅੱਸੀਂ ਗੁਰਬਾਣੀ ਨੂੰ ਧਿਆਨ ਨਾਲ ਵਿਚਾਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸਤਿਗੁਰੂ ਸਰਬ ਕਲਾ ਸਮਰੱਥ ਹੈ, ਸਤਿਗੁਰੂ ਅਤੇ ਅਕਾਲ ਪੁਰਖ ਵਿੱਚ ਕੋਈ ਭੇਦ ਨਹੀਂ। ਸਤਿਗੁਰੂ ਬੰਦੇ ਨੂੰ ਮਾਰ ਕੇ ਜਿਉਂਦਾ ਕਰਨ ਦੀ ਸ਼ਕਤੀ ਰੱਖਦਾ ਹੈ।

ਸਤਿਗੁਰੂ ਮੇਰਾ ਮਾਰ ਜੀਵਾਲੇ (੧੧੪੨)

ਅੰਮ੍ਰਿਤਪਾਲ:– ਬਾਪੂ ਜੀ! ਆਹ ਕਮਲ ਤੇ ਸੁੱਤੀ ਪਈ ਆ।

ਬਾਪੂ ਜੀ:– ਅੱਛਾ ਬੱਚਿਓ! ਅੱਜ ਟੈਮ ਬਹੁਤ ਹੋ ਗਿਆ ਹੈ। ਤੁਸੀਂ ਹੁਣ ਜਾਓ, ਕਮਲ ਨੂੰ ਜਾ ਕੇ ਬਿਸਤਰੇ ਵਿੱਚ ਪਾਓ। ਨਿਆਣੀ ਹੈ, ਬਹੁਤੀ ਦੇਰ ਬੈਠ ਨਹੀਂ ਸਕਦੀ।

(ਸਾਰੇ ਬੱਚੇ ਬਾਪੂ ਜੀ ਨੂੰ ਫਤਹ ਬੁਲਾ ਕੇ "ਸਤਿਗੁਰੂ ਮੇਰਾ ਮਾਰ ਜੀਵਾਲੈ" ਉੱਚੀ ਉੱਚੀ ਬੋਲਦੇ ਹੋਏ ਪੌੜੀਆਂ ਉੱਤਰ ਜਾਂਦੇ ਹਨ।)

(ਪੰਨਾ ੨੨ ਦੀ ਬਾਕੀ)

ਗੋਦ ਵਿਚ ਰੱਖ ਕੇ ਕਹਿਣ ਲਗੇ "ਪਿਤਾ ਜੀ ਅੱਜ ਦਿਨ ਚੜ੍ਹੇ ਬੱਚੀ ਦੀ ਸ਼ਾਦੀ ਦਾ ਕਾਰਜ ਤੁਸਾਂ ਕਰਨਾ ਹੈ, ਸਾਨੂੰ ਛੱਡ ਕੇ ਜਾਣ ਦਾ ਇਹ ਕੋਈ ਵੇਲਾ ਹੈ?" ਅਗੋਂ ਮਾਸਟਰ ਜੀ ਦਾ ਉੱਤਰ ਸੀ "ਭੋਲੀਏ ਇਸ ਨਾਲੋ ਹੋਰ ਚੰਗਾ ਵੇਲਾ ਕਿਹੜਾ ਹੋ ਸਕਦਾ ਹੈ– ਅੰਮ੍ਰਿਤ ਵੇਲਾ ਹੈ, ਮੇਰੇ ਚਾਰ ਚੁਫੇਰੇ ਸਿੰਘ ਅਭਿਆਸ ਕਰ ਰਹੇ ਹਨ, ਗੁਰੂ ਪਾਤਸ਼ਾਹ ਦਾ ਸੱਦਾ ਆਇਆ ਹੈ, ਸਿੰਘ ਹੀ ਮੈਨੂੰ ਲੈਣ ਵਾਸਤੇ ਆਏ ਹੋਏ ਹਨ। ਮੇਰੀਆਂ ਭੁੱਲਾਂ ਚੁੱਕਾਂ ਖਿਮਾ ਕਰਨਾ", ਭੈਣ ਜੀ ਵੈਰਾਗ ਵਿਚ ਹੋਏ ਹੋਏ ਪਤਾ ਨਹੀ ਕੀ ਕੀ ਬਚਨ ਕਰੀ ਗਏ। ਇਤਨੇ ਵਿਚ ਡਾਕਟਰ ਸਾਹਿਬ ਆ ਗਏ। ਝੱਟ ਪੱਟ ਇਨਜੈਕਸ਼ਨ ਲਗਾ ਦਿਤਾ ਗਿਆ। ਡਾਕਟਰ ਸਾਹਿਬ ਮੇਰੇ ਪਾਸ ਹੀ ਖੜ੍ਹੇ ਕਹਿ ਰਹੇ ਸਨ "ਦੌਰਾ ਬੜਾ ਜ਼ਬਰਦਸਤ ਪਿਆ ਹੈ ਜੇ ਤਾਂ ਪੰਜ ਮਿੰਟਾ ਵਿਚ ਮੋੜਾ ਪੈ ਗਿਆ ਤਾਂ ਬਚ ਜਾਣਗੇ ਪਰ ਮੈਨੂੰ ਆਸ ਨਹੀ।" ਬਸ ਸਾਡੇ ਵੇਖਦਿਆ ਵੇਖਦਿਆਂ ਆਪ ਨੇ ਹੱਥ ਜੋੜੇ ਜਿਵੇਂ ਕੋਈ ਪੂਰੀ ਤਰ੍ਹਾਂ ਹੋਸ਼ ਵਿਚ ਹੁੰਦਾ ਹੈ, ਸਾਰੇ ਇਕੱਤਰ ਮਾਈ ਭਾਈ ਨੂੰ ਫਤਹ ਬੁਲਾਈ ਅਤੇ ਗੁਰਚਰਨਾਂ ਵਿਚ ਜਾ ਬਿਰਾਜੇ। ਇਥੋਂ ਇੱਕ ਪਰਤੀਤੀ ਮਨ ਵਿਚ ਬਝਦੀ ਹੈ ਕਿ ਭਗਤ ਜਨਾਂ ਦੀ ਮੌਤ ਇਕ ਨਵੀਂ ਅਤੇ ਉਚੇਰੀ ਜ਼ਿੰਦਗੀ ਹੈ ਜੋ ਗੁਰਚਰਨਾਂ ਵਿਚ ਗੁਜ਼ਰਦੀ ਹੈ। ਭਾਂਵੇ ਹੋ ਸਕਦੈ ਉਹਨਾਂ ਦੇ ਸੰਗੀ ਸਾਥੀਆਂ ਨੇ ਉਹਨਾਂ ਨੂੰ ਪਛਾਣਿਆ ਹੋਵੇ, ਅਤੇ ਉਹਨਾਂ ਨਾਲ ਵਿਚਰਦਿਆਂ ਕਦੀ ਖੱਟਾ–ਕੌੜਾ ਵੀ ਬੋਲਿਆ ਹੋਵੇ , ਪਰ ਉਹਨਾਂ ਦੇ ਅੰਤਮ ਦ੍ਰਿਸ਼ ਅਖੀਂ ਵੇਖ ਕੇ ਅਤੇ ਕੰਨੀ ਸੁਣ ਕੇ ਆਪਣੇ ਮਨੋ ਮਨੀ ਉਹਨਾਂ ਅਫ਼ਸੋਸ ਕੀਤਾ। ਸਾਡੇ ਵਰਤਮਾਨ ਸਮੇ ਦੇ ਸਿੰਘਾਂ ਵਿਚ ਭੀ ਕਈ ਬਖਸ਼ੀਆਂ ਰੂਹਾਂ ਹਨ, ਜੋ ਗੁਪਤ ਵਿਚਰਦੀਆਂ ਹਨ, ਸਾਨੂੰ ਹਰ ਸਿੰਘ ਪ੍ਰਤੀ ਪਿਆਰ ਸਤਿਕਾਰ ਦੀ ਭਾਵਨਾ ਦ੍ਰਿੜ ਕਰਨੀ ਚਾਹੀਦੀ ਹੈ। ਅਖੰਡ ਕੀਰਤਨੀ ਜੱਥੇ ਵਿਚ ਅਤੇ ਸਮੁਚੇ ਪੰਥ ਵਿਚ ਐਸੀਆਂ ਨਾਮ–ਅਭਿਆਸੀ ਰੂਹਾਂ ਹਨ ਜਿਨ੍ਹਾਂ ਦੀ ਪਹਿਚਾਣ ਹੋ ਸਕੇ ਤਾਂ ਸਾਡੇ ਧੰਨ ਭਾਗ। ਪਰ ਅਸੀਂ ਉਹਨਾਂ ਪਿਆਰਿਆਂ ਦੀ ਨਿੰਦਾ ਤੋਂ ਜਾਂ ਉਹਨਾਂ ਨਾਲ ਦੁਰਵਿਹਾਰ ਤੋਂ ਬਚੀਏ। ਮਾਸਟਰ ਜੀ ਦੇ ਮਿਰਤਕ ਸਰੀਰ ਨੂੰ ਅੰਮ੍ਰਿਤ ਵੇਲੇ ੪ ਕੁ ਵਜੇ ਮੁਹੱਲਾ ਸਰਾਜ ਗੰਜ ਵਿਖੇ ਬੜੇ ਸਤਿਕਾਰ ਨਾਲ ਪਹੁੰਚਾਇਆ ਗਿਆ। ਫਿਰ ਦਿਨ ਚੜ੍ਹੇ ਬੱਚੀ ਦੇ ਅਨੰਦ ਕਾਰਜ ਹੋਏ। ਅਨੰਦ ਕਾਰਜ ਤੋਂ ਮਗਰੋਂ ਆਪ ਜੀ ਦੇ ਸਸਕਾਰ ਵਿਚ ਸਮੂਚੀ ਸੰਗਤ ਸ਼ਾਮਲ ਹੋਈ। ਵੇਖੋ ਕੁਦਰਤ ਦੇ ਰੰਗ ਇਕ ਘਰ ਵਿਚ ਮੌਤ ਅਤੇ ਅਨੰਦ ਕਾਰਜ ਕੁਝ ਘੰਟਿਆਂ ਦੀ ਵਿੱਥ ਨਾਲ ਹੋਏ। ਜੇ ਕਿਤੇ ਅਸੀਂ ਬ੍ਰਹਮਣੀ ਪ੍ਰਭਾਵ ਹੇਠ ਹੁੰਦੇ ਤਾਂ ਸੂਤਕ ਦਾ ਕਰੜ ਪਹਿਰਾ ਲੱਗ ਜਾਣਾ ਸੀ। ਅਨੰਦ ਧਰੇ ਧਰਾਏ ਰਹਿ ਜਾਂਦੇ। ਜਿ ਬੱਚੀ ਦਾ ਅਨੰਦ ਕਾਰਜ ਹੋਇਆ ਸੀ ਉਹ ਅੱਜ ਵੀ ਸੁਖੀ ਵਸ ਹੈ। ਗੁਰੂ ਨਾਨਕ ਪਾਤਸ਼ਾਹ ਦਾ ਕੋਟਾਨ ਕੋਟਿ ਸ਼ੁਕਰ ਹੈ ਜੋ ਸਾਨੂੰ ਭਾਣੇ ਵਿਚ ਰਾਜ਼ੀ ਰਹਿਣ ਦੀ ਦ੍ਰਿੜਤਾ ਦੀ ਬਖਸ਼ਸ਼ ਕਰ ਗਏ ਹਨ। ਭਾਈ ਭਿਖਾਰੀ ਜੀ ਦੀ ਸਾਖੀ ਵਰਗਾ ਵਰਤਾਰਾ ਮਾਸਟਰ ਸੁੰਦਰ ਸਿੰਘ ਜੀ ਦੇ ਸੱਚਖੰਡ ਪਿਆਨੇ ਕਰਨ ਸਮੇਂ ਵਰਤਿਆ।

ਦੇਖਿ ਪਰਾਈਆਂ ਚੰਗੀਆਂ,
ਮਾਵਾਂ ਭੈਣਾਂ ਧੀਆਂ ਜਾਣੇ। (ਭਾਈ ਗੁਰਦਾਸ ਜੀ)


www.AKJ.Org

## ਬੱਚਿਆਂ ਲਈ ਸਵਾਲ

1. 'ਆਸਾ ਕੀ ਵਾਰ' ਵਿਚੋਂ ਆਮ ਕਹੇ ਜਾਂਦੇ ਕੋਈ ਤਿੰਨ ਅਖਾਣ ਅਤੇ ਉਨ੍ਹਾਂ ਦੇ ਭਾਵ ਅਰਥ ਲਿਖੋ।
2. ਹੇਠ ਲਿਖੀ ਪੰਗਤੀ ਨੂੰ ਕਿਵੇਂ ਪੜ੍ਹੋਗੇ? ਲਿਖ ਕੇ ਦੱਸੋ---
   "ਸੁਚਿਹੋਵੈਤਾਸਚੁਪਾਈਐ।।" ਇਸ ਦੇ ਅਰਥ ਵੀ ਲਿਖੋ।
3. ਖਾਲੀ ਥਾਂ ਭਰੋ---
   ਕੋਊ ਬੁਤਾਨ ਕੋ ........... ਕੋਊ ਮ੍ਰਿਤਾਨ ...............।। ਇਸ ਦੇ ਅਰਥ ਵੀ ਲਿਖੋ।
4. ਗੁਰਬਾਣੀ ਦੀ ਵਿਸ਼ੇਸ਼ਤਾ ਵਿੱਚ ਕੋਈ ਚਾਰ ਵਾਕ ਲਿਖੋ।
5. ਆਸਾ ਕੀ ਵਾਰ ਦੇ ਅੰਤ ਵਿੱਚ ਲਿਖੇ "ਸੁਧੁ" ਸ਼ਬਦ ਦਾ ਕੀ ਭਾਵ ਹੈ?

ਨੋਟ:- 1. ਇਨ੍ਹਾਂ ਸਵਾਲਾਂ ਦੇ ਜਵਾਬ 30 ਅਪ੍ਰੈਲ 1995 ਤੱਕ ਸੂਰਾ ਦਫ਼ਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। 2. ਜਵਾਬ ਸਪੱਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4. ਜਵਾਬ ਪੱਤਰ ਉੱਤੇ ਹੇਠਲਾ ਕੂਪਨ ਭਰ ਕੇ ਚਿਪਕਾਇਆ ਹੋਵੇ। 5. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ।

ਅਪ੍ਰੈਲ ੧੯੯੫

ਬੱਚੇ ਦੇ ਦਸਖ਼ਤ.........................................

ਪਿਤਾ ਦਾ ਨਾਮ.........................................

ਕਿਥੇ ਰਹਿੰਦਾ ਹੈ?.........................................

.........................................

## ਜਥੇ ਦੇ ਪ੍ਰਬੰਧਕੀ ਮਸਲਿਆਂ ਬਾਰੇ

ਮਿਤੀ 24-2-1995 ਨੂੰ ਅਖੰਡ ਕੀਰਤਨੀ ਜਥੇ ਦੀ ਇੱਕਤਰਤਾ ਪ੍ਰਬੰਧਕੀ ਪੰਚਾਇਣ ਵਲੋਂ ਸੱਦੀ ਗਈ, ਲੁਧਿਆਣਾ ਵਿਖੇ ਹੋਈ, ਜਿਸ ਵਿਚ ਗੁਰੂ ਕੀ ਹਜ਼ੂਰੀ ਵਿਚ ਸੰਗਤ ਨੇ ਸਰਬ ਸੰਮਤੀ ਨਾਲ ਇਹ ਫੈਸਲਾ ਕੀਤਾ ਕਿ ਜਥੇ ਦੀ ਪ੍ਰਬੰਧਕੀ ਪੰਚਾਇਣ ਦੇ ਸਬੰਧ ਵਿਚ ਉਸ ਦੇ ਕਾਰਜ ਖੇਤਰ ਅਤੇ ਰੂਪ ਦੀ ਘਾੜਤ ਵਿਚ ਸੁਧਾਰ ਕਰਨ ਦੇ ਅਧਿਕਾਰ ਦਾਸ (ਬਲਬੀਰ ਸਿੰਘ) ਨੂੰ ਦਿੱਤੇ ਗਏ ਹਨ। ਜੋ ਉਹ ਫੈਸਲਾ ਦੇਣ ਉਹ ਫੈਸਲਾ ਸਰਬਤ ਪ੍ਰਵਾਨਤ ਹੋਵੇਗਾ ਅਤੇ ਉਸ ਨੂੰ ਦੇਸ਼ ਵਿਦੇਸ਼ ਦੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਦੇ ਗਿਆਤ ਲਈ "ਸੂਰਾ ਮਾਸਕ ਪੱਤਰ" ਵਿਚ ਛਾਪਿਆ ਜਾਵੇਗਾ। ਉਨ੍ਹਾਂ ਵਲੋਂ ਸੌਂਪੀ ਗਈ ਸੇਵਾ ਹਰ ਸਿੱਖ ਸੁਹਿਰਦਤਾ ਨਾਲ ਪ੍ਰਵਾਨ ਕਰੇਗਾ।

ਸੰਗਤ ਦੇ ਉਕਤ ਸਰਬ ਸੰਮਤੀ ਨਾਲ ਕੀਤੇ ਫੈਸਲੇ ਮੁਤਾਬਕ ਦਾਸ ਨੂੰ ਦਿੱਤੇ ਅਧਿਕਾਰ ਅਨੁਸਾਰ ਹੇਠ ਲਿਖੇ ਪੰਜ ਸਿੰਘਾਂ ਦੀ ਪ੍ਰਬੰਧਕੀ ਪੰਚਾਇਣ ਬਣਾਈ ਜਾਂਦੀ ਹੈ

1. ਭਾਈ ਜੋਗਿੰਦਰ ਸਿੰਘ ਜੀ ਤਲਵਾੜਾ (ਸ੍ਰੀ ਅੰਮ੍ਰਿਤਸਰ), 2. ਭਾਈ ਹਰਿਚਰਨ ਸਿੰਘ ਜੀ (ਚੰਡੀਗੜ੍ਹ), 3. ਭਾਈ ਜੋਧ ਸਿੰਘ ਜੀ (ਦਿੱਲੀ), 4. ਭਾਈ ਕਰਮ ਸਿੰਘ ਜੀ (ਜਲੰਧਰ), 5. ਡਾ: ਦਰਸ਼ਨ ਸਿੰਘ ਜੀ (ਲੁਧਿਆਣਾ)

ਭਾਈ ਸਾਹਿਬ ਭਾਈ ਰਾਮ ਸਿੰਘ ਜੀ ਜਥੇਦਾਰ ਉਪਰ ਬਣਾਈ ਪ੍ਰਬੰਧਕੀ ਪੰਚਾਇਣ ਦੀ ਸਲਾਹ ਮੁਤਾਬਕ ਕੰਮ ਕਰਨਗੇ। ਇਸ ਪੰਚਾਇਣ ਦਾ ਕਾਰਜ ਖੇਤਰ ਜਥੇ ਦੀ ਨੀਤੀ ਅਤੇ ਸਮੁੱਚੇ ਪ੍ਰਬੰਧਕੀ ਮਸਲਿਆਂ ਬਾਰੇ ਹੋਵੇਗਾ, ਪਰ ਇਸ ਦੀ ਹੈਸੀਅਤ ਪੰਜ ਪਿਆਰਿਆਂ ਸਦਰਸ ਨਹੀਂ ਹੋਵੇਗੀ।

ਜ਼ਰੂਰੀ ਨੋਟ : 1. ਪੰਚਾਇਣ ਦੇ ਸਿੰਘਾਂ ਵਿਚੋਂ ਕਿਸੇ ਕਾਰਣ ਕਰਕੇ ਕੋਈ ਸਿੰਘ ਸੇਵਾ ਮੁਕਤ ਹੋ ਜਾਂਦਾ ਹੈ ਤਾਂ ਪੰਚਾਇਣ ਦੇ ਬਾਕੀ ਸਿੰਘ ਉਸ ਦੀ ਥਾਂ ਸਰਬ-ਸੰਮਤੀ ਨਾਲ ਕਿਸੇ ਯੋਗ ਸਿੰਘ ਨੂੰ ਪੰਚਾਇਣ ਵਿਚ ਸ਼ਾਮਲ ਕਰ ਸਕਣਗੇ।

2. ਭਾਈ ਸਾਹਿਬ ਭਾਈ ਰਾਮ ਸਿੰਘ ਜੀ ਦੇ ਜੀਵਨ ਕਾਲ ਤੋਂ ਬਾਅਦ ਪੰਚਾਇਣ ਕੋਈ ਜਥੇਦਾਰ ਬਨਾਉਣ ਜਾਂ ਨਾ ਬਨਾਉਣ ਬਾਬਤ ਵਿਚਾਰ ਕਰੇਗੀ।

...ਣਾ, 13 ਮਾਰਚ, 1995

ਬਲਬੀਰ ਸਿੰਘ

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ...ਾ ਪ੍ਰੇਮ ਕੌਰ ਜੀ ਭਾਈ ਦੁਰਲੱਭ ਸਿੰਘ ਜੀ ਦੀ ਯਾਦ ਵਿੱਚ | 21,000 ਰੁ: | 9. ਗੁਪਤ | 200 ਰੁ: |
| 2. ...ਭਾਈ ਅਵਤਾਰ ਸਿੰਘ ਜੀ ਜੀਵਨ ਸਿੰਘ ਜੀ ਨਿਊ ਜਰਸੀ | 5,000 ਰੁ: | 10. ਗੁਪਤ | 150 ਰੁ: |
| 3. ਸ: ਨਾਨਕ ਸਿੰਘ ਜੀ ਪੂਨਾ | 1200 ਰੁ: | 11. ਸ: ਗੁਰਮੇਲ ਸਿੰਘ ਜੀ | 100 ਰੁ: |
| ...ਭਾਈ ਗੁਰਚਰਨ ਸਿੰਘ ਜੀ ਵਾਰਾਨਸੀ | 340 ਰੁ: | 12. ਸ: ਗੁਰਪ੍ਰੀਤ ਸਿੰਘ ਰਾਜਪੁਰਾ | 50 ਰੁ: |
| 5. ਸ: ਕੁਲਜੀਤ ਸਿੰਘ ਜੀ ਜਲੰਧਰ | 250 ਰੁ: | 13. ਸਾਂ ਜਸਵੰਤ ਸਿੰਘ ਲੁਧਿਆਣਾ | 45 ਰੁ: |
| 6. ਸ: ਭੁਗਵੰਤ ਸਿੰਘ ਜੀ ਲੁਧਿਆਣਾ | 100 ਰੁ: | 14. ਸ: ਮੋਹਣ ਸਿੰਘ ਬਰੇਲੀ ਵਾਲੇ | 50 ਰੁ: |
| 7. ਬੀਬੀ ਗੁਰਬਚਨ ਕੌਰ ਲੁਧਿਆਣਾ | 100 ਰੁ: | 15. ਕਾਕਾ ਪ੍ਰਦੀਪ ਸਿੰਘ ਲੁਧਿਆਣਾ | 50 ਰੁ: |
| 8. ਸ: ਹਰਵਿੰਦਰ ਸਿੰਘ ਪਟਿਆਲਾ | 100 ਰੁ: | 16. ਸ: ਜਸਵੰਤ ਸਿੰਘ ਪੋਹੀੜ | 35 ਰੁ: |

www.AKJ.Org

## ਭਾਈ ਭੁਪਿੰਦਰ ਸਿੰਘ ਜੀ ਵਿਛੋੜੇ ਦੇ ਗਏ



ਭਾਈ ਭੁਪਿੰਦਰ ਸਿੰਘ ਜੀ ਮੁਹਾਲੀ ਮਿਤੀ ੧੫.੨.੯੫ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਆਪ ਪੁਰਾਤਨ ਗੁਰਸਿਖਾਂ ਵਿਚੋ ਸਨ। ਜਿਨ੍ਹਾਂ ਦੇ ਪਵਿਤਰ ਜੀਵਨ ਤੋ ਕਈ ਜਗਿਆਸੂਆਂ ਨੂੰ ਆਤਮ-ਜਾਗ ਲੱਗੀ। ਆਪ ਉਸ ਗੁਰਸਿਖ ਪਰਿਵਾਰ ਨਾਲ ਸੰਬੰਧਤ ਸਨ। ਜਿਸ ਨਾਲ ਅਖੰਡ ਕੀਰਤਨੀ ਜਥੇ ਦੇ ਸਿਰਕੱਢ ਗੁਰਸਿਖ ਭਾਈ ਹਰਨਾਮ ਸਿੰਘ ਜੀ 'ਕੋਮਲ' ਅਤੇ ਭਾਈ ਸਾਹਿਬ ਸੁਰਤ ਸਿੰਘ ਜੀ 'ਪੂਰਨ' ਦਾ ਸੰਬੰਧ ਹੈ। ਆਪ ਜੀ ਦਾ ਜਨਮ ੧੯੧੯ ਵਿਚ ਸਰਗੋਧਾ ਵਿਖੇ ਹੋਇਆ, ਪੜ੍ਹਾਈ ਲਾਹੌਰ ਵਿਚ ਕੀਤੀ। ੧੯੪੧ ਵਿਚ ਅੰਮ੍ਰਿਤ ਪਾਨ ਕਰਕੇ ਅਖੰਡ ਕੀਰਤਨੀ ਜਥੇ ਨਾਲ ਆ ਜੁੜੇ ਅਤੇ ਫਿਰ ਜੀਵਨ ਪ੍ਰਯੰਤ ਕੀਰਤਨ ਸਮਾਗਮਾਂ ਵਿਚ ਸ਼ਾਮਲ ਹੋ ਕੇ ਜਥੇ ਦੀ ਚੜ੍ਹਦੀ ਕਲਾ ਲਈ ਨਿਰੰਤਰ ਆਪਣਾ ਯੋਗ ਦਾਨ ਪਾਉਦੇ ਰਹੇ। ਆਪ ਜੀ ਦਾ ਆਨੰਦ ਕਾਰਜ ਨਾਰੰਗਵਾਲ ਵਿਖੇ(੪੮-੪੯)ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਇਹਨਾਂ ਦਾ ਜੀਵਨ-ਸਾਥੀ ਖ਼ੁਦ ਚੁਣ ਕੇ ਆਪਣੇ ਹੱਥੀ ਕੀਤਾ। ਇਹ ਦੰਪਤੀ ਕੀਰਤਨ ਦੇ ਰਸੀਏ ਸਨ। ਇਹਨਾਂ ਦੀ ਸਿੰਘਣੀ ਬੀਬੀ ਜਸਵੀਰ ਕੌਰ ਤਾਂ ਬੜੇ ਸੁਚੱਜੇ ਕੀਰਤਨੀਏ ਵੀ ਸਨ। ਸਤਿਗੁਰੂ ਵਿਛੜੀ ਰੂਹ ਨੂੰ ਚਰਨਾਂ ਵਿਚ ਨਿਵਾਸ ਬਖ਼ਸ਼ਣ।

---

### ਅੰਮ੍ਰਿਤਸਰ ਵਿਖੇ ਵਿਸਾਖੀ ਦਾ ਸਾਲਾਨਾ ਸਮਾਗਮ 12 ਅਪ੍ਰੈਲ ਸਵੇਰ ਤੋਂ 14 ਅਪ੍ਰੈਲ ਦੁਪਹਿਰ ਤੱਕ।

ਗੁਰਦੁਆਰਾ ਸ਼ਹੀਦ ਗੰਜ ਬੀ ਬਲਾਕ ਨੇੜੇ ਰੇਲਵੇ ਮਾਲ ਗੁਦਾਮ ਵਿਖੇ ੧੪ ਅਪ੍ਰੈਲ ਸਵੇਰੇ ਭੋਗ ਸ੍ਰੀ ਅਖੰਡਪਾਠ ਸਾਹਿਬ ਉਪਰੰਤ ਆਰੰਭ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ ਦੁਪਹਿਰ ਤੱਕ ਅੰਮ੍ਰਿਤ ਸੰਚਾਰ ਸਵੇਰੇ ੭.੦੦ ਵਜੇ ਸ਼ੁਰੂ ਹੋਵੇਗਾ। ਅਨੰਦ ਕਾਰਜ ਕੀਰਤਨ ਤੋ ਬਾਅਦ ਦੁਪਹਿਰ ਨੂੰ ਹੋਣਗੇ।

ਨੋਟ-੧. ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁਰਦੁਆਰਾ ਸ਼ਹੀਦ ਗੰਜ ਬੀ ਬਲਾਕ ਵਿਖੇ ਹੀ ਹੋਵੇਗਾ। ੨. ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ।

---

ਕਥਾ ਅਸਥਾਨ ਦਰਬਾਰ ਸਾਹਿਬ ਤਰਨਤਾਰਨ ਵਿਖੇ ਸਲਾਨਾ ਰੈਣਿ ਸਬਾਈ ਕੀਰਤਨ ੨੨ ਅਪ੍ਰੈਲ ਰਾਤ ਨੂੰ।
ਮਲੋਆ (ਚੰਡੀਗੜ੍ਹ) ਵਿਖੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ੮ ਅਪ੍ਰੈਲ ਰਾਤ ਨੂੰ।
ਮਾਸਿਕ ਰੈਣਿ ਸਬਾਈ ਕੀਰਤਨ ਗੁ: ਪਾਤਸ਼ਾਹੀ ਛੇਵੀ ਮੰਡੀ ਗੋਬਿੰਦਗੜ੍ਹ ਨੇੜੇ ਰੇਲਵੇ ਸਟੇਸ਼ਨ ੮ ਅਪ੍ਰੈਲ ਰਾਤ ਨੂੰ।

---

ਗੁਰਦੁਆਰਾ ਟਾਹਲੀ ਸਾਹਿਬ (ਸੰਤੋਖਸਰ) ਸ੍ਰੀ ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ
ਪੰਚਮ ਪਾਤਸ਼ਾਹ ਦੇ ਆਗਮਨ ਪੁਰਬ ਦੇ ਸੰਬੰਧ ਵਿਚ ੨੦ ਅਪ੍ਰੈਲ ਵੀਰਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ।

---

ਜਗਾਧਰੀ ਵਿਖੇ ਭਾਈ ਹਰਭਜਨ ਸਿੰਘ ਜੀ ਦੇ ਗ੍ਰਿਹ C-3/350 ਕਲਿਆਣ ਨਗਰ ਵਿਖੇ
੩੦ ਅਪ੍ਰੈਲ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਸਮਾਗਮ।

---

ਗੁ: ਸੰਤ ਭਾਈ ਸੁਹੇਲ ਸਿੰਘ ਜੀ ਨਵੀ ਬਸਤੀ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਸ੍ਰੀ ਅਖੰਡਪਾਠ ਤੇ ਰੈਣਿ ਸਬਾਈ ਕੀਰਤਨ
੨੯.੪.੯੫ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਿਹਰ ਤੱਕ ਕੀਰਤਨ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ।

---

ਗੁਰੂ ਹਰਗੋਬਿੰਦ ਸਾਹਿਬ ਜੀ ਦੇ 800 ਸਾਲਾ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਰੈਣਿ ਸਬਾਈ ਕੀਰਤਨ
੨੨ ਅਪ੍ਰੈਲ ਰਾਤ ਨੂੰ ਗੁ: ਛੇਵੀ ਪਾਤਸ਼ਾਹੀ ਨੇੜੇ ਸੀ. ਐਮ. ਸੀ ਹਸਪਤਾਲ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਣ ਹੋਣਗੇ।

---

ਪਿੰਡ ਬਤਰਾਣਾ (ਪਟਿਆਲਾ) ਵਿਖੇ ੬ ਮਈ ਭੋਗ ਅਖੰਡਪਾਠ ਉਪਰੰਤ ਕੀਰਤਨ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਸਮਾਗਮ

---

ਪਠਾਨਕੋਟ ਵਿਖੇ ਸਲਾਨਾ ਅਖੰਡਪਾਠ ਤੇ ਰੈਣਿ ਸਬਾਈ ਕੀਰਤਨ ਸਮਾਗਮ 8 ਮਈ ਤੋ ੭ ਮਈ ਸਵੇਰ ਤੱਕ।
ਗੁਰਦੁਆਰਾ ਸਾਹਿਬ, ਮੀਰਪੁਰ ਕਲੋਨੀ ਨੇੜੇ ਮਾਡਲ ਟਾਊਨ ਵਿਖੇ ੬ ਮਈ ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ। ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ।

---

ਘੱਲੂਘਾਰਾ (ਛੰਭ) ਕਾਹਨੂੰਵਾਨ (ਗੁਰਦਾਸਪੁਰ) ਵਿਖੇ ਛੋਟਾ ਘਲੂਘਾਰਾ ਦੀ ਯਾਦ ਵਿਚ ਸ੍ਰੀ ਅਖੰਡਪਾਠ ਸਾਹਿਬ ਤੇਰੈਣਿ ਸਬਾਈ ਕੀਰਤਨ।
੨੦ ਮਈ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਿਹਰ ਤੱਕ ਕੀਰਤਨ। ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।
੨੦ ਮਈ ਦੁਪਿਹਰੇ ਨਗਰ ਕੀਰਤਨ ੨ ਵਜੇ ਦੁਪਿਹਰ ਕਾਹਨੂੰਵਾਨ ਤੋ ਚੱਲ ਕੇ ੭ ਵਜੇ ਛੰਭ ਪਹੁੰਚੇਗਾ।

---

ਪਿੰਡ ਰੋੜਾ (ਖਰੜ) ਭਾਈ ਰਾਮਪ੍ਰਕਾਸ਼ ਸਿੰਘ ਦੇ ਗ੍ਰਿਹ ਵਿਖੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤੱਕ ਕੀਰਤਨ ੧ ਮਈ ੧੯੯੫ਨੂੰ।

---

ਹੁਸ਼ਿਆਰਪੁਰ ਵਿਖੇ ਸਲਾਨਾ ਸ਼ਹੀਦੀ ਗੁਰਪੁਰਬ ੩੦ ਮਈ ਤੋ ੩ ਜੂਨ ਸਵੇਰ ਤੱਕ

---

### ਯੂ. ਕੇ. ਵਿਖੇ 1978 ਦੇ ਸ਼ਹੀਦਾਂ ਦੀ ਯਾਦ ਵਿੱਚ ਸਲਾਨਾ ਸਮਾਗਮ 23-4-95 ਤੋਂ 30-4-95 ਤੱਕ

| | ਸਵੇਰੇ | | ਸ਼ਾਮ | |
|---|---|---|---|---|
| 23-4-95 | ---- | | 5.30 ਤੋ 7.00 ਤੱਕ | ਗੁ: ਲੀਮਿੰਗਟਨ ਸਪਾ |
| 24-4-95 | 6.40 ਤੋਂ 7.40 | ਗੁ: ਲੀਮਿੰਗਟਨ ਸਪਾ | 6.00 ਤੋ 7.30 ਤੱਕ | |
| 25-4-95 | 6.40 ਤੋਂ 7.40 | | 6.00 ਤੋਂ 7.30 ਤੱਕ | |
| 26-4-95 | 6.40 ਤੋਂ 7.40 | ਗੁ: ਰਾਮਗੜ੍ਹੀਆਂ Coventry ਵਿਖੇ | 6.00 ਤੋਂ 7.30 ਤੱਕ | |
| 27-4-95 | 6.40 ਤੋਂ 7.40 | | 6.00 ਤੋਂ 7.30 ਤੱਕ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ | |
| 28-4-95 | 6.40 ਤੋਂ 7.40 | ਸ੍ਰੀ ਗੁਰੂ ਸਿੰਘ ਸਭਾ ਕੇਰਸ ਰੋਡ Coventry | 6.00 ਤੋਂ 7.30 ਤੱਕ | ਸ੍ਰੀ ਗੁਰੂ ਸਿੰਘ ਸਭਾ ਕੇਰਸ ਰੋਡ Coventry |
| 29-4-95 | 6.40 ਤੋਂ 7.40 | | 7.00 ਭੋਗ ਸ੍ਰੀ ਅਖੰਡਪਾਠ ਸਾਹਿਬ ਉਪਰੰਤ ਸੋਦਰ ਤੇ ਕੀਰਤਨ ਰੈਣਿ ਸਬਾਈ ਅਰੰਭ ਗੁ: ਲੀਮਿੰਗਟਨ ਸਪਾ ਵਿਖੇ | |
| 30-4-95 | 6.00 ਵਜੇ ਭੋਗ ਰੈਣਿ ਸਬਾਈ ਕੀਰਤਨ | | | |

ਹੋਰ ਜਾਣਕਾਰੀ ਲਈ:- ਭਾਈ ਰਘਵੀਰ ਸਿੰਘ -0926-885466 ਭਾਈ ਜਗਿੰਦਰ ਸਿੰਘ 0926-883365 ਬੀਬੀ ਮਨਮੋਹਨ ਕੌਰ-883489

SURA (Monthly) KOTHI No. 12, BLOCK I, BHAI RANDHIR SINGH NAGAR, LUDHIANA 141001

www.AKJ.Org